ਮਾਸਿਕ

# ਸੀਸ ਗੰਜ

# SIS GANJ

Volume 60 April 2023 Issue 4 Rs. 5



ਸਿੰਘਾਂ ਵੱਲੋਂ ਦਿੱਲੀ ਫਤਿਹ

## ਇਸ ਮਹੀਨੇ ਦਾ ਵਿਚਾਰ

**ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥**
**ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥**
**ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ॥**
**ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥**
**ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ ॥**
**ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ ॥**
**ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ ॥**
**ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ ॥**
**ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥੩॥**

{ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ ੧੩੩ }

### : ਪਦ ਅਰਥ :

**ਵੈਸਾਖਿ** – ਵੈਸਾਖ ਵਿਚ । **ਕਿਉ ਧੀਰਨਿ** – ਕਿਵੇਂ ਧੀਰਜ ਕਰਨ? ਵਾਢਿਆ–ਪਤੀ ਤੋਂ ਵਿੱਛੁੜੀਆਂ ਹੋਈਆਂ । **ਬਿਛੋਹੁ** – ਵਿਛੋੜਾ । **ਪ੍ਰੇਮ ਬਿਛੋਹੁ** – ਪ੍ਰੇਮ ਦੀ ਅਣਹੋਂਦ । **ਮਾਇਆ ਧੋਹੁ** – ਧੋਹ ਰੂਪ ਮਾਇਆ, ਮਨ–ਮੋਹਣੀ ਮਾਇਆ । **ਕਲਤ੍ਰ** – ਇਸਤ੍ਰੀ । **ਪਲਚਿ** – ਫਸ ਕੇ, ਉਲਝ ਕੇ । **ਸਗਲੀ** – ਸਾਰੀ (ਸ੍ਰਿਸ਼ਟੀ) । **ਧੰਧੈ ਮੋਹੁ** – ਧੰਧੇ ਦਾ ਮੋਹ । **ਖੋਹਿ ਲਈਅਹਿ** – ਖੋਹੇ ਜਾਂਦੇ ਹਨ । **ਆਗੈ** – ਪਹਿਲਾਂ ਹੀ । **ਦਯੁ** – ਪਿਆਰਾ ਪ੍ਰਭੂ । **ਵਿਗੁਚਣਾ** – ਖ਼ੁਆਰ ਹੋਈਦਾ ਹੈ । **ਸੋਇ** – ਸੋਭਾ । **ਪਰਾਪਤਿ ਹੋਇ** – {पर्याप्तं–to one’s heart’s content} ਜਿਸ ਨਾਲ (ਮੇਰੇ) ਦਿਲ ਦੀ ਰੀਝ ਪੂਰੀ ਹੋ ਜਾਏ । **ਸੰਤੁ ਹਰਿ** – ਹਰੀ–ਸੰਤ । **ਭੇਟੈ** – ਮਿਲਿ ਪਏ ।

### : ਅਰਥ :


(ਵੈਸਾਖੀ ਵਾਲਾ ਦਿਨ ਹਰੇਕ ਇਸਤ੍ਰੀ ਮਰਦ ਵਾਸਤੇ ਰੀਝਾਂ ਵਾਲਾ ਦਿਨ ਹੁੰਦਾ ਹੈ, ਪਰ) ਵੈਸਾਖ ਵਿਚ ਉਹਨਾਂ ਇਸਤ੍ਰੀਆਂ ਦਾ ਦਿਲ ਕਿਵੇਂ ਖਲੋਵੇ ਜੋ ਪਤੀ ਤੋਂ ਵਿੱਛੁੜੀਆਂ ਪਈਆਂ ਹਨ, ਜਿਨ੍ਹਾਂ ਦੇ ਅੰਦਰ ਪਿਆਰ (ਦੇ ਪ੍ਰਗਟਾਵੇ) ਦੀ ਅਣਹੋਂਦ ਹੈ, (ਇਸ ਤਰ੍ਹਾਂ ਉਸ ਜੀਵ ਨੂੰ ਧੀਰਜ ਕਿਵੇਂ ਆਵੇ ਜਿਸ ਨੂੰ) ਸੱਜਣ–ਪ੍ਰਭੂ ਵਿਸਾਰ ਕੇ ਮਨ–ਮੋਹਣੀ ਮਾਇਆ ਚੰਬੜੀ ਹੋਈ ਹੈ?

ਨਾਹ ਪੁਤ੍ਰ, ਨਾਹ ਇਸਤ੍ਰੀ, ਨਾਹ ਧਨ, ਕੋਈ ਭੀ ਮਨੁੱਖ ਦੇ ਨਾਲ ਨਹੀਂ ਨਿਭਦਾ ਇਕ ਅਬਿਨਾਸੀ ਪਰਮਾਤਮਾ ਹੀ ਅਸਲ ਸਾਥੀ ਹੈ । ਨਾਸਵੰਤ ਧੰਧੇ ਦਾ ਮੋਹ (ਸਾਰੀ ਲੁਕਾਈ ਨੂੰ ਹੀ) ਵਿਆਪ ਰਿਹਾ ਹੈ, (ਮਾਇਆ ਦੇ ਮੋਹ ਵਿਚ) ਮੁੜ ਮੁੜ ਫਸ ਕੇ ਸਾਰੀ ਲੁਕਾਈ ਹੀ (ਆਤਮਕ ਮੌਤੇ) ਮਰ ਰਹੀ ਹੈ । ਇਕ ਪਰਮਾਤਮਾ ਦਾ ਨਾਮ ਸਿਮਰਨ ਤੋਂ ਬਿਨਾ ਹੋਰ ਜਿਤਨੇ ਭੀ ਕਰਮ ਇਥੇ ਕਰੀਦੇ ਹਨ, ਉਹ ਸਾਰੇ ਮਰਨ ਤੋਂ ਪਹਿਲਾਂ ਹੀ ਖੋਹ ਲਏ ਜਾਂਦੇ ਹਨ (ਭਾਵ, ਉਹ ਉੱਚੇ ਆਤਮਕ ਜੀਵਨ ਦਾ ਅੰਗ ਨਹੀਂ ਬਣ ਸਕਦੇ) ।

ਪਿਆਰ–ਸਰੂਪ ਪ੍ਰਭੂ ਨੂੰ ਵਿਸਾਰ ਕੇ ਖੁਆਰੀ ਹੀ ਹੁੰਦੀ ਹੈ, ਪਰਮਾਤਮਾ ਤੋਂ ਬਿਨਾ ਜਿੰਦ ਦਾ ਹੋਰ ਕੋਈ ਸਾਥੀ ਹੀ ਨਹੀਂ ਹੁੰਦਾ । ਪ੍ਰਭੂ ਪ੍ਰੀਤਮ ਦੀ ਚਰਨੀਂ ਜੇਹੜੇ ਬੰਦੇ ਲਗਦੇ ਹਨ, ਉਹਨਾਂ ਦੀ (ਲੋਕ ਪਰਲੋਕ ਵਿਚ) ਭਲੀ ਸੋਭਾ ਹੁੰਦੀ ਹੈ ।

ਹੇ ਪ੍ਰਭੂ! (ਤੇਰੇ ਦਰ ਤੇ) ਮੇਰੀ ਬੇਨਤੀ ਹੈ ਕਿ ਮੈਨੂੰ ਤੇਰਾ ਦਿਲ–ਰੱਜਵਾਂ ਮਿਲਾਪ ਨਸੀਬ ਹੋਵੇ । (ਰੁੱਤ ਫਿਰਨ ਨਾਲ ਚੁਫੇਰੇ ਬਨਸਪਤੀ ਪਈ ਸੁਹਾਵਣੀ ਹੋ ਜਾਏ, ਪਰ) ਜਿੰਦ ਨੂੰ ਵੈਸਾਖ ਦਾ ਮਹੀਨਾ ਤਦੋਂ ਹੀ ਸੋਹਣਾ ਲੱਗ ਸਕਦਾ ਹੈ ਜੇ ਹਰੀ ਸੰਤ–ਪ੍ਰਭੂ ਮਿਲ ਪਏ ।੩।

ਟੀਕਾਕਾਰ : ਭਾਈ ਸਾਹਿਬ ਸਿੰਘ ਜੀ




ਜਿਲਦ 60 – ਨੰਬਰ 4
ਅਪ੍ਰੈਲ 2023 – ਚੇਤ / ਵੈਸਾਖ 2079

ਐਡੀਟੋਰੀਅਲ ਬੋਰਡ :
ਸ. ਹਰਮੀਤ ਸਿੰਘ ਕਾਲਕਾ
ਸ. ਜਗਦੀਪ ਸਿੰਘ ਕਾਹਲੋਂ
ਸ. ਹਰਵਿੰਦਰ ਸਿੰਘ ਕੇ.ਪੀ.
ਸ. ਆਤਮਾ ਸਿੰਘ ਲੁਬਾਣਾ
ਸ. ਜਸਮੇਨ ਸਿੰਘ ਨੋਨੀ

ਮੁੱਖ ਸੰਪਾਦਕ :
ਸ. ਹਰਮੀਤ ਸਿੰਘ ਕਾਲਕਾ

ਸੰਪਾਦਕ :
ਸ. ਪਰਮਜੀਤ ਸਿੰਘ ਰਾਣਾ

ਸਹਿ-ਸੰਪਾਦਕ :
ਸ. ਜਸਪ੍ਰੀਤ ਸਿੰਘ ਕਰਮਸਰ
ਡਾ. ਮਨਪ੍ਰੀਤ ਸਿੰਘ

ਪ੍ਰਿੰਟਰ ਤੇ ਪਬਲੀਸ਼ਰ
ਸ. ਧਰਮਿੰਦਰ ਸਿੰਘ ਜਨਰਲ ਮੈਨੇਜਰ

'ਸੀਸ ਗੰਜ' ਮਾਸਕ ਵਿੱਚ ਪ੍ਰਕਾਸ਼ਤ ਲੇਖਾਂ ਵਿੱਚ ਪ੍ਰਗਟ ਕੀਤੇ ਗਏ ਵਿਚਾਰਾਂ ਅਤੇ ਖੋਜਾਂ ਨਾਲ ਸੰਪਾਦਕ ਅਤੇ ਐਡੀਟੋਰੀਅਲ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। ਇਹ ਵਿਚਾਰ ਉਨ੍ਹਾਂ ਦੇ ਨਿੱਜੀ ਹਨ। ਸਭ ਵਾਦ-ਵਿਵਾਦ ਦਿੱਲੀ ਕੋਰਟ ਵਿੱਚ ਹੀ ਨਿਪਟਾਏ ਜਾਣਗੇ।

Printer and Publisher Dharminder Singh – General Manager for Delhi Sikh Gurdwara Management Committee composed and printed at Gurupdesh Printers, Guru Granth Sahib Bhawan, Gurdwara Rakab Ganj Sahib and published from office, Guru Gobind Singh Bhawan, Gurdwara Rakab Ganj Sahib, New Delhi – 110001.

Email : dsgmcdelhi@gmail.com
Website : www.dsgmc.in
Phone : +91 11 23712580-81-82
+91 11 23737328-29
Extn. : 104

Total Pages : 1 to 64 (With Cover)

## ਸੀਸ ਗੰਜ ਦੇ ਇਸ ਅੰਕ 'ਚ

4 ਸੰਪਾਦਕੀ
ਸ. ਹਰਮੀਤ ਸਿੰਘ ਕਾਲਕਾ

5 ਖ਼ਾਲਸਾ ਸਾਜਨਾ ਦਿਵਸ
ਡਾ. ਮਨਪ੍ਰੀਤ ਸਿੰਘ



7 ਅਮਰ ਸ਼ਹੀਦ ਅਕਾਲੀ ਫੂਲਾ ਸਿੰਘ ਜੀ
ਸ. ਰਜਿੰਦਰ ਸਿੰਘ ਜੌਲੀ




16 ਸਰਦਾਰ ਜੱਸਾ ਸਿੰਘ ਰਾਮਗੜ੍ਹੀਆ
ਡਾ. ਜਸਬੀਰ ਸਿੰਘ ਸਰਨਾ




18 .....ਭਾਈ ਮਰਦਾਨਾ ਜੀ.....
ਡਾ. ਜਸਵਿੰਦਰ ਸਿੰਘ ਭੁੱਲਰ



32 ਸਿੱਖ ਸਜ ਕੇ ਬੰਦਾ ਸਿੰਘ ਹੋ ਗਿਆ
ਕਮੋਡੋਰ ਗੁਰਨਾਮ ਸਿੰਘ



36 ਤਨ ਮਹਿ ਮਨੂਆ ਮਨ ਮਹਿ ਸਾਚਾ
ਸ. ਜੋਗਿੰਦਰ ਸਿੰਘ ਸੇਠੀ



40 ਪੁਰਾਤਨ ਕੀਰਤਨ ਸ਼ੈਲੀ ਦੀ ਸੰਭਾਲ.....
ਸ. ਤੀਰਥ ਸਿੰਘ ਢਿੱਲੋਂ

42 ਜ਼ਫ਼ਰਨਾਮਾਹ
ਸ. ਰਜਿੰਦਰ ਸਿੰਘ ਜੌਲੀ

44 ਕਲਜੁਗ ਅੰਦਰ ਮਨੁੱਖ ਦਾ ਸਰੂਪ
ਡਾ. ਸਮਸ਼ੇਰ ਸਿੰਘ

50 ਵਿਗੜਦਾ ਕਿਰਦਾਰ ਪੰਜਾਬ
ਡਾ. ਅਮਨਪ੍ਰੀਤ ਸਿੰਘ

51 ਸਰਗਰਮੀਆਂ
ਧਰਮ ਪ੍ਰਚਾਰ ਤੇ ਦਿੱ.ਸਿ.ਗੁ.ਪ੍ਰ. ਕਮੇਟੀ

55 ਚਿੱਠਾ ਆਮਦਨ ਖ਼ਰਚ
ਅਕਾਊਂਟਸ ਵਿਭਾਗ

57 ਸਿੱਖ ਇਤਿਹਾਸਕ ਘਟਨਾਵਾਂ
ਧਰਮ ਪ੍ਰਚਾਰ ਕਮੇਟੀ

# ਸੰਤ ਸਿਪਾਹੀ ਦੀ ਸਾਂਝ ਇੱਕ ਵਿਲੱਖਣ ਜੀਵਨ ਅਦਰਸ਼

ਆਮ ਤੌਰ 'ਤੇ ਇਹ ਸਵੀਕਾਰਿਆ ਜਾਂਦ ਹੈ ਕਿ 'ਖ਼ਾਲਸੇ' ਅਰਥਾਤ 'ਸੰਤ ਸਿਪਾਹੀ' ਦੀ ਸਿਰਜਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ। ਜਾਦੂਨਾਥ ਸਰਕਾਰ ਤਾਂ ਇੱਥੋਂ ਤੱਕ ਆਖ ਜਾਂਦਾ ਹੈ 'ਖ਼ਾਲਸਾ ਸਾਜਨੇ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਦ ੀਆਂ ਮਨੁੱਖੀ ਸ਼ਕਤੀਆਂ ਨੂੰ ਹੋਰ ਪਾਸਿਆਂ ਤੋਂ ਹਟਾ ਕੇ ਇਕ ਵਿਸ਼ੇਸ਼ ਲੀਹਾਂ ਉੱਤੇ ਪਾ ਦਿੱਤਾ। ਜਿਸ ਦਾ ਨਤੀਜਾ ਇਹ ਹੋਇਆ ਕਿ ਸਿੱਖ ਸਰਵ-ਗੁਣ ਸੰਪੂਰਨ ਨਾ ਰਹੇ। ਗੁਰੂ ਸਾਹਿਬ ਨੇ ਸਿੱਖਾਂ ਦੀ ਪਰਮਾਰਥਕ ਏਕਤਾ ਅਤੇ ਧਾਰਮਿਕ ਸੰਗਠਨ ਨੂੰ ਸਫ਼ਲਤਾ ਅਤੇ ਰਾਜਸੀ ਉੱਨਤੀ ਦਾ ਸਾਧਨ ਬਣਾ ਲਿਆ। ਜਿਸ ਦਾ ਸਿੱਟਾ ਇਹ ਨਿਕਲਿਆ ਕਿ ਸਿੱਖਾਂ ਦੀ ਸਦੀਆਂ ਤੋਂ ਹੋ ਰਹੀ ਸਦਾਚਾਰਕ ਅਤੇ ਆਤਮਕ ਉੱਨਤੀ ਇਕਦਮ ਰੁੱਕ ਗਈ ਤੇ ਉਹ ਕੇਵਲ ਸਿਪਾਹੀ ਹੀ ਬਣ ਕੇ ਰਹਿ ਗਏ।

ਜਦ ਕਿ ਇਸ ਦੇ ਵਿਰੁੱਧ ਮੋਲਕ ਚੰਦ ਨਾਰੰਗ ਲਿਖਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਪੂਰਨਿਆਂ ਉੱਪਰ ਹੀ ਗੁਰੂ ਗੋਬਿੰਦ ਸਿੰਘ ਜੀ ਰਹੇ ਸਨ। ਇਸ ਨੇ ਹੋਰ ਲਿਖਿਆ, ਜਿਸ ਤੇਗ ਨੇ ਖ਼ਾਲਸੇ ਦੀ ਸ਼ਾਨ ਫੈਲਾਈ, ਇਹ ਜ਼ਰੂਰ ਹੈ ਕਿ ਉਸ ਨੂੰ ਤਿਆਰ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ, ਪਰ ਫੌਲਾਦ ਗੁਰੂ ਗੋਬਿੰਦ ਸਿੰਘ ਜੀ ਹੀ ਕਮਾ ਕੇ ਦੇ ਪਏ ਸਨ। ਜਿਸ ਬੂਟੇ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਫਲ ਲੱਗੇ ਉਸ ਦੀ ਬਿਜਾਈ ਗੁਰੂ ਨਾਨਕ ਦੇਵ ਜੀ ਨੇ ਤੇ ਸਿੰਚਾਈ ਦੂਸਰੇ ਗੁਰੂ ਸਾਹਿਬਾਨ ਨੇ ਕੀਤੀ ਸੀ।

ਜੇ ਅਸੀਂ ਗੁਰੂ ਸਾਹਿਬਾਨ ਦੇ ਜੀਵਨ ਇਤਿਹਾਸ ਨੂੰ ਗਹੁ ਨਾਲ ਪੜ੍ਹੀਏ ਅਤੇ ਸਮਝੀਏ ਤਾਂ ਇਹ ਗੱਲ ਸਪੱਸ਼ਟ ਰੂਪ ਵਿਚ ਉਜਾਗਰ ਹੋ ਕੇ ਸਾਹਮਣੇ ਆ ਜਾਂਦੀ ਹੈ ਕਿ 'ਖ਼ਾਲਸੇ' ਦੀ ਸਿਰਜਨਾ ਦੀ ਨੀਂਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਸੇ ਸਮੇਂ ਕਰ ਦਿੱਤੀ ਜਦੋਂ ਉਨ੍ਹਾਂ ਨੇ ਆਪਣੇ ਨਾਲ ਜੁੜਨ ਲਈ ਅੱਗੇ ਆਉਣ ਵਾਲਿਆਂ ਨੂੰ ਸਪੱਸ਼ਟ ਰੂਪ ਨਾਲ ਚਿਤਾਵਨੀ ਦੇਂਦਿਆਂ ਕਿਹਾ :

**ਜਉ ਤਉ ਪ੍ਰੇਮ ਖੇਲਣ ਕਾ ਚਾਉ॥**
**ਸਿਰੁ ਧਰਿ ਤਲੀ ਗਲੀ ਮੇਰੀ ਆਉ॥**
**ਇਤੁ ਮਾਰਗਿ ਪੈਰੁ ਧਰੀਜੈ॥**
**ਸਿਰ ਦੀਜੈ ਕਾਣਿ ਨਾ ਕੀਜੈ॥**

ਇਸ ਤੋਂ ਉਪਰੰਤ ਗੁਰੂ ਅਰਜਨ ਦੇਵ ਜੀ ਨੂੰ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਦੀ ਇਸ ਮਾਨਤਾ ਦੀ ਪੁਸ਼ਟੀ ਕਰਦਿਆਂ ਕਿਹਾ-

**ਪਹਿਲਾ ਮਰਣੁ ਕਬੂਲਿ ਜੀਵਨ ਕੀ ਛਡਿ ਆਸ॥**
**ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥**

ਫੇਰ ਅਸੀਂ ਇਹ ਵੀ ਵੇਖਦੇ ਆ ਹਾਂ, ਸਿੱਖਾਂ ਵਿਰੁੱਧ ਜੰਗ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਅਗਵਾਈ ਵਿਚ ਲੜੀ ਤੇ ਜਿੱਤ ਪ੍ਰਾਪਤ ਕੀਤੀ। ਇਤਿਹਾਸ ਗਵਾਹ ਹੈ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਮੁਗਲਾਂ ਨੇ ਚਾਰ ਹਮਲੇ ਉਨ੍ਹਾਂ ਪਰ ਕੀਤੇ ਗਏ ਕਿ ਜਿਨ੍ਹਾਂ ਦਾ ਮੂੰਹ ਤੋੜਵਾਂ ਜਵਾਬ ਗੁਰੂ ਸਾਹਿਬ ਦੀ ਅਗਵਾਈ ਵਿਚ ਸਿੱਖਾਂ ਨੇ ਦਿੱਤਾ।

ਇਤਿਹਾਸ ਦੀਆਂ ਇਹ ਲੜਾਈਆਂ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਤੱਕ ਸਿੱਖੀ ਦੇ ਆਪਣੇ ਮਜ਼ਬੂਤ ਪੈਰਾਂ 'ਤੇ ਖੜਿਆਂ ਕੀਤਾ। ਇਹ ਵੀ ਇਤਿਹਾਸਕ ਸਚਾਈ ਹੈ ਕਿ 1699 ਦੀ ਵਿਸਾਖੀ ਤੱਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਗਵਾਈ ਵਿਚ ਵੀ ਸਿੱਖ ਕੁਝ ਲੜਾਈਆਂ ਵਿਚ ਆਪਣੇ ਆਤਮ ਵਿਸ਼ਵਾਸ ਦੇ ਜੋਹਰ ਵਿਖਾ ਚੁਕੇ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਸੰਤ-ਸਿਪਾਹੀ 'ਖ਼ਾਲਸੇ' ਦੀ ਸਿਰਜਨਾਂ ਨੂੰ ਸੰਪੂਰਨਤਾ ਬਖਸ਼ੀ। ਜਿਸ ਦੀ ਨੀਂਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੱਖੀ ਸੀ।

ਇਹ ਜ਼ਰੂਰ ਹੈ ਕਿ ਖ਼ਾਲਸੇ ਦੀ ਸਿਰਜਨਾ ਸੰਪੂਰਨ ਕਰ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਸਥਾਪਤ '**ਸਿਰ ਦੀਜੈ ਕਾਣਿ ਨਾ ਕੀਜੈ**' ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਕੀਤੀ ਪੁਸ਼ਟੀ '**ਪਹਿਲਾ ਮਰਣੁ ਕਬੂਲਿ ਜੀਵਨ ਦੀ ਛਡਿ ਆਸ॥ ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੇ ਪਾਸਿ॥**' ਦੀ ਸੋਚ ਦੇ ਸਿੱਖਾਂ ਵਿਚ ਆ ਘਰ ਕਰ ਜਾਣ ਦੀ ਕਠਿਨ ਪ੍ਰੀਖਿਆ 'ਸਿਰ ਦੇਣ' ਦੀ ਮੰਗ ਕਰ ਦੇਣ ਦੀ! ਇਸ ਪ੍ਰੀਖਿਆ ਵਿਚ 'ਪੰਜ ਸਿੱਖ' ਪਾਸ ਹੋਏ ਜਿਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ '**ਪੰਚ ਪਰਵਾਣ ਪੰਚ ਪਰਧਾਨ**' ਦੇ ਆਦਰਸ਼ ਨੂੰ ਸਾਕਾਰ ਕਰ ਕੇ ਵਿਖਾ ਦਿੱਤਾ।

ਇਕ ਗੱਲ ਸਪੱਸ਼ਟ ਰੂਪ ਵਿਚ ਸਮਝ ਲੈਣੀ ਜ਼ਰੂਰ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਖ਼ਾਲਸੇ ਦੀ ਸਿਰਜਨਾ ਨੂੰ ਸੰਪੂਰਨਤਾ ਬਖਸ਼ੀ, ਉਹ ਕੇਵਲ ਜਬਰ ਜ਼ੁਲਮ ਅਤੇ ਅਨਿਆਏ ਦੇ ਵਿਰੁੱਧ ਜੂਝਣ ਵਾਲਾ ਸਿਪਾਹੀ ਹੀ ਨਹੀਂ ਸਗੋਂ ਨਾਮ ਜਪਣ ਕਿਰਤ ਕਰ ਵੰਡ ਛਕਣ ਵਾਲਾ ਸੰਤ ਵੀ ਹੈ, ਇਸ ਲਈ ਖ਼ਾਲਸਾ ਦਸਾਂ ਗੁਰੂ ਸਾਹਿਬਾਂ ਦੇ ਜੋਤ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਸਮਰਪਿਤ ਹੈ, ਉਨ੍ਹਾਂ ਤੋਂ ਅਗਵਾਈ ਅਤੇ ਮਾਰਗ ਦਰਸ਼ਨ ਪ੍ਰਾਪਤ ਕਰ, ਬਿਨਾਂ ਕਿਸੇ ਹੋਰ 'ਤੇ ਟੇਕ ਰੱਖੇ ਉਹ ਆਪ ਹਰ ਪੀੜਾ ਅਤੇ ਸੰਕਟ ਦਾ ਸਾਹਮਣਾ ਕਰਨ ਦੇ ਸਮਰਥ ਹੈ। ਲੋੜ ਹੈ ਤਾਂ ਕੇਵਲ ਆਪਣੀ ਇਸ ਅੰਤਰਮੁਖੀ ਸ਼ਕਤੀ ਨੂੰ ਜਾਗਰੁਕ ਰੱਖਣ ਦੀ।

- ਹਰਮੀਤ ਸਿੰਘ ਕਾਲਕਾ
ਪ੍ਰਧਾਨ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

# ਖ਼ਾਲਸਾ ਸਾਜਨਾ ਦਿਵਸ

ਸੰਨ 1699 ਦੀ ਵਿਸਾਖੀ ਦਾ ਦਿਨ ਦਸਮ ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਿਰਜੇ ਖਾਲਸਾ ਪੰਥ ਕਾਰਨ ਦੁਨੀਆਂ ਦੇ ਇਤਿਹਾਸ ਅੰਦਰ ਇਕ ਨਿਵੇਕਲਾ ਅਧਿਆਇ ਸਿਰਜ ਗਿਆ। ਇਹ ਇਸ ਖ਼ਾਲਸੇ ਦੇ ਪ੍ਰਗਟ ਦਿਹਾੜੇ ਦੀ ਇਕ ਨਿਰਾਲੀ ਯਾਦ ਵਜੋਂ ਸਿੱਖ ਇਤਿਹਾਸ ਅੰਦਰ ਸਦਾ ਤਾਜ਼ਾ ਹੈ।

ਗੁਰੂ ਪਾਤਿਸ਼ਾਹ ਵੱਲੋਂ ਖਾਲਸਾ ਸਿਰਜਣ ਦੇ ਅਦੁੱਤੀ ਕਾਰਜ ਨੇ ਸਦੀਆਂ ਤੋਂ ਲਤਾੜੇ, ਗੁਲਾਮੀ ਵਾਲਾ ਜੀਵਨ ਜੀਅ ਰਹੇ ਲੋਕਾਂ ਨੂੰ ਆਤਮ ਵਿਸ਼ਵਾਸੀ ਬਣਾ ਕੇ ਸੰਪੂਰਨ-ਮਨੁੱਖ ਦੀ ਸਿਖਰਲੀ ਪੌੜੀ ’ਤੇ ਪਹੁੰਚਾ ਦਿੱਤਾ।



ਇਤਿਹਾਸ ਅੰਦਰ ਇਹ ਦਿਨ ਅਨੋਖਾ ਨਜ਼ਾਰਾ ਪੇਸ਼ ਕਰਨ ਵਾਲਾ ਵੀ ਹੈ, ਕਿਉਂਕਿ ਇਸ ਦਿਨ ਜਿੱਥੇ ਇਕ ਪਾਸੇ ਗੁਰੂ ਜੀ ਵੱਲੋਂ ਸਾਜੇ ਗਏ ਪੰਜ ਪਿਆਰੇ ਗੁਰੂ ਸਾਹਿਬ ਜੀ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਨਿਹਾਲ ਹੋ ਰਹੇ ਹਨ ਅਤੇ ਬਾਣੀ ਦੇ ਸਿਧਾਂਤ ਨੂੰ ਵਰਤਦਾ ਹੋਇਆ ਮਹਿਸੂਸ ਕਰ ਰਹੇ ਹਨ ਕਿ

**ਐਸੀ ਲਾਲ ਤੁਝ ਬਿਨੁ ਕਉਨੁ ਕਰੈ॥**
**ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ॥**

ਜਿਨ੍ਹਾਂ ਦੀ ਸਮਾਜ ਵਿਚ ਨੀਂਵੀ ਜ਼ਾਤ ਕਾਰਨ ਕੋਈ ਬਾਤ ਨਹੀਂ ਸੀ ਪੁੱਛਦਾ ਅੱਜ ਅਨੰਦਾ ਦੀ ਪੁਰੀ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਸਾਰੀਆਂ ਸਮਾਜਿਕ ਉਚ-ਨੀਚ, ਛੋਟਾ-ਵੱਡਾ ਵਾਲੀਆਂ ਮਾਨਸਿਕ ਬਿਮਾਰੀ ਨੂੰ ਪਛਾੜ ਕੇ ਸਮਾਜ ਵਿਚ ਸਭ ਨੂੰ ਬਰਾਬਰ ਦੀ ਨਜ਼ਰ ਨਾਲ ਵੇਖਣ ਵਾਲਾ ਖ਼ਾਲਸਾ ਸਿਰਜ ਦਿੱਤਾ ਹੈ।

**ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀਂ ਢਰੈ॥**
**ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥**

ਉਥੇ ਹੀ ਦੂਸਰੇ ਪਾਸੇ ਗੁਰੂ ਸਾਹਿਬ ਜੀ ਨੇ ਵੀ ਪੰਜਾ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਅਤੇ ਗੁਰੂ ਤੇ ਚੇਲੇ ਦਾ ਅਜਿਹਾ ਨਵਾਂ ਰੂਪ ਪ੍ਰਗਟ ਕੀਤਾ, ਜਿਸ ਵਿਚ ਗੁਰੂ-ਚੇਲੇ ’ਚ ਕੋਈ ਭਿਨ-ਭੇਦ ਨਹੀਂ ਰਹਿਣ ਦਿੱਤਾ। ਭਾਈ ਗੁਰਦਾਸ ਜੀ ਦੇ ਬਚਨਾਂ ਵਿਚ ਇਸ ਦਾ ਖੂਬਸੂਰਤ ਚਿਤਰਣ ਇਸ ਤਰ੍ਹਾਂ ਹੈ। ‘**ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥**’ ਸਤਿਗੁਰੂ ਜੀ ਨੇ ਇਸ ਕਾਰਜ ਦੀ ਸੰਪੂਰਨਤਾ ਲਈ ਸਮੇਂ ਦੀ ਰਾਜਸੀ, ਸਮਾਜਿਕ ਅਤੇ ਧਾਰਮਿਕ ਪੜਚੋਲ ਤੋਂ ਪਿੱਛੋਂ 1699 ਦੀ ਵਿਸਾਖੀ ਦੇ ਇਕੱਠ ਵਿਚ ਪੰਜ ਸਿਰਾਂ ਦੀ ਮੰਗ ਕੀਤੀ ਅਤੇ ਆਪ ਜੀ ਦੇ ਹੁਕਮ ਨੂੰ ਮੰਨਦਿਆਂ ਮਰਜੀਵੜਿਆਂ ਨੇ ਵਾਰੋ-ਵਾਰੀ ਸੀਸ ਭੇਟ ਕੀਤੇ।

ਸਤਿਗੁਰੂ ਜੀ ਨੇ ਇਨ੍ਹਾਂ ਪੰਜਾਂ ਨੂੰ ਅੰਮ੍ਰਿਤ ਛਕਾ ਕੇ ਪੰਜ ਪਿਆਰਿਆਂ ਦੀ ਉਪਾਧੀ ਬਖ਼ਸ਼ੀ। ਸਤਿਗੁਰਾਂ ਨੇ ਇਨ੍ਹਾਂ ਦੇ ਨਾਮ

ਨਾਲ 'ਸਿੰਘ' ਲਗਾਇਆ ਅਤੇ ਬਚਨ ਕੀਤਾ ਕਿ ਅੱਜ ਤੋਂ ਤੁਹਾਡਾ ਨਵਾਂ ਜਨਮ ਹੋਇਆ ਹੈ, ਤੇ ਤੁਹਾਡੀਆਂ ਪਿਛਲੀਆਂ ਜ਼ਾਤਾਂ ਗੋਤਾਂ ਖਤਮ ਤੇ ਤੁਸੀਂ ਵਾਹਿਗੁਰੂ ਜੀ ਦਾ ਖਾਲਸਾ ਹੋ। ਖਾਲਸਾ ਸਾਜਨਾ ਗੁਰੂ ਪਾਤਿਸ਼ਾਹ ਜੀ ਦਾ ਇਕ ਮਹਾਨ ਕਾਰਜ ਸੀ। ਇਸ ਨੂੰ ਵਿਦਵਾਨ ਇਕ ਅਦਬੁੱਧ ਕ੍ਰਾਂਤੀਕਾਰੀ ਤੇ ਇਤਿਹਾਸਕ ਕਦਮ ਦੱਸਦੇ ਹੋਏ ਲਿਖਦੇ ਹਨ।

ਡਾ. ਗੰਡਾ ਸਿੰਘ ਅਨੁਸਾਰ 'ਗਉਆਂ' ਸ਼ੇਰ ਬਣ ਗਈਆਂ ਅਤੇ ਵੱਡ ਖਾਣੇ ਜਾਨਵਰਾਂ ਦਾ ਹੁਣ ਕੋਈ ਖਤਰਾ ਨਾ ਰਿਹਾ। ਡਾ. ਜੇ. ਐਸ. ਗਰੇਵਾਲ ਅਨੁਸਾਰ ਖਾਲਸੇ ਦੀ ਸਿਰਜਣਾ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਥ ਨੂੰ ਬਾਹਰ ਦੀ ਦਖ਼ਲਅੰਦਾਜ਼ੀ ਨੂੰ ਸ਼ਕਤੀ ਨਾਲ ਰੋਕਣ ਦੇ ਯੋਗ ਬਣਾ ਦਿੱਤਾ। ਸਿੱਖਾਂ ਨੂੰ ਜੀਵਨ ਬਲੀਦਾਨ ਕਰਕੇ ਆਪਣੇ ਅਧਿਕਾਰਾਂ ਦੀ ਰਾਖੀ ਦਾ ਰਾਹ ਦੱਸਿਆ।

ਡਾ. ਗੋਕਲ ਚੰਦ ਨਾਰੰਗ ਅਨੁਸਾਰ ਜ਼ਾਤ-ਪਾਤ ਤੋੜ ਕੇ ਸਾਰਿਆਂ ਨੂੰ ਇਕੋ ਜਿਹੇ ਹਦੂਦ ਦੇ ਕੇ ਇਕੋ ਪੂਜਾ ਅਸਥਾਨ ਅਤੇ ਇੱਕ ਬਾਟੇ 'ਚ ਸਾਰੀਆਂ ਜਾਤਾਂ ਨੂੰ ਅੰਮ੍ਰਿਤ ਛਕਾ ਕੇ ਸਾਰਿਆਂ ਨੂੰ ਇਕੋ ਜਿਹੀ ਰਹਿਤ-ਮਰਿਯਾਦਾ ਦੇ ਕੇ ਸਾਂਝੇ ਆਦਰਸ਼ਾਂ ਲਈ ਇਕੱਠਾ ਕਰ ਸਿੱਖਾਂ ਵਿਚ ਨਾ ਭੰਗ ਹੋਣ ਵਾਲੀ ਏਕਤਾ ਪੈਦਾ ਕੀਤੀ ਅਤੇ ਇਕ ਲੜੀ 'ਚ ਪਿਰੋ ਦਿੱਤਾ।

ਖ਼ਾਲਸੇ ਦੀ ਸਿਰਜਣਾ ਆਗਾਜ਼ ਤੋਂ ਹੀ ਸਮੇਂ ਦੀਆਂ ਸਰਕਾਰਾਂ ਦੀਆਂ ਅੱਖਾਂ ਵਿਚ ਰੜਕਦੀ ਆਈ ਹੈ, ਅੱਜ ਵੀ ਅਤੇ ਰਹਿੰਦੇ ਸਮੇਂ ਤਕ ਸਰਕਾਰਾਂ ਨੂੰ ਸਿੰਘਾਂ ਦੇ ਅੰਮ੍ਰਿਤਪਾਨ ਤੋਂ ਨਫਰਤ ਅਤੇ ਖਤਰੇ ਦਾ ਪ੍ਰਗਟਾਵਾ ਹੀ ਇਨ੍ਹਾਂ ਦੀ ਮਾਨਸਿਕਤਾ ਵਿੱਚੋਂ ਦਿੱਸਦਾ ਹੈ। ਮੌਜੂਦਾ ਧਰਮਾਂ ਦਾ ਜ਼ਾਤ-ਪਾਤ ਵਾਲਾ ਵਿਤਕਰਾ ਅਤੇ ਸਮਾਜ ਵਿਚ ਸਿਆਸੀ ਤੌਰ 'ਤੇ ਲੋਕਾਈ ਨੂੰ ਸੁਚੇਤ ਨਾ ਹੋਣ ਦੇਣ ਵਾਲੀ ਬਿਰਤੀ ਨੂੰ ਹਮੇਸ਼ਾਂ ਖ਼ਾਲਸੇ ਦੀ ਸਿਰਜਣਾ ਅਤੇ ਚੜ੍ਹਦੀਕਲਾ ਚੁੱਭਦੀ ਰਹੇਗੀ ਪਰ ਗੁਰੂ ਪਾਤਿਸ਼ਾਹ ਵੱਲੋਂ ਸੰਪੂਰਨ ਮਨੁੱਖ ਦੀ ਸਿਰਜਣਾ ਸਮਾਜ ਨੂੰ ਸੰਪੂਰਨ ਅਤੇ ਬਰਾਬਰਤਾ ਦੇ ਸਿਧਾਂਤ ਵੱਲ ਲੈ ਕੇ ਜਾਂਦੀ ਹੈ।

ਇਸ ਇਤਿਹਾਸਕ ਦਿਨ ਦੀ ਸੰਗਤਾਂ ਨੂੰ ਮੁਬਾਰਕਾਂ ਅਤੇ ਬੇਨਤੀ ਹੈ ਆਉ ਖੰਡੇ ਬਾਟੇ ਦੀ ਪਾਹੁਲ ਛੱਕ ਕੇ, ਗੁਰਮਤਿ ਦੇ ਧਾਰਨੀ ਬਣੀਏ ਅਤੇ 'ਧਰਮ ਦਾ ਜੈਕਾਰ' ਨੂੰ ਸਾਕਾਰ ਕਰੀਏ।

– ਗੁਲਾਮ ਗੁਰੂ ਕਾ
ਡਾ. ਮਨਪ੍ਰੀਤ ਸਿੰਘ
ਸਹਿ-ਸੰਪਾਦਕ ਸੀਸ ਗੰਜ ਮੈਗਜ਼ੀਨ

ੴ ਵਾਹਿਗੁਰੂ ਜੀ ਕੀ ਫ਼ਤਹਿ ॥

## ਜ਼ਫ਼ਰਨਾਮਾ

**ਕਿ ਅਜਬਸਤੁ ਇਨਸਾਫ਼ੋ ਦੀਂ ਪਰਵਰੀ**
**ਕਿ ਹੈਫ਼ ਅਸਤ ਸਦ ਹੈਫ਼ ਈਂ ਸਰਵਰੀ ।੬੭।**

**ਹੈਫ਼** – ਅਫ਼ਸੋਸ । **ਸਦ** – ਸੌ

: ਅਰਥ :

ਤੇਰਾ ਇਹ ਇਨਸਾਫ਼ ਤੇ ਤੇਰੀ ਇਹ ਦੀਨਦਾਰੀ ਜਾਂ ਧਰਮ-ਪ੍ਰਸਤੀ ਅਜੀਬ ਹੈ, ਤੇਰੀ ਇਸ ਸਰਦਾਰੀ ਉੱਤੇ ਅਫ਼ਸੋਸ ਹੈ, ਸੌ ਵਾਰ ਅਫ਼ਸੋਸ ਹੈ।

**ਕਿ ਅਜਬਸਤੁ ਅਜਬਸਤੁ ਫ਼ਤਵਹ ਸ਼ੁਮਾ**
**ਬਜੁਜ਼ ਰਾਸਤੀ ਸੁਖ਼ਨ ਗੁਫ਼ਤਨ ਜ਼ਿਯਾਂ ।੬੮।**

**ਫ਼ਤਵਾ** – ਸ਼ਰ੍ਹਈ ਫ਼ੈਸਲੇ । **ਜ਼ਿਯਾਂ** – ਹਾਨੀ

: ਅਰਥ :

ਤੇਰੇ ਅਜੀਬੋ ਗ਼ਰੀਬ ਸ਼ਰ੍ਹਈ ਹੁਕਮਾਂ (ਫ਼ਤਵਿਆਂ) ਉੱਤੇ ਵੀ ਹੈਰਾਨੀ ਹੈ। ਸੱਚਾਈ ਤੋਂ ਬਿਨ੍ਹਾਂ ਹੋਰ ਗੱਲ ਕਰਨ ਵਿੱਚ ਹਾਨੀ ਹੀ ਹਾਨੀ ਹੈ।

**ਮਜ਼ਨ ਤੇਗ਼ ਬਰ ਖ਼ੂਨਿ ਕਸ ਬੇਦਰੇਗ਼**
**ਤੁਰਾ ਨੀਜ਼ ਖ਼ੂੰ ਚਰਖ਼ ਰੇਜ਼ਦ ਬਤੇਗ਼ ।੬੯।**

**ਮਜ਼ਨ** – ਮਤ ਚਲਾ । **ਚਰਖ਼** – ਗ਼ੈਬੀ ਸ਼ਕਤੀ

: ਅਰਥ :

ਤੂੰ ਕਿਸੇ ਦਾ ਖ਼ੂਨ ਕਰਨ ਲਈ ਬੇਦਰੇਗ਼ ਹੋ ਕੇ ਤੇਗ਼ ਨਾ ਚਲਾ, ਅਸਮਾਨੀ ਸੱਤਾ ਤੇਰਾ ਵੀ ਤਲਵਾਰ ਨਾਲ ਲਹੂ ਵੀਟੇਗੀ।

**ਤੁ ਗ਼ਾਫ਼ਲ ਮਸ਼ੌ ਮਰਦਿ ਯਜ਼ਦਾਂ ਹਿਰਾਸ**
**ਕਿ ਓ ਬੇਨਯਾਜ਼ਸਤੁ ਓ ਬੇਸਪਾਸ ।੭੦।**

**ਮਸ਼ੌ** – ਮਤ ਹੋ । **ਹਿਰਾਸ** – ਡਰਾਉਣਾ

: ਅਰਥ :

ਤੂ ਬੇਪਰਵਾਹ ਨਾ ਹੋ ਤੇ ਨਾ ਹੀ ਰੱਬੀ ਬੰਦਿਆਂ ਨੂੰ ਹਰਾਸ ਕਰ। ਉਹ ਮਾਲਕ ਬੇਨਿਆਜ਼, ਬੇਪਰਵਾਹ ਹੈ ਤੇ ਖ਼ੁਸ਼ਾਮਦਾਂ ਤੋਂ ਉੱਪਰ ਹੈ।


ਟੀਕਾਕਾਰ – ਪਿਆਰਾ ਸਿੰਘ ਪਦਮ

# ਅਮਰ ਸ਼ਹੀਦ ਅਕਾਲੀ ਫੂਲਾ ਸਿੰਘ ਜੀ

ਉਂਞ ਤਾਂ ਹਰ ਦੇਸ਼ ਤੇ ਹਰ ਕੌਮ ਦੇ ਅਨੇਕਾਂ ਸੂਰਮੇ, ਨਿੱਜੀ ਵਡਿਆਈ, ਆਹੁਦੇ ਜਾਂ ਲਾਭ ਖਾਤਰ ਸੰਘਰਸ਼ਾਂ ਨਾਲ ਜੁੜਦੇ ਰਹੇ ਹਨ ਅਤੇ ਆਉਣ ਵਾਲੇ ਸਮਿਆਂ ਵਿਚ ਜੁੜਦੇ ਵੀ ਰਹਿਣਗੇ। ਸਿੱਖ ਕੌਮ ਵਿੱਚ ਤਾਂ ਸੰਘਰਸ਼ ਨਾਲ ਜੁੜ ਕੇ ਜਾਨਾਂ ਵਾਰਨ ਵਾਲਿਆਂ ਦੀ ਗਿਣਤੀ ਕੀਤੀ ਹੀ ਨਹੀਂ ਜਾ ਸਕਦੀ। ਦੇਸ਼, ਕੌਮ ਅਤੇ ਮਿਸ਼ਨ ਵਾਸਤੇ ਜਾਨਾਂ ਵਾਰਨ ਵਾਲਿਆਂ 'ਚੋਂ ਅਕਾਲੀ ਫੂਲਾ ਸਿੰਘ ਵਰਗੇ ਅਜਿਹੇ ਸੂਰਮੇ ਵੀ ਨਿਤਰ ਕੇ ਸਾਹਮਣੇ ਆਉਂਦੇ ਹਨ, ਜੋ ਆਪਣੀ ਰਹਿਣੀ-ਬਹਿਣੀ ਦੇ ਪੱਕੇ, ਆਪਣੀਆਂ ਜ਼ਮੀਰਾਂ ਨੂੰ ਜੀਉਂਦਾ ਰੱਖਣ ਦੇ ਚਾਹਵਾਨ, ਸਹੀ ਅਰਥਾਂ ਵਿਚ ਸੰਤ-ਸਿਪਾਹੀ ਕਹਾਉਣ ਦੇ ਹੱਕਦਾਰ ਹਨ।

ਅਕਾਲੀ ਜੀ, ਕਿਸੀ ਨਿੱਜੀ ਲਾਭ, ਵਡਿਆਈ ਜਾਂ ਆਹੁਦੇ ਵਾਸਤੇ ਨਹੀਂ, ਸਗੋਂ ਸਿੱਖੀ ਸ਼ਾਨ, ਮਾਨ ਅਤੇ ਮਰਿਯਾਦਾ ਦੀ ਰੱਖਿਆ ਅਤੇ ਕੇਸਰੀ ਨਿਸ਼ਾਨ ਨੂੰ ਝੂਲਦਿਆਂ ਦੇਖਣ ਦੇ ਚਾਹਵਾਨ ਸਨ। ਵਚਨ ਦੀ ਪ੍ਰਤੀਬਧਤਾ ਕਾਰਨ ਹੀ, ਅਕਾਲੀ ਫੂਲਾ ਸਿੰਘ ਜੀ ਦਾ ਨਾਮ ਸਿੱਖ ਇਤਿਹਾਸ ਵਿਚ, ਸਿੱਖ ਰਾਜ ਦੇ ਉਸਰੀਏ ਅਤੇ ਮਜ਼ਬੂਤ ਥੰਮ੍ਹ ਵਜੋਂ ਜਾਣੇ ਜਾਣ ਵਾਲੇ ਸਿੱਖ ਆਗੂ ਵਜੋਂ ਸਦੀਵ ਕਾਲ ਲਈ ਜਾਣਿਆ ਜਾਂਦਾ ਰਹੇਗਾ।

ਅਕਾਲੀ ਫੂਲਾ ਸਿੰਘ ਜੀ ਦਾ ਜਨਮ, ਪਿਤਾ ਭਾਈ ਈਸ਼ਰ ਸਿੰਘ ਜੀ ਦੇ ਘਰ, 1 ਜਨਵਰੀ ਸੰਨ 1761 (ਸੰਮਤ 1818 - ਮਹਾਨ ਕੋਸ਼) ਨੂੰ ਪਿੰਡ ਦੇਹਲਾ ਸੀਹਾਂ, (ਇਲਾਕਾ ਬਾਂਗਰ) ਵਿਖੇ ਹੋਇਆ। ਸਰਦਾਰ ਈਸ਼ਰ ਸਿੰਘ ਨੇ, ਨਿਸ਼ਾਨਵਾਲੀਆ ਮਿਸਲ ਨਾਲ ਸੰਬੰਧ ਹੋਣ ਕਾਰਨ, ਮਿਸਲ ਦੁਆਰਾ ਅੰਜਾਮ ਦਿੱਤੀਆਂ ਅਨੇਕ ਲੜਾਈਆਂ ਵਿਚ ਹਿੱਸਾ ਲਿਆ। ਸਰਦਾਰ ਈਸ਼ਰ ਸਿੰਘ ਸੰਨ 1762 ਈ ਦੇ ਵੱਡੇ-ਘਲੂਘਾਰੇ ਵਿੱਚ, ਦੁਰਾਨੀ ਦੀਆਂ ਫ਼ੌਜਾਂ ਦਾ, ਨਿਸ਼ਾਨਵਾਲੀਆ ਮਿਸਲ ਵੱਲੋਂ ਹਿੱਸਾ ਲੈਂਦਿਆਂ ਜ਼ਖ਼ਮੀ ਹੋ ਕੇ, ਅਕਾਲ ਚਲਾਣਾ ਕੀਤਾ ਸੀ। ਭਾਈ ਈਸ਼ਰ ਸਿੰਘ ਜੀ ਨੇ ਸ਼ਹੀਦਾਂ ਦੀ ਮਿਸਲ ਦੇ ਮੋਢੀ ਭਾਈ ਨੈਣਾਂ ਸਿੰਘ ਤੋਂ ਅੰਮ੍ਰਿਤ ਛਕਿਆ ਸੀ ਭਾਈ ਈਸ਼ਰ ਸਿੰਘ ਜੀ ਕੁਝ ਸਮਾਂ ਅਨੰਦਪੁਰ ਸਾਹਿਬ, ਫਿਰ ਦਮਦਮਾ ਸਾਹਿਬ ਰਹਿ ਕੇ ਅੰਮ੍ਰਿਤਸਰ ਆਏ। (ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ



ਗੁ ਪ੍ਰ ਕਮੇਟੀ ਡਾਇਰੀ ਸੰਨ 1992 ਈਸਵੀ) ਅਕਾਲੀ ਫੂਲਾ ਸਿੰਘ ਜੀ ਜਦੋਂ ਕੁਝ ਮਹੀਨਿਆਂ ਦੀ ਉਮਰ ਦੇ ਹੀ ਸਨ, ਸਿਰ ਤੋਂ ਪਿਤਾ ਦਾ ਸਾਇਆ ਉੱਠ ਗਿਆ। ਭਾਈ ਈਸ਼ਰ ਸਿੰਘ ਨੇ ਅੱਖਾਂ ਬੰਦ ਕਰਨ ਤੋਂ ਪਹਿਲਾਂ ਆਪਣੇ ਮਿਤ੍ਰ ਬਾਬਾ ਨਰੈਣ ਸਿੰਘ/ਭਾਈ ਨਰੈਣਾ /ਨੈਣਾ ਸਿੰਘ) ਸ਼ਹੀਦ ਮਿਸਲ ਦੇ ਸਰਦਾਰ/ਜੱਥੇਦਾਰ ਨੂੰ ਆਪਣੇ ਪਰਿਵਾਰ ਦੀ ਦੇਖ-ਰੇਖ ਕਰਨ ਦੀ ਜ਼ੁੰਮੇਵਾਰੀ ਦਾ ਵਚਨ ਲਿਆ। ਸ਼ਹੀਦ ਮਿਸਲ ਵਿਚ ਨਿਹੰਗ ਸਿੰਘਾਂ ਦੀ ਬਹੁ-ਗਿਣਤੀ ਸੀ। ਅਨੰਦਪੁਰ ਵਾਸੀ, ਨਿਹੰਗ ਬਾਬਾ ਨਰੈਣ ਸਿੰਘ, ਬਾਲਕ ਫੂਲਾ ਸਿੰਘ ਤੇ ਉਨ੍ਹਾਂ ਦੀ ਮਾਤਾ ਨੂੰ ਆਪਣੇ ਪਾਸ ਅਨੰਦਪੁਰ ਸਾਹਿਬ ਲੈ ਆਏ। ਧਾਰਮਕ ਝੁਕਾ ਕਾਰਨ, ਮਾਤਾ ਨੇ ਫੂਲਾ ਸਿੰਘ ਨੂੰ ਬਚਪਨ ਵਿੱਚ ਹੀ ਗੁਰਬਾਣੀ ਦੀ ਪਾਣ ਚੜ੍ਹਾ ਦਿੱਤੀ। ਅਕਾਲਪੁਰੱਖ ਦਾ ਭਾਣਾ ਕਿ ਸੱਤ ਸਾਲ ਦੀ ਉਮਰ ਪਹੁੰਚਦਿਆਂ ਤਕ, ਅਕਾਲੀ ਫੂਲਾ ਸਿੰਘ ਦੇ ਸਿਰ ਤੋਂ, ਮਾਤਾ ਦਾ ਸਾਇਆ ਵੀ ਉੱਠ ਗਿਆ।

ਇੱਕ ਸੁਘੜ ਜੱਥੇਦਾਰ ਬਾਬਾ ਨਰੈਣ ਸਿੰਘ ਜੀ ਦੀ ਸਰਪ੍ਰਸਤੀ ਵਿਚ, ਬਾਲਕ ਫੂਲਾ ਸਿੰਘ ਜੀ ਨੇ 12 ਸਾਲ ਦੀ ਉਮਰ ਪਹੁੰਚਦਿਆਂ ਤੀਕ ਘੋੜਸਵਾਰੀ ਅਤੇ ਨਿਸ਼ਾਨੇਬਾਜ਼ੀ ਵਿਚ ਨਿਪੁੰਨਤਾ ਹਾਸਲ ਕਰ ਲਈ। ਜੱਥੇਦਾਰ ਨਰੈਣ ਸਿੰਘ ਜੀ ਆਪਣੀਆਂ ਹੋਰ ਜ਼ੁੰਮੇਦਾਰੀਆਂ ਦੇ ਨਾਲ ਧਰਮ ਪ੍ਰਚਾਰ ਕਰਨਾ ਵੀ ਆਪਣਾ ਫ਼ਰਜ਼ ਸਮਝਦੇ ਸਨ। ਅਕਾਲੀ ਫੂਲਾ ਸਿੰਘ ਜੀ ਨੇ ਵੀ ਜੱਥੇਦਾਰ ਨਰੈਣ ਸਿੰਘ ਜੀ ਪਾਸੋਂ ਹੀ, ਅੰਮ੍ਰਿਤ ਦੀ ਦਾਤ ਛੱਕਣ ਦਾ ਸੁਭਾਗ ਪ੍ਰਾਪਤ ਕੀਤਾ 'ਤੇ ਨਿਹੰਗ ਸਜਣ ਦਾ ਫੈਸਲਾ ਵੀ ਲਿਆ। (ਨਿਹੰਗ ਫਾਰਸੀ ਜ਼ੁਬਾਨ ਦਾ ਸ਼ਬਦ ਹੈ, ਜਿਸ ਦੇ ਅਰਥ ਖ਼ੜਗ, ਤਲਵਾਰ, ਲੇਖਣੀ, ਮਗਰਮੱਛ ਆਦਿ ਹਨ। ਮੁਗਲਾਂ ਨੇ ਅਕਾਲੀਆਂ ਦੇ ਦਲੇਰ, ਨਿਰਲੇਪ, ਸੱਚੇ-ਸੁੱਚੇ, ਆਤਮ-ਗਿਆਨੀ ਅਤੇ ਮੌਤ ਦਾ ਭੈਅ ਨਾ ਰੱਖਣ ਵਾਲੇ ਫਿਰਕੇ ਨੂੰ ਮਗਰਮੱਛ ਦੀ ਤਰ੍ਹਾਂ ਫੁਰਤੀਲਾ ਲੜਦਿਆਂ ਵੇਖ, ਨਿਹੰਗ ਨਾਮ ਦਿੱਤਾ ਸੀ ਜੱਥੇਦਾਰ ਨਰੈਣ ਸਿੰਘ ਜੀ ਦੇ ਅਸਰ ਹੇਠ ਅਕਾਲੀ ਫੂਲਾ ਸਿੰਘ ਜੀ ਨੇ ਵੀ ਸ਼ਹੀਦ ਮਿਸਲ ਨਾਲ ਰਿਸ਼ਤੇ ਜੋੜ ਲਏ। ) ਬਾਬਾ ਨਰੈਣ ਸਿੰਘ ਜੀ ਦੀ ਅਗਵਾਈ ਹੇਠ ਅਕਾਲੀ ਫੂਲਾ ਸਿੰਘ ਜੀ ਨੇ ਸ਼ਹੀਦ ਮਿਸਲ ਦੁਆਰਾ ਅੰਜਾਮ ਦਿੱਤੀਆਂ ਗਈਆਂ ਮੁਹਿੰਮਾਂ ਵਿਚ ਭਾਗ ਲੈਣਾ ਆਰੰਭ ਕਰ ਦਿੱਤਾ। ਨਿਹੰਗ ਸਜਣ ਤੋਂ ਬਾਅਦ, ਅਕਾਲੀ ਜੀ ਨੂੰ ਵਿਆਹ ਕਰਨ ਬਾਰੇ ਸੋਚਣ ਦੀ ਵਿਹਲ ਹੀ ਨਹੀਂ ਮਿਲੀ।

ਬੰਦੇ ਦੇ ਕਿਰਦਾਰ ਦੀ ਸਚਾਈ ਵੱਲ ਵੇਖਦਿਆਂ, ਕੁਦਰਤ ਸਦਾ ਹੀ ਉਸ ਬੰਦੇ ਦੇ ਅੱਗੇ ਵਧੱਣ ਲਈ ਰਾਹ ਹਮਵਾਰ ਕਰਦਿਆਂ ਉਸ ਦੀ ਅਗਵਾਈ ਕਰਦੀ ਰਹਿੰਦੀ ਹੈ। ਅਕਾਲੀ ਫੂਲਾ ਸਿੰਘ ਜੀ ਦੇ ਭਵਿੱਖ ਨੂੰ ਵੀ ਉਜਲਾਉਣ ਖਾਤਰ, ਕੁਦਰਤ ਨੇ ਸਰਦਾਰ ਨਰੈਣ ਸਿੰਘ ਨੂੰ ਟਿਕਾਣਾ ਬਦਲਣ ਲਈ ਪ੍ਰੇਰਿਆ। ਜੱਥੇਦਾਰ ਨਰੈਣ/ਨੈਣਾ ਸਿੰਘ, ਆਪਣੀ ਆਖਰੀ ਉਮਰ ਵਿਚ ਅਨੰਦਪੁਰ ਸਾਹਿਬ ਤੋਂ ਟਿਕਾਣਾ ਬਦਲਣ ਦੇ ਆਸ਼ੇ ਨਾਲ, ਅਕਾਲੀ ਫੂਲਾ ਸਿੰਘ ਸਮੇਤ ਅੰਮ੍ਰਿਤਸਰ ਵਿਖੇ ਆ ਵਸੇ। ਸੰਨ 1799 ਈ ਵਿੱਚ ਹੀ ਜੱਥੇਦਾਰ ਨਰੈਣ/ਨੈਣਾਂ ਸਿੰਘ ਜੀ ਦੇ ਅਕਾਲ ਚਲਾਣਾ ਕਰਨ ਉਪ੍ਰੰਤ ਅਕਾਲੀ ਫ਼ੂਲਾ ਸਿੰਘ ਜੀ ਨੂੰ ਦੋ ਹਜ਼ਾਰ ਮੈਂਬਰਾਂ ਵਾਲੀ ਸ਼ਹੀਦ ਮਿਸਲ ਦਾ ਜੱਥੇਦਾਰ ਬਣਨ ਦਾ ਸੁਭਾਗ ਪ੍ਰਾਪਤ ਹੋਇਆ।

ਅੰਮ੍ਰਿਤਸਰ ਵਿਖੇ, ਅਕਾਲੀ ਫੂਲਾ ਸਿੰਘ ਜੀ, ਦੂਜੀਆਂ ਮਿਸਲਾਂ ਦੇ ਸਰਦਾਰਾਂ ਦੇ ਸੰਪਰਕ ਵਿਚ ਆਉਣ ਲੱਗੇ। ਵਕਤ ਦੀ ਇੱਕ ਹੋਰ ਅੰਗੜਾਈ ਨਾਲ ਮਿਸਲ ਸਰਦਾਰਾਂ ਨੇ ਅਕਾਲੀ ਫੂਲਾ ਸਿੰਘ ਨੂੰ ਸ੍ਰੀ ਅਕਾਲ ਬੁੰਗਾ (ਸ੍ਰੀ ਅਕਾਲ ਤਖ਼ਤ ਸਾਹਿਬ) ਦਾ ਜੱਥੇਦਾਰ ਬਣਾਉਣ ਦਾ ਫੈਸਲਾ ਲਿਆ। ਸੰਨ 1799 ਈ ਸਿੱਖ ਇਤਿਹਾਸ ਦਾ ਉਹ ਸਮਾਂ ਸੀ ਜਦੋਂ ਲਾਹੌਰ, ਭੰਗੀ ਮਿਸਲ ਦੇ ਤਿੰਨ ਸਰਦਾਰਾਂ ਚੇਤ ਸਿੰਘ, ਸਾਹਿਬ ਸਿੰਘ ਅਤੇ ਮੋਹਰ ਸਿੰਘ ਦੇ ਕਬਜ਼ੇ ਵਿੱਚ ਸੀ। ਰਣਜੀਤ ਸਿੰਘ ਨੇ, 18 ਸਾਲ ਦੀ ਉਮਰ ਵਿੱਚ, ਕਨ੍ਹੀਆ ਮਿਸਲ ਦੀ ਸਰਦਾਰ ਸਦਾ ਕੌਰ ਦੀ ਮਦੱਦ ਨਾਲ ਬਿਨਾ ਖ਼ੂਨ ਖਰਾਬੇ ਦੇ ਲਾਹੌਰ ਭੰਗੀ ਮਿਸਲ ਦੇ ਕਬਜ਼ੇ ਚੋਂ ਖੋਹ ਲਿਆ। 12 ਅਪ੍ਰੈਲ ਸੰਨ 1801ਈ ਨੂੰ ਸਾਹਿਬ ਸਿੰਘ ਬੇਦੀ ਦੁਆਰਾ ਮੱਥੇ ਤੇ ਤਿਲਕ ਲਗਾ ਕੇ ਸ਼ਾਨ-ਓ-ਸ਼ੌਕਤ ਨਾਲ ਰਣਜੀਤ ਸਿੰਘ ਨੂੰ ਮਹਾਰਾਜਾ ਦੀ ਉਪਾਧੀ ਨਾਲ ਪੰਜਾਬ ਦੇ ਸਵਾਮੀ ਵਜੋਂ ਐਲਾਨ ਕਰ ਦਿੱਤਾ।

ਉਨਹੀਂ ਦਿਨੀਂ ਲਾਹੌਰ ਤੋਂ ਬਾਅਦ, ਅੰਮ੍ਰਿਤਸਰ ਪੰਜਾਬ ਦਾ ਦੂਜਾ ਵੱਡਾ ਸ਼ਹਿਰ ਅਤੇ ਸਿੱਖ ਧਰਮ ਦਾ ਗੜ੍ਹ ਮੰਨਿਆ ਜਾਂਦਾ ਸੀ। ਅੰਮ੍ਰਿਤਸਰ ਤੇ ਭੰਗੀ ਮਿਸਲ ਦਾ ਕਬਜ਼ਾ ਸੀ। ਸਰਦਾਰ ਗੁਲਾਬ ਸਿੰਘ ਦੀ ਵਹੁਟੀ ਮਾਈ ਸੁੱਖਾਂ ਭੰਗੀ ਮਿਸਲ ਦੀ ਸਰਦਾਰ ਸੀ। (ਮਹਾਰਾਜਾ) ਰਣਜੀਤ ਸਿੰਘ ਨੇ ਅੰਮ੍ਰਿਤਸਰ ਤੇ ਕਬਜ਼ਾ ਕਰਨ ਦੇ ਆਸ਼ੇ ਨਾਲ ਸੰਨ 1802ਈ ਵਿੱਚ, ਅੰਮ੍ਰਿਤਸਰ ਤੇ ਚੜ੍ਹਾਈ ਕਰ ਦਿੱਤੀ। ਮਿਸ਼ਨ ਦੀ ਪੂਰਤੀ ਲਈ ਸਿੱਖ ਫੌਜਾਂ ਆਪਸ ਵਿਚ ਟਕਰਾਣ ਲਈ ਆਹਮਣੇ-ਸਾਹਮਣੇ ਆ ਖੜ੍ਹੀਆਂ। ਅਕਾਲੀ ਫੂਲਾ ਸਿੰਘ ਜੀ ਨੂੰ ਸਿੰਘਾਂ ਦੀ ਆਪਸ ਦੀ ਫੁੱਟ ਨੇ ਵੰਗਾਰਿਆ। ਅਕਾਲੀ ਫੂਲਾ ਸਿੰਘ ਜੀ, (ਇਤਿਹਾਸਕਾਰ ਸੀਤਾ

ਰਾਮ ਕੋਹਲੀ ਅਨੁਸਾਰ ਅਕਾਲੀ ਫੂਲਾ ਸਿੰਘ ਅਤੇ ਸਰਦਾਰ ਜੋਧ ਸਿੰਘ ਰਾਮਗੜ੍ਹੀਆਂ ਦੀਆਂ ਸਾਂਝੀਆਂ ਕੋਸ਼ਿਸ਼ਾਂ ਸਦਕੇ ਸਿੱਖਾਂ ਦਾ ਆਪਸੀ ਖੂਨ ਖਰਾਬਾ ਟਲ ਗਿਆ) ਵਿਚ-ਵਚਾਓ ਕਰ ਕੇ ਸਿੰਘਾਂ ਦੇ ਆਪਸੀ ਮਤ-ਭੇਦ ਖਤਮ ਕਰਵਾਉਣ ਅਤੇ ਆਪਸ ਵਿਚ, ਖ਼ੂਨ ਖ਼ਰਾਬੇ ਰੋਕਣ ਵਿਚ ਸਫਲ ਹੋਏ। ਮਾਈ ਸੁੱਖਾਂ ਦੇ ਗੁਜ਼ਾਰੇ ਲਈ, ਇੱਕ ਜਗੀਰ ਦੇ ਵਾਅਦੇ ਦੇ ਨਾਲ ਅੰਮ੍ਰਿਤਸਰ ਉੱਤੇ ਰਣਜੀਤ ਸਿੰਘ ਦਾ ਕਬਜ਼ਾ ਮੰਨ ਲਿਆ ਗਿਆ। ਇਸ ਜਿੱਤ ਨਾਲ ਰਣਜੀਤ ਸਿੰਘ ਦਾ ਅਹਮਦ ਸ਼ਾਹ ਅਬਦਾਲੀ ਦੁਆਰਾ ਪਾਨੀਪਤ ਦੀ ਤੀਜੀ ਲੜਾਈ ਵੇਲੇ ਇਸਿਤਿਮਾਲ ਕੀਤੀ ਜਾਣ ਵਾਲੀ ਮਸ਼ਹੂਰ ਜ਼ਮਜ਼ਮ ਤੋਪ ਤੇ ਵੀ ਕਬਜ਼ਾ ਹੋ ਗਿਆ। ਇਸ ਤਰ੍ਹਾਂ, ਅਕਾਲੀ ਫੂਲਾ ਸਿੰਘ ਦਾ ਵਕਾਰ ਤਾਂ ਵਧਿਆ ਹੀ, ਉਹ ਮਹਾਰਾਜਾ ਰਣਜੀਤ ਸਿੰਘ ਦੀ ਨਜ਼ਰ ਵਿੱਚ ਵੀ ਆ ਗਏ। ਅੰਮ੍ਰਿਤਸਰ ਦੀ ਫਤਹਿ ਤੋਂ ਬਾਅਦ, ਮਹਾਰਾਜਾ ਰਣਜੀਤ ਸਿੰਘ ਤਰਨਤਾਰਨ ਦਰਬਾਰ ਸਾਹਿਬ ਅਕੀਦਤ ਦੇ ਫੁੱਲ ਪੇਸ਼ ਕਰਨ ਹਾਜ਼ਰ ਹੋਇਆ, ਜਿੱਥੇ ਉਹ ਫ਼ਤਹਿ ਸਿੰਘ ਆਹਲੂਵਾਲੀਆ ਨਾਲ ਪੱਗ ਵਟਾ ਕੇ ਭਰਾ ਬਣ, ਰਿਸ਼ਤਿਆ ਦੀ ਡੋਰ ਵਿਚ ਬੱਝ ਗਿਆ।

ਇਸ ਤੋਂ ਬਾਅਦ, ਮਹਾਰਾਜਾ ਰਣਜੀਤ ਸਿੰਘ ਨੇ ਅਕਾਲੀ



ਰੈਜੀਮੈਂਟ (ਅਕਾਲਪੁਰੱਖ ਦੀ ਫੌਜ) ਸਥਾਪਨ ਕਰਨ ਦਾ ਫ਼ੈਸਲਾ ਲਿਆ। ਉਸ ਸਮੇਂ, ਅਕਾਲੀ ਫੂਲਾ ਸਿੰਘ ਨੂੰ ਰੈਜਮੈਂਟ ਦਾ ਜੱਥੇਦਾਰ (ਮੁਖੀ) ਥਾਪਣ ਦਾ ਨਿਰਣਾ ਵੀ ਲਿਆ। ਮਹਾਨ ਸ਼ਬਦ-ਕੋਸ਼ ਅਨੁਸਾਰ, "ਅੰਮ੍ਰਿਤਸਰ ਸਾਹਿਬ ਵਿਖੇ ਅਕਾਲੀਆਂ ਦੀ ਛਾਉਣੀ, ਉਹ ਸਥਾਨ ਹੈ ਜਿਥੇ ਅਕਾਲੀ ਫੂਲਾ ਸਿੰਘ ਜੀ, ਬਾਰਾਂ ਸੌ ਸਵਾਰ ਅਤੇ ਅਠਾਰਾਂ ਸੌ ਪੈਦਲ ਅਕਾਲੀ ਦਲ ਨਾਲ ਵਿਰਾਜਦੇ ਸਨ। ਮਹਾਰਾਜਾ ਰਣਜੀਤ ਸਿੰਘ ਨੇ ਇਸ ਨਾਲ ਜਗੀਰ ਵੀ ਲਾਈ ਹੋਈ ਸੀ-ਪੰਨਾ 27 ਮਹਾਨ-ਕੋਸ਼- ਐਡੀਸ਼ਨ -2004")


ਸੰਨ 1804-5ਈ ਵਿੱਚ ਰਣਜੀਤ ਸਿੰਘ ਝੰਗ, ਸਾਹੀਵਾਲ ਅਤੇ ਮੁਲਤਾਨ ਦੇ ਮੁਜ਼ਰਫ਼ਰ ਖ਼ਾਨ ਕੋਲੋਂ ਨਜ਼ਰਾਨੇ ਕਬੂਲ ਕਰਨ ਵਿੱਚ ਸਫਲ ਹੋ ਗਿਆ। ਸੰਨ 1807 ਈ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਇੱਕ ਕਾਬਿਲ ਜਰਨੈਲ ਮੋਹਕਮ ਚੰਦ ਨੂੰ ਨਿਯੁਕਤ ਕਰ ਕੇ, ਕੁਝ ਸਮੇਂ ਬਾਅਦ, ਕਸੂਰ ਤੇ ਚੜ੍ਹਾਈ ਕਰਨ ਦਾ ਨਿਰਣਾ ਲਿਆ। ਕਸੂਰ ਦਾ ਹਾਕਮ ਕੁਤੁਬਦੀਨ ਕਾਫੀ ਤਿਆਰੀਆਂ ਨਾਲ ਮੁਕਾਬਲੇ ਲਈ ਆ ਡਟਿਆ। ਮਹਾਰਾਜਾ ਮਹਾਰਾਜਾ ਰਣਜੀਤ ਸਿੰਘ ਜੋ ਅਕਾਲੀ ਫੂਲਾ ਸਿੰਘ ਦੀ ਸੂਝ-ਬੂਝ ਦਾ ਕਾਇਲ ਹੋ ਚੁੱਕਾ ਸੀ, ਅਕਾਲੀ ਫੂਲਾ ਸਿੰਘ ਨੂੰ ਮਦੱਦ ਲਈ ਬੁਲਾ ਲਿਆ। ਇਤਿਹਾਸਕਾਰ ਲਿਖਦੇ ਹਨ ਕਿ ਅਕਾਲੀ ਫੂਲਾ ਸਿੰਘ ਜੀ ਦੀ ਜੱਥੇਦਾਰੀ ਹੇਠ ਅਕਾਲੀ ਰੈਜੀਮੈਂਟ ਨੇ ਰਣਜੀਤ ਸਿੰਘ ਦੀ ਇਸ ਲੜਾਈ ਵਿਚ ਜਿੱਤ ਲਈ ਬਹਾਦਰੀ ਦੇ ਜੌਹਰ ਦਿਖਾਏ। ਮਹਾਰਾਜਾ ਰਣਜੀਤ ਸਿੰਘ ਨੇ ਜਿੱਤ ਦੀ ਖ਼ੁਸ਼ੀ ਵਿਚ ਇਨਾਮ ਦੇ ਤੌਰ ਤੇ ਸਿੰਘਾਂ ਦੀ ਪੱਕੀ ਰਿਹਾਇਸ਼ ਲਈ ਬੈਰਕਾਂ ਬਣਵਾ ਦਿੱਤੀਆਂ। ਇਹ ਬੈਰਕਾਂ, ਅਕਾਲੀਆਂ ਦੀ ਛਾਉਣੀ ਦੇ ਨਾਮ ਨਾਲ ਜਾਣੀਆਂ ਜਾਂਦੀਆਂ ਹਨ।

ਸੰਨ 1809ਈ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਅੰਗ੍ਰੇਜ਼ ਸਰਕਾਰ ਨਾਲ 'ਅੰਮ੍ਰਿਤਸਰ ਦੀ ਸੰਧੀ' ਨਾਮਕ ਅਹਿਦਨਾਮਾ ਕੀਤਾ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਅਕਾਲੀ ਫੂਲਾ ਸਿੰਘ ਇਸ ਨਾਲ ਸਹਿਮਤੀ ਨਹੀਂ ਰਖਦੇ ਸੀ, ਉਹ ਅੰਮ੍ਰਿਤਸਰ ਛੋੜ ਕੇ ਦਮਦਮਾ ਸਾਹਿਬ ਆ ਵਸੇ। ਦਮਦਮਾ ਸਾਹਿਬ ਅਕਾਲੀ ਫੂਲਾ ਸਿੰਘ ਨੇ ਅੰਗ੍ਰੇਜ਼ ਸਰਕਾਰ ਦੁਆਰਾ ਪੰਜਾਬ ਤੇ ਹਮਲਾ ਕਰਨ ਦੀ ਅਫਵਾਹ ਸੁਣੀ, ਜਿਸ ਤੋਂ ਅਕਾਲੀ ਸਾਹਿਬ ਦੀ ਸਰਪ੍ਰਸਤੀ ਵਿਚ ਅਕਾਲੀਆਂ ਨੇ ਪਿੰਡ ਫੱਤੋਕੇ (ਨਾਭਾ) ਦੇ ਨੇੜੇ ਅੰਗ੍ਰੇਜ਼ ਪੜਾਅ ਤੇ ਹੱਲਾ ਬੋਲ ਦਿੱਤਾ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਸ ਹੱਲੇ ਵਿਚ ਛੇਅ ਅੰਗ੍ਰੇਜ਼ ਸਿਪਾਹੀ ਮਾਰੇ ਗਏ ਸਨ।

ਇਹ ਵੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਅੰਗ੍ਰੇਜ਼ਾਂ ਦੀ ਸ਼ਿਕਾਇਤ ਤੇ ਨਾਭਾ, ਪਟਿਆਲਾ ਅਤੇ ਜੀਂਦ ਦੇ ਰਾਜਿਆਂ ਨੇ ਅਕਾਲੀ ਫੂਲਾ ਸਿੰਘ ਨੂੰ ਸੋਧਨ ਦਾ ਵਚਨ ਦਿੱਤਾ ਪਰ ਅਕਾਲੀ ਜੀ ਦਾ ਅਜਿਹਾ ਦਬਦਬਾ ਸੀ ਅਕਾਲੀ ਜੀ ਆਪਣੇ ਗੁਰੂ ਦੇ ਸਤਿਕਾਰ ਵਿੱਚ ਖਾਲਸਾ ਪੰਥ ਤੋਂ ਸਿਵਾ ਕਿਸੇ ਹੋਰ ਦੀ ਗੱਲ ਸੁਣਨ ਨੂੰ ਤਿਆਰ ਹੀ ਨਹੀਂ ਸਨ। ਇਸੇ ਲਈ ਇਨ੍ਹਾਂ ਚੋਂ ਕਿਸੇ ਦੀ ਵੀ ਅਕਾਲੀ ਜੀ ਨੂੰ ਸੋਧਣ ਦੀ ਹਿੰਮਤ ਨਾ ਹੋ ਸਕੀ। ਸੰਨ 1815 ਈ ਵਿਚ ਰਜੌਰੀ ਅਤੇ ਭੀਮਬਰ ਨੂੰ ਖਾਲਸਾ ਰਾਜ ਦਾ ਹਿੱਸਾ ਬਣਾਉਣ ਵੇਲੇ ਵੀ ਅਕਾਲੀ ਜੀ ਨੇ ਰਣਜੀਤ ਸਿੰਘ ਦੀ ਜਿੱਤ ਵਿੱਚ ਵੱਡੀ ਭੂਮਿਕਾ ਨਿਭਾਈ ਸੀ। ਇਸੇ ਤਰ੍ਹਾਂ, ਸੰਨ 1816ਈ ਵਿਚ ਨਵਾਬ ਬਹਾਵਲਪੁਰ ਤੋਂ ਨਜ਼ਰਾਨਾ ਵਸੂਲਣ ਵੇਲੇ ਵੀ ਅਕਾਲੀ ਫੂਲਾ ਸਿੰਘ ਮੁਹਰੀ ਰਹੇ।

ਸੰਨ 1817 ਈ ਦੇ ਸ਼ੁਰੂ ਵਿਚ ਹੀ ਮੁਲਤਾਨ ਦੇ ਹਾਕਮ ਨਵਾਬ ਮੁਜ਼ਫ਼ਰ ਖਾਨ ਨੇ ਖਾਲਸਾ ਰਾਜ ਨੂੰ ਸਾਲਾਨਾ ਲਗਾਨ ਦੇਣ ਤੋਂ ਇਨਕਾਰ ਕਰ ਦਿੱਤਾ। ਦੀਵਾਨ ਭਵਾਨੀ ਦਾਸ ਦੀ ਕਮਾਂਡ ਹੇਠ ਖ਼ਾਲਸਾ ਫ਼ੌਜ ਦੀ ਇੱਕ ਟੁਕੜੀ ਨੂੰ ਲਗਾਨ ਵਸੂਲ ਕਰਨ ਮੁਲਤਾਨ ਭੇਜਿਆ ਗਿਆ। ਨਵਾਬ ਨੇ ਮਹਾਰਾਜਾ ਰਣਜੀਤ ਸਿੰਘ ਦੇ ਖਿਲਾਫ ਜਿਹਾਦ ਦਾ ਨਾਅਰਾ ਲਗਾ ਕੇ ਹਜ਼ਾਰਾਂ ਗਾਜ਼ੀਆਂ ਦਾ ਇਕੱਠ ਕਰ ਲਿਆ। ਦੀਵਾਨ ਭਵਾਨੀ ਦਾਸ ਦੀਆਂ ਫੌਜਾਂ ਦੁਆਰਾ ਕਿਲ੍ਹੇ ਦਾ ਘੇਰਾ ਪਾਈ ਰਖਣ ਮਗਰੋਂ ਵੀ ਸਫਲਤਾ ਨਜ਼ਰ ਨਹੀਂ ਆ ਰਹੀ ਸੀ।

ਸ਼ਹਿਬਜ਼ਾਦਾ ਖੜਕ ਸਿੰਘ ਅਤੇ ਮਿਸਰ ਦਿਵਾਨ ਚੰਦ ਦੀ ਕਮਾਂਡ ਹੇਠ 24 ਹਜ਼ਾਰ ਫੌਜੀਆਂ ਦਾ ਦਸਤਾ ਮੁਲਤਾਨ ਭੇਜਿਆ ਗਿਆ, ਜਿਸ ਵਿੱਚ ਸਰਦਾਰ ਹਰੀ ਸਿੰਘ ਨਲਵਾ, ਸ਼ਾਮ ਸਿੰਘ ਬਹਾਦੁਰ ਅਤੇ ਧੰਨਾ ਸਿੰਘ ਮਲਵਈ ਵਰਗੇ ਬਹਾਦੁਰ ਸ਼ਾਮਿਲ ਸਨ। ਮੁਲਤਾਨ ਦੇ ਬਾਹਰ ਹੋਈ ਝੜਪ ਮਗਰੋਂ ਨਵਾਬ ਮੁਲਤਾਨ, ਪਿੱਛੇ ਹਟਦਿਆਂ ਸ਼ਹਿਰ ਵਿਚ ਜਾ ਵੜਿਆ। ਮਹਾਰਾਜਾ ਰਣਜੀਤ ਸਿੰਘ ਦੀਆਂ ਫੌਜਾਂ ਦੁਆਰਾ ਭਾਰੀ ਗੋਲਾਬਾਰੀ ਨਾਲ ਸਿੱਖ ਫੌਜਾਂ ਦਾ ਫਰਵਰੀ ਮਹੀਨੇ 'ਚ ਨਗਰ 'ਤੇ ਕਬਜ਼ਾ ਤਾਂ ਹੋ ਗਿਆ, ਪਰ ਨਵਾਬ ਮੁਜ਼ੱਫ਼ਰ ਖ਼ਾਨ ਆਪਣੇ ਪੁੱਤਰਾਂ ਨਾਲ ਸ਼ਹਿਰ ਚੋਂ ਨਿਕਲ ਕੇ ਕਿਲ੍ਹੇ ਵਿਚ ਦਾਖਿਲ ਹੋ ਗਿਆ। ਸਿੱਖ ਫੌਜਾਂ ਨੇ ਕਿਲ੍ਹਾ ਫ਼ਤਹਿ ਕਰਨ ਲਈ ਆਪਣਾ ਹਰ ਹੀਲਾ ਅਜ਼ਮਾ ਲਿਆ। ਤਿੰਨ ਮਹੀਨੇ ਦੇ ਘੇਰੇ ਵਿਚ ਸਿੱਖ ਫੌਜਾਂ ਦੁਆਰਾ ਹਾਥੀਆਂ ਨਾਲ ਕਿਲ੍ਹੇ ਦੀ ਕੰਧ ਨੂੰ ਟਕਰਾਂ ਮਰਵਾਉਣ ਨਾਲ ਵੀ ਕੋਈ ਸਫਲਤਾ ਹਾਸਿਲ ਨਾ ਹੋਈ। ਗਰਮੀਆਂ ਦੀ ਰੁੱਤ ਆ ਗਈ ਜਿਸ ਨਾਲ ਸਿੱਖ ਫੌਜਾਂ ਨੂੰ ਸਖਤ ਪ੍ਰੇਸ਼ਾਨੀ ਦਾ ਸਾਮਣਾ ਕਰਨਾ ਪੈ ਗਿਆ। ਮਹਾਰਾਜਾ ਰਣਜੀਤ ਸਿੰਘ, ਅਕਾਲੀ ਫੂਲਾ ਸਿੰਘ ਦੀ ਬਹਾਦੁਰੀ ਦੇ ਨਾਲ ਅਕਾਲੀ ਜੀ ਦੀ ਸੂਝ ਦਾ ਵੀ ਕਾਇਲ ਸੀ। ਮਹਾਰਾਜਾ ਰਣਜੀਤ ਸਿੰਘ



ਆਪਣੀਆਂ ਫੌਜਾਂ ਦੀ ਅਸਫਲਤਾ ਦੇ ਡਰ ਤੋਂ ਅਕਾਲੀ ਫੂਲਾ ਸਿੰਘ ਜੀ ਨਾਲ ਭੇਟ ਕਰ, ਮੁਲਤਾਨ ਫਤਹਿ ਕਰਨ ਲਈ ਮਦੱਦ ਮੰਗੀ। 2 ਜੂਨ ਸੰਨ 1818 ਨੂੰ ਅਕਾਲੀ ਫੂਲਾ ਸਿੰਘ ਜੀ ਅਤੇ ਸਾਥੀ ਜ਼ਮਜ਼ਮ ਅਤੇ ਦੂਜੀਆਂ ਤੋਪਾਂ ਦੀ ਮਦੱਦ ਨਾਲ ਮੁਲਤਾਨ ਕਿਲ੍ਹੇ ਦੇ ਖ਼ਿਜ਼ਰੀ ਦਰਵਾਜ਼ੇ ਵਿੱਚ ਪਾੜ ਪਾਣ ਵਿਚ ਸਫਲ ਹੋ ਗਏ। ਪਾੜ ਪੈਂਦਿਆਂ ਸਾਰ, ਅਕਾਲੀ ਫੂਲਾ ਸਿੰਘ ਜੀ ਆਪਣੇ ਸਿਰਲੱਥ ਘੋੜਸਵਾਰਾਂ ਨਾਲ ਜੈਕਾਰੇ ਛਡਦੇ, ਬਿਜਲੀ ਦੀ ਰਫ਼ਤਾਰ ਨਾਲ ਕਿਲ੍ਹੇ ਵਿਚ ਦਾਖਿਲ ਹੋ ਗਏ। ਅਕਾਲੀਆਂ ਨੇ ਸ਼ਮਸ਼ੀਰਾਂ ਚਲਾ ਕੇ ਚਾਰੋਂ ਪਾਸੇ, ਲਾਸ਼ਾਂ ਦੇ ਢੇਰ ਲਗਾ ਦਿੱਤੇ। ਮੁਲਤਾਨ ਦਾ ਨਵਾਬ ਮੁਜ਼ੱਫ਼ਰ ਖ਼ਾਨ ਆਪਣੇ ਪੁੱਤ੍ਰਾ ਨਾਲ ਅਕਾਲੀ ਸਿੰਘਾਂ ਦਾ ਟਾਕਰਾ ਕਰਦਿਆਂ ਮਾਰਿਆ ਗਿਆ। ਨਵਾਬ ਮੁਜ਼ੱਫ਼ਰ ਖ਼ਾਨ ਤੇ ਉਸ ਦਿਆਂ ਦੋ ਪੁਤ੍ਰਾਂ ਦੀ ਮੌਤ ਨੇ ਦੁਸ਼ਮਨ ਦੇ ਹੌਸਲੇ ਪਸਤ ਕਰ ਦਿੱਤੇ। ਦੁਸ਼ਮਨ ਦੇ ਹੱਥਿਆਰ ਸੁਟਣ ਨਾਲ ਕਿਲ੍ਹਾ ਅਕਾਲੀ ਫੂਲਾ ਸਿੰਘ ਦੇ ਕਬਜ਼ੇ ਵਿਚ ਆ ਗਿਆ। ਨਵਾਬ ਦੇ ਦੋ ਪੁੱਤਰ ਸਰਫਰਾਜ਼ ਖ਼ਾਨ ਅਤੇ ਜ਼ੁਲਫ਼ਿਕਰ ਖ਼ਾਨ ਜ਼ਿੰਦਾ ਪਕੜੇ ਗਏ। ਦੋਨਾਂ ਨੂੰ ਲਾਹੌਰ ਲਿਆਂਦਾ ਗਿਆ। ਸੀਤਾ ਰਾਮ ਕੋਹਲੀ (ਮਹਾਰਾਜਾ ਰਣਜੀਤ ਸਿੰਘ, ਗੁਰੂ ਨਾਨਕ ਦੇਵ ਯੂਨਿਵਰਸਿਟੀ, ਸੰਨ 2002) ਮਹਾਰਾਜਾ ਰਣਜੀਤ ਸਿੰਘ ਨੇ ਉਦਾਰਤਾ ਦਿਖਾਂਦਿਆਂ ਦੋਹਾਂ ਨੂੰ ਸ਼ਰੱਕਪੁਰ ਦੀ ਜਾਗੀਰ ਬਖ਼ਸ਼ ਦਿੱਤੀ। ਅਕਾਲੀ ਫੂਲਾ ਸਿੰਘ ਦੀ ਬਹਾਦੁਰੀ ਕਾਰਨ ਹੀ ਰਣਜੀਤ ਸਿੰਘ ਦੀ ਇਹ ਭਾਰੀ ਜਿੱਤ ਮੁਮਕਿਨ ਹੋਈ ਸੀ।

ਇੱਕ ਵਾਰ ਫਿਰ, ਸੰਨ 1819ਈ ਵਿਚ ਕਸ਼ਮੀਰ ਦੀ ਫ਼ਤਹਿ ਸਮੇਂ ਵੀ, ਖਾਲਸਾ ਫ਼ੌਜ ਦੇ ਨਾਲ ਅਕਾਲੀ ਫ਼ੂਲਾ ਸਿੰਘ ਦੇ ਜੱਥੇ ਨੇ ਬਹਾਦਰੀ ਦੇ ਕਰਤਬ ਦਿਖਾਏ। ਸੰਨ 1823ਈ ਵਿਚ ਕਾਬੁਲ ਦੇ ਹਾਕਮ ਅਮੀਰ ਦੋਸਤ ਮੁਹੰਮਦ ਨੇ ਆਪਣੇ ਹੀ ਭਰਾ ਯਾਰ ਮੁਹੰਮਦ ਪਾਸੋਂ ਪਿਸ਼ਾਵਰ ਦਾ ਕਬਜ਼ਾ ਖੋਹ ਲਿਆ ਸੀ। ਇਸ ਜਿੱਤ ਨਾਲ ਉਸ ਦਾ ਹੌਸਲਾ ਵੱਧ ਗਿਆ। ਉਸ ਦੇ ਭਰਾ ਯਾਰ ਮੁਹੰਮਦ, ਜਬਾਰ ਖਾਨ ਅਤੇ ਅਜ਼ੀਮ ਖ਼ਾਨ ਨੇ ਕੁਝ ਕੱਟੜ-ਵਾਦੀ ਧਾਰਮਿਕ ਆਗੂਆਂ ਨੂੰ ਉਕਸਾ ਕੇ ਸਿੱਖਾਂ ਦੇ ਖ਼ਿਲਾਫ ਜਿਹਾਦ ਦਾ ਨਆਰਾ ਲਗਾ ਕੇ 25 ਹਜ਼ਾਰ ਜਿਹਾਦੀਆਂ ਦੀ ਫੌਜ ਇਕੱਠੀ ਕਰਨ ਵਿਚ ਸਫਲ ਹੋ ਗਿਆ।

ਪਿਛਲੀਆਂ ਦੱਸ ਸਦੀਆਂ ਤੋਂ ਕਾਬੁਲ ਦੇ ਪਠਾਨ ਪੰਜਾਬ ਨੂੰ ਲੁਟਦੇ ਤੇ ਬਰਬਾਦ ਕਰਦੇ ਆ ਰਹੇ ਸੀ। ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਸਮੇਂ ਵਿਚ ਇਤਿਹਾਸ ਦਾ ਰੁੱਖ ਮੋੜਨ ਦਾ ਹੌਸਲਾ ਕੀਤਾ ਸੀ। ਪਿਸ਼ਾਵਰ ਦੇ ਹਾਕਮ ਮੁਹੰਮਦ ਅਜ਼ੀਮ ਖ਼ਾਂ ਬਾਰਕਜ਼ਈ ਨੇ ਬਗਾਵਤ ਕਰਦਿਆਂ, ਲੁੰਡੇ ਨਦੀ ਦੇ ਕਿਨਾਰੇ ਭਾਰੀ ਤੋਪਖਾਨਾ ਜਮ੍ਹਾ ਕਰ ਕੇ ਸਿੱਖ ਫ਼ੌਜਾਂ ਨੂੰ ਜਾਣ ਵਾਲੀ ਰਸਦ ਦੀ ਸਪਲਾਈ ਦਾ ਰਾਹ ਰੋਕ ਲਿਆ। ਸਰਦਾਰ ਸ਼ਾਮ ਸਿੰਘ ਅਤੇ ਦੀਵਾਨ ਕਿਰਪਾ ਰਾਮ ਦੀ ਕਮਾਂਡ ਹੇਠ 2 ਹਜ਼ਾਰ ਸੈਨਕਾਂ ਦੀ ਟੁਕੜੀ ਨੂੰ ਅਫ਼ਗਾਨਾਂ ਨੂੰ ਅੱਗੇ ਵਧਣ ਤੋਂ ਰੋਕਣ ਲਈ ਭੇਜਿਆ। ਕੰਵਰ ਸ਼ੇਰ ਸਿੰਘ ਸਰਦਾਰ ਹਰੀ ਸਿੰਘ ਨਲਵਾ ਦੀ ਕਮਾਂਡ ਹੇਠ ਇਕ ਦੂਜੀ ਟੁਕੜੀ ਉਸ ਦੇ ਪਿੱਛੇ ਪਿੱਛੇ ਆ ਰਹੀ ਸੀ। ਸ਼ੇਰ ਸਿੰਘ ਅਤੇ ਹਰੀ ਸਿੰਘ ਨਲਵਾ ਦੀਆਂ ਟੁਕੜੀਆਂ ਨੇ ਬੇੜੀਆਂ ਦਾ ਪੁਲ ਬਣਾ ਕੇ ਅਟੱਕ ਪਾਰ ਕੀਤਾ ਅਤੇ ਇਕ ਛੋਟੀ ਜਹੀ ਝੜਪ ਤੋਂ ਬਾਅਦ, ਜਹਾਂਗੀਰ ਕਿਲ੍ਹੇ ਤੇ ਕਬਜ਼ਾ ਕਰਨ ਵਿਚ ਸਫਲ ਹੋ ਗਏ। ਦੋਸਤ ਮੁਹੰਮਦ ਨੇ ਸਿੱਖ ਫੌਜੀਆਂ ਨਾਲ ਲੜਨ ਲਈ ਗਾਜ਼ੀਆ ਦਾ ਇੱਕ ਦਸਤਾ ਭੇਜਿਆ, ਜਿਨ੍ਹਾਂ ਨੇ ਬੇੜੀਆਂ ਦੇ ਪੁੱਲ ਨੂੰ ਉੜਾ ਦਿੱਤਾ। ਮਹਾਰਾਜਾ ਰਣਜੀਤ ਸਿੰਘ ਤੇ ਅਕਾਲੀ ਫੂਲਾ ਸਿੰਘ ਜੋ ਆਪਣੇ ਦਸਤੇ ਨਾਲ ਪਿੱਛੇ ਆ ਰਹੇ ਸਨ, ਇੱਕ ਨਵਾਂ ਪੁੱਲ ਬਣਾਉਣਾ ਆਰੰਭ ਕਰ ਦਿੱਤਾ। ਇਤਨੇ ਵਿੱਚ ਉਨ੍ਹਾਂ ਨੂੰ ਸੂਹੀਆਂ ਪਾਸੋਂ ਖ਼ਬਰ ਮਿਲੀ ਕਿ ਗਾਜ਼ੀਆਂ ਦੇ ਇੱਕ ਭਾਰੀ ਦਸਤੇ ਨੇ ਸਿੱਖ ਫੌਜੀਆਂ ਨੂੰ ਘੇਰ ਲਿਆ ਹੈ। ਪੁੱਲ ਬਣਾਉਣ ਦਾ ਖਿਆਲ ਛੋੜ ਨੇ ਸਿੱਖ ਫੌਜੀਆਂ ਨੂੰ ਤੈਰ ਕੇ ਦਰਿਆ ਪਾਰ ਕਰਨ ਦੇ ਹੁਕਮ ਜਾਰੀ ਹੋ ਗਏ। ਮਾਮੂਲੀ ਨੁਕਸਾਨ ਨਾਲ ਸਾਰੇ ਸਿੱਖ ਫੌਜੀ ਦਰਿਆ ਪਾਰ ਕਰਨ ਵਿਚ ਸਫਲ ਹੋ ਗਏ। ਇੱਥੇ ਸਿੱਖ ਫੌਜੀਆਂ ਨੂੰ ਤਿੰਨ ਹਿੱਸਿਆਂ ਵਿਚ ਵੰਡਨ ਦਾ ਫੈਸਲਾ ਹੋਇਆ ।

14 ਮਾਰਚ, ਸੰਨ 1823 (1 ਚੇਤ ਸੰਮਤ 1879) ਨੂੰ ਸਰਹੱਦੀ ਗਾਜ਼ੀ ਅਤੇ ਮੁਲਖੈਯੇ ਦੀ "ਤਰਕੀ" ਨਾਮਕ ਜੰਗ ਭੂਮੀ (ਜੋ ਨੁਸ਼ਹਿਰੇ ਦੀ ਲੜਾਈ ਦੇ ਨਾਮ ਨਾਲ ਵੀ ਜਾਣੀ ਜਾਂਦੀ ਹੈ) ਦੀ ਭਾਰੀ ਲੜਾਈ ਵਿਚ ਸ਼ਹਿਜ਼ਾਦਾ ਸ਼ੇਰ ਸਿੰਘ, ਸਰਦਾਰ ਹਰੀ ਸਿੰਘ ਨਲਵਾ, ਦੇਸਾ ਸਿੰਘ ਮਜੀਠੀਆਂ, ਮਿਸਰ ਦਿਵਾਨ ਚੰਦ ਅਤੇ ਸ਼ਾਮ ਸਿੰਘ ਅਟਾਰੀ ਵਾਲਾ ਦੀ ਸਹਾਇਤਾ ਲਈ ਅਕਾਲੀ ਫੂਲਾ ਸਿੰਘ ਵੀ ਉਤਰੇ ਸੀ। ਮਹਾਰਾਜਾ ਰਣਜੀਤ ਸਿੰਘ ਦੇ ਆਦੇਸ਼ ਤੇ ਹਮਲਾ ਕਰਨ ਦੀ ਅਰਦਾਸ ਕੀਤੀ ਗਈ। ਇਸ ਸਮੇਂ ਇਕ ਖਬਰ ਆਈ ਕਿ ਦੁਸ਼ਮਨ ਨੇ ਵੱਡਾ ਤੋਪਖਾਨੇ ਦਾ ਪ੍ਰਬੰਧ ਕਰ ਲਿਆ ਹੈ। ਖਾਲਸਾ ਫੌਜ ਲਈ ਜੈਨਰਲ ਵੈਨਤੁਰਾ(ਵੈਨਚੁਰਾ)ਦੀ ਕਮਾਂਡ ਹੇਠ ਪਿੱਛੋਂ ਆਉਣ ਵਾਲੀ ਤੋਪਖਾਨਾ ਸਪਲਾਈ ਦੀ ਉਡੀਕ ਵਿਚ ਹਮਲਾ ਕੁਝ ਦੇਰ ਪਿੱਛੇ ਪਾਉਣ ਦੀ ਤਜ਼ਵੀਜ਼ ਕੀਤੀ ਗਈ। ਅਕਾਲੀ ਫੂਲਾ

ਸਿੰਘ ਅਰਦਾਸਾ ਸੋਧਣ ਤੋਂ ਬਾਅਦ, ਮੁਹਿੰਮ ਨੂੰ ਰੋਕਣਾ ਸਿੱਖੀ ਸ਼ਾਨ ਦੇ ਖ਼ਿਲਾਫ਼ ਸਮਝਦੇ ਸਨ। ਮਹਾਰਾਜਾ ਰਣਜੀਤ ਸਿੰਘ ਨਾਲ ਮੱਤਭੇਦ ਹੋਣ ਕਾਰਨ, ਅਕਾਲੀ ਫੂਲਾ ਸਿੰਘ ਆਪਣੇ 500 ਸਵਾਰਾਂ ਨਾਲ ਦਰਿਆ ਪਾਰ ਕਰ ਕੇ ਮੈਦਾਨ ਵਿਚ ਕੁੱਦ ਪਏ। ਵੱਡੀ ਵੀਰਤਾ ਨਾਲ ਲੜਦਿਆਂ, ਅਕਾਲੀ ਜੀ ਦਾ ਦਸਤਾ, ਦੁਸ਼ਮਣਾਂ ਦੇ ਲਾਹੂ ਲਾਣ ਲੱਗਾ। ਦੁਸ਼ਮਨਾਂ ਨੇ ਅਕਾਲੀ ਫੂਲਾ ਸਿੰਘ ਨੂੰ ਕਮਜ਼ੋਰ ਕਰਨ ਲਈ, ਸਿੰਘ ਸਾਹਿਬ ਦੇ ਨਾਲ ਉਨ੍ਹਾਂ ਦੇ ਘੋੜੇ ਨੂੰ ਵੀ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ। ਅਕਾਲੀ ਜੀ ਦੀ ਟੰਗ ਤੇ ਗੋਲੀ ਲੱਗਣ ਦੇ ਨਾਲ ਹੀ, ਇੱਕ ਗੋਲੀ ਅਕਾਲੀ ਜੀ ਦੇ ਘੋੜੇ ਨੂੰ ਵੀ ਲੱਗੀ। ਘੋੜਾ ਗੋਲੀ ਲੱਗ ਜਾਣ ਨਾਲ ਜ਼ਖ਼ਮੀ ਹੋ ਕੇ ਡਿੱਗ ਪਿਆ। ਅਕਾਲੀ ਫੂਲਾ ਸਿੰਘ ਆਪਣੇ ਜ਼ਖ਼ਮੀ ਘੋੜੇ ਤੋਂ ਉਤਰ, ਇੱਕ ਹਾਥੀ ਤੇ ਸਵਾਰ ਹੋ ਕੇ ਦੁਸ਼ਮਨਾਂ ਦਾ ਨੁਕਸਾਨ ਕਰਨ ਅਤੇ ਆਪਣੇ ਦਸਤੇ ਦਾ ਹੌਸਲਾ ਵਧਾਉਣ ਲੱਗੇ। ਹਰ ਪਾਸੇ ਲਾਸ਼ਾਂ ਹੀ ਲਾਸ਼ਾ ਨਜ਼ਰ ਆਉਣ ਲੱਗੀਆਂ। ਹਾਥੀ ਦੇ ਹੌਦੇ ਤੇ ਸਵਾਰ, ਅਕਾਲੀ ਫੂਲਾ ਸਿੰਘ ਜੀ ਦੁਸ਼ਮਨ ਦੀ ਗੋਲੀ ਦਾ ਆਸਾਨ ਸ਼ਿਕਾਰ ਬਣ ਗਏ। ਅਕਾਲੀ ਜੀ ਦੇ ਜਿਸਮ ਤੇ ਸੱਤ ਗੋਲੀਆਂ ਦੇ ਜ਼ਖ਼ਮ ਲਗਣ ਦੇ ਬਾਵਜੂਦ, ਜੰਗ ਵਿਚ ਫਤਹਿ ਹਾਸਲ ਕਰ ਕੇ ਅਕਾਲੀ ਫੂਲਾ ਸਿੰਘ ਜੀ ਨੇ ਸ਼ਹਾਦਤ ਦਾ ਜਾਮ ਪੀਤਾ। ਇਸ ਜਿੱਤ ਨੇ ਨਾਲ ਸਿੱਖਾਂ ਨੇ ਇਤਿਹਾਸ ਦਾ ਰੁੱਖ ਹੀ ਮੋੜ ਦਿੱਤਾ। ਇਸ ਤੋਂ ਬਾਅਦ, ਕਿਸੇ ਪਠਾਨ ਹਮਲਾ-ਆਵਰ ਨੇ ਪੰਜਾਬ ਵੱਲ ਮੂੰਹ ਕਰਨ ਦਾ ਹੌਸਲਾ ਨਹੀਂ ਕੀਤਾ। "Ranjit Singh had brought Peshawar under his sway, but the complete reduction of the province, was yet to cost him an arduous warfare of many years." History of Sikhs by JDCunnigham page 163)*** ਨੁਸ਼ਹਿਰੇ ਤੋਂ ਚਾਰ ਮੀਲ ਦੀ ਦੂਰੀ ਤੇ, ਲੁੰਡੇ ਦਰਿਆ ਦੇ ਕਿਨਾਰੇ ਤੇ ਅਕਾਲੀ ਫੂਲਾ ਸਿੰਘ ਜੀ ਦਾ ਸੰਪੂਰਨ ਸਿੱਖ ਮਰਿਯਾਦਾ ਅਨੁਸਾਰ ਸਸਕਾਰ ਕੀਤਾ ਗਿਆ ਅਤੇ ਫੁੱਲਾਂ ਨੂੰ ਲੁੰਡੇ ਦਰਿਆ ਦੀ ਭੇਟ ਕੀਤਾ ਗਿਆ। ਲੁੰਡੇ ਦਰਿਆ ਦੇ ਕਿਨਾਰੇ ਅਕਾਲੀ ਜੀ ਦਾ ਸ਼ਹੀਦਗੰਜ ਵਿਦਿਯਮਾਨ ਹੈ। ਅੰਮ੍ਰਿਤਸਰ ਵਿਖੇ, ਬੁਰਜ ਬਾਬਾ ਫੂਲਾ ਸਿੰਘ, ਬਹਾਦੁਰ ਜੱਥੇਦਾਰ ਦੀ ਯਾਦ ਸਦੀਵ ਕਾਲ ਲਈ ਤਾਜ਼ਾ ਕਰਦਾ ਰਹੇਗਾ।

ਅੰਤਮ ਰੂਪ ਵਿਚ, "5 ਮਈ ਸੰਨ 1834 ਈਸਵੀ ਨੂੰ ਕੰਵਰ-ਨੌਨਿਹਾਲ ਸਿੰਘ ਨੇ ਪਿਸ਼ਾਵਰ ਉੱਤੇ ਕਬਜ਼ਾ ਕਰਕੇ, ਬਾਬਾ ਹਿਸਾਰ ਦੇ ਕਿਲ੍ਹੇ ਉੱਤੇ ਖਾਲਸਈ ਨਿਸ਼ਾਨ ਝੁਲਾਇਆ ਤੇ ਕਿਲ੍ਹੇ ਦਾ ਨਾਮ ਸੁਮੇਰਗੜ੍ਹ ਰੱਖਿਆ।" ਸ਼੍ਰੋਮਣੀ ਡਾਇਰੀ, 1992 ਧਰਮ ਪ੍ਰਚਾਰ ਕਮੇਟੀ,(ਸ਼੍ਰੋਮਣੀ ਗੁ ਪ੍ਰ ਕਮੇਟੀ) ਅੰਮ੍ਰਿਤਸਰ। ਇਸ ਐਲਾਨ ਦੇ ਨਾਲ ਪਿਸ਼ਾਵਰ ਖਾਲਸਾ ਰਾਜ ਦਾ ਪੂਰਨ ਭਾਗ ਬਣ ਗਿਆ।

ਨਿਰਸੰਦੇਹ, ਅਕਾਲੀ ਫੂਲਾ ਸਿੰਘ ਜੀ ਜਮਾਂਦਰੂ ਲੀਡਰ ਸਨ, ਜੋ ਸਿੱਖ ਗੁਰੂ ਸਾਹਿਬਾਨ ਦੁਆਰਾ ਦਰਸਾਈ ਮਰਿਯਾਦਾ ਅਨੁਸਾਰ, ਜੀਵਨ ਜੀਉਣ ਵਿਚ ਯਕੀਨ ਕਰਦੇ ਸੀ। ਅਕਾਲੀ ਫੂਲਾ ਸਿੰਘ ਜੀ, ਸਿੱਖ ਕੌਮ ਦੇ, ਦੋ ਟੁਕ ਖਰੀ-ਖਰੀ ਗਲ ਕਰਨ ਵਾਲੇ, ਨਿਧੜਕ ਜੱਥੇਦਾਰ ਸਨ। ਇਹ ਅਕਾਲੀ ਫੂਲਾ ਸਿੰਘ ਜੀ ਹੀ ਸਨ, ਜੋ ਇਕ ਨਾਚੀ ਮੋਰਾਂ ਨਾਲ ਵਿਆਹ ਰਚਾਉਣ ਦੇ ਜੁਰਮ



ਵਿਚ, ਮਹਾਰਾਜਾ ਰਣਜੀਤ ਸਿੰਘ ਨੂੰ ਸਿੱਖ ਮਰਿਯਾਦਾ ਭੰਗ ਕਰਨ ਦਾ ਦੋਸ਼ੀ ਠਹਿਰਾਉਣ ਦਾ ਜਿਗਰਾ ਰਖਦੇ ਸਨ। ਸਿੱਖ ਮਰਿਯਾਦਾ ਭੰਗ ਕਰਨ ਦੇ ਜੁਰਮ ਵਿੱਚ, ਮਹਾਰਾਜਾ ਰਣਜੀਤ ਸਿੰਘ ਨੂੰ ਤਨਖ਼ਾਈਆਂ ਕਰਾਰ ਕਰਦਿਆਂ ਅਕਾਲ ਬੁੰਗਾ (ਸ੍ਰੀ ਅਕਾਲ ਤਖ਼ਤ ਸਾਹਿਬ) 'ਤੇ ਪੇਸ਼ ਹੋਣ ਲਈ ਹੁਕਮਨਾਮਾ ਜਾਰੀ ਕਰਨ ਦਾ ਹੌਂਸਲਾ ਵੀ ਕੇਵਲ ਤੇ ਕੇਵਲ ਅਕਾਲੀ ਫੂਲਾ ਸਿੰਘ ਜੀ ਵਿਚ ਹੀ ਸੀ। ਅਜਿਹਾ ਹੌਸਲਾ ਵੀ ਉਹ ਮਨੁੱਖ ਹੀ ਦਿਖਾ ਸਕਦਾ ਹੈ ਜਿਸ ਦਾ ਆਪਣਾ ਜੀਵਨ ਵੀ ਇੱਕ ਆਦਰਸ਼ਕ ਜੀਵਨ ਹੋਵੇ।

ਮਹਾਰਾਜਾ ਰਣਜੀਤ ਸਿੰਘ ਨੇ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਕੀਤੇ, ਹੁਕਮਨਾਮੇ ਦੀ ਅਹਿਮੀਅਤ ਨੂੰ ਪਰਵਾਨ ਕਰਦਿਆਂ, ਖੁੱਦ ਨੂੰ ਅਕਾਲ ਬੁੰਗਾ (ਤਖਤ ਸਾਹਿਬ) ਤੇ ਹਾਜ਼ਰ ਹੋ ਕੇ, ਆਪਣੀ ਗਲਤੀ ਕਬੂਲ ਕਰਦਿਆਂ, 100 ਕੋੜੇ ਖਾਣ ਦੀ ਸਜ਼ਾ ਸਵੀਕਾਰ ਕੀਤੀ। (ਰਣਜੀਤ ਸਿੰਘ ਦਿਆਂ ਵਕਤਾਂ ਵਿੱਚ ਅਮੀਰਾਂ, ਨਵਾਬਾਂ ਆਦਿ ਵਿੱਚ ਬਹੁ-ਵਿਆਹ ਅਤੇ ਕੋਠਿਆਂ ਤੇ ਨਾਚ ਦੇਖਣ ਜਾਣ ਦਾ ਰਿਵਾਜ਼ ਅਮੀਰਾਂ ਦੇ ਸ਼ੌ... ਸਮਝਿਆ ਜਾਂਦਾ ਸੀ।

ਮਹਾਰਾਣੀ ਮਹਿਤਾਬ ਕੌਰ ਅਤੇ ਸਦਾ ਕੌਰ ਦੋ ਪਤਨੀਆਂ ਹੋਣ ਦੇ ਬਾਵਜੂਦ, ਰਣਜੀਤ ਸਿੰਘ ਮੋਰਾਂ ਨਾਮਕ ਨਾਚੀ ਦੇ ਹੁਸਨ ਦੇ ਜਾਲ ਵਿੱਚ ਫਸ ਕੇ ਉਸ ਨਾਲ ਵਿਆਹ ਰਚਾਉਣ ਦਾ ਚਾਹਵਾਨ ਹੋ ਗਿਆ। ਮੋਰਾਂ ਦਾ ਸਰਪ੍ਰਸਤ ਮੀਆਂ ਸਮਦੂ ਅੰਦਰੋਂ ਜਾਣਦਾ ਸੀ ਕਿ, ਜਵਾਨ ਕੁੜੀਆਂ ਵੱਲ ਆਕਰਸ਼ਤ ਹੋਣਾਂ ਨਵਾਬਾਂ ਅਤੇ ਰਾਜਿਆਂ ਦਾ ਸ਼ੌਕ ਹੈ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਉਸ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਇਕ ਨਾ ਮੰਨੀ ਜਾ ਸਕਣ ਵਾਲੀ ਖਾਨਦਾਨੀ ਰਵਾਇਤ ਦਸ ਕੇ ਵਿਆਹ ਦੇ ਚੱਕਰ ਤੋਂ ਹੋੜਨ ਦੀ ਕੋਸ਼ਿਸ਼ ਕੀਤੀ ਸੀ। ਇਹ ਵੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਰਣਜੀਤ ਸਿੰਘ ਮੋਰਾਂ ਦੇ ਹੁਸਨ ਤੋਂ ਇਤਨਾ ਪ੍ਰਭਾਵਤ ਹੋ ਚੁਕਿਆ ਸੀ ਕਿ ਉਸ ਨੇ ਹਰ ਸ਼ਰਤ ਮਨਜ਼ੂਰ ਕਰਨ ਲਈ ਹਾਂ ਕਰ ਦਿੱਤੀ। ਲਾਹੌਰ ਕਿਲ੍ਹੇ ਤੋਂ ਸ਼ਾਲਾਮਾਰ ਬਾਗ ਦੇ ਸੱਤ ਮੀਲ ਦੇ ਰਸਤੇ ਤੇ ਬੜੀ ਸ਼ਾਨ-ਓ ਸ਼ੌਕਤ ਨਾਲ ਹਾਥੀਆਂ, ਘੋੜਿਆਂ ਅਤੇ ਪਾਲਕੀਆਂ ਦੀ ਸਜਾਵਟ ਨਾਲ ਮਹਾਰਾਜਾ ਰਣਜੀਤ ਸਿੰਘ ਦੀ ਬਾਰਾਤ ਚੜ੍ਹੀ ਸੀ। ਅਕਾਲੀਆਂ ਨੇ ਇਸ ਨੂੰ ਕੌਮ ਦੀ ਤੌਹੀਨ ਮੰਨਦਿਆਂ ਅਕਾਲੀ ਫੂਲਾ ਸਿੰਘ ਨੂੰ ਦਸ ਪਾ ਦਿੱਤੀ। ਅਕਾਲੀ



ਮਹਾਰਾਜਾ ਰਣਜੀਤ ਸਿੰਘ ਨੂੰ ਅਕਾਲ ਬੁੰਗਾ (ਅਕਾਲ ਤਖ਼ਤ ਸਾਹਿਬ) ਦੇ ਜੱਥੇਦਾਰ ਦੀ ਹੈਸੀਅਤ ਵਿਚ ਤਲਬ ਕੀਤਾ। ਅਕਾਲੀ ਫ਼ੂਲਾ ਸਿੰਘ ਨੇ, ਮਹਾਰਾਜਾ ਰਣਜੀਤ ਸਿੰਘ ਨੂੰ ਸਿੱਖ ਮਰਿਯਾਦਾ ਦੀ ਉਲੰਘਣਾ ਕਰਨ ਦੇ ਦੋਸ਼ ਵਿੱਚ, ਤਨਖਾਹੀਆ (ਮੁਜਰਿਮ) ਠਹਿਰਾਂਦਿਆਂ, ਅਕਾਲ ਬੁੰਗੇ ਦੇ ਸਾਹਮਣੇ ਰੁੱਖ ਨਾਲ ਬਨ੍ਹ ਕੇ ਸੌ ਕੌੜੇ ਮਾਰਨ ਦੀ ਸਜ਼ਾ ਸੁਣਾਈ। ਮਹਾਰਾਜਾ ਰਣਜੀਤ ਸਿੰਘ ਦਾ ਹੌਲਸਾ ਸੀ ਜੋ ਅਜਿਹੀ ਸਜ਼ਾ ਨੂੰ ਖਿੜੇ-ਮੱਥੇ ਪ੍ਰਵਾਨ ਕਰਦਿਆਂ ਕੌੜੇ ਖਾਣ ਲਈ ਹਾਜ਼ਰ ਹੋ ਗਿਆ। ਮਹਾਰਾਜੇ ਦੇ ਰੁਤਬੇ ਦੇ ਲਿਹਾਜ਼ ਵਿੱਚ, ਪੰਜ ਪਿਆਰਿਆਂ ਨੇ ਖ਼ਾਲਸਾ ਰੂਪ ਹੋ ਕੇ, ਜੱਥੇਦਾਰ ਜੀ ਨੂੰ ਕੋੜੇ ਮਾਰਨ ਦੀ ਸਜ਼ਾ ਨੂੰ ਆਰਥਕ ਸਜ਼ਾ ਵਿੱਚ ਤਬਦੀਲ ਕਰਨ ਦੀ ਤਜ਼ਵੀਜ਼ ਪੇਸ਼ ਕੀਤੀ। ਜੱਥੇਦਾਰ ਅਕਾਲੀ ਫੂਲਾ ਸਿੰਘ ਜੀ ਦਾ ਕਹਿਣਾ ਸੀ ਕਿ ਅਕਾਲ ਬੁੰਗਾ (ਅਕਾਲ ਤਖ਼ਤ ਸਾਹਿਬ) ਨੂੰ ਮਾਇਆ ਦੀ ਘਾਟ ਨਹੀਂ, ਗੱਲ ਸਿੱਖ ਮਰਿਯਾਦਾ ਦੀ ਹੈ। ਇਤਿਹਾਸਕਾਰ ਲਿਖਦੇ ਹੇਨ ਕਿ, ਪੰਜ ਪਿਆਰਿਆਂ ਦੀ ਤਜ਼ਵੀਜ਼ ਅਤੇ ਮਹਾਰਾਜਾ ਰਣਜੀਤ ਸਿੰਘ ਦੁਆਰਾ ਆਪਣੀ ਗਲਤੀ ਸਵੀਕਾਰ ਕਰਦਿਆਂ, ਖ਼ੁਦ ਨੂੰ ਸਜ਼ਾ ਭੁਗਤਣ ਲਈ ਹਾਜ਼ਰ ਕਰਨ ਨੂੰ ਧਿਆਨ ਵਿੱਚ ਰਖਦਿਆਂ, ਸੌ ਕੌੜਿਆਂ ਦੀ ਤਨਖਾਹ (ਸਜ਼ਾ) ਨੂੰ ਜੱਥੇਦਾਰ ਅਕਾਲੀ ਫੂਲਾ ਸਿੰਘ ਜੀ ਨੇ ਇੱਕ ਕੌੜੇ ਦੀ ਰਸਮੀ ਸਜ਼ਾ ਵਿਚ ਬਦਲ ਦਿੱਤਾ।)

***This battle of Teree was won for Ranjeet, after all hope of victory had fled, by the bravery of Phoola Singh, so gallantly supported by his little troop of Akalees. The heroism of the Akaleess chief won the applause of both Seik and Mussulman, and the tomb erected over his remains on the spot where he fell, although watched and attended by a party of Akalees, had become a place of pilgrimage for Hindoos and Mohomedans alike. It stands at Naoshera on the Yosoofzie side of the Loonda or Cabul River. (The Reiging family of Lahore by Major Carmicheal Smyth)

ਅੰਗੇਜ਼ੀ ਫੌਜ ਦੇ ਇੱਕ ਅਫਸਰ ਆਰ ਡਬਲੀਊ ਬਿੰਘਮ (R W Bingham) ਦੁਆਰਾ, ਪਹਿਲੀ ਸਿੱਖ/ਅੰਗ੍ਰੇਜ਼ ਲੜਾਈ ਤੋਂ ਬਾਅਦ, ਅਕਤੂਬਰ, ਸੰਨ 1850ਈ ਵਿੱਚ ਅੰਗ੍ਰੇਜ਼ੀ ਭਾਸ਼ਾ ਵਿਚ ਜਨਰਲ ਗਿਲਬਰਟ ਦੀ ਕਿਤਾਬ, ਰੇਡ ਟੂ ਦੀ ਖ਼ੈਬਰ 'General Gilbert's RAID TO THE KHYBER' ਵਿੱਚ ਅਕਾਲੀ ਫੂਲਾ ਸਿੰਘ ਦੀ ਸ਼ਾਨ ਵਿਚ,ਅੰਗ੍ਰੇਜ਼ੀ ਭਾਸ਼ਾ ਵਿੱਚ ਲਿੱਖੀ ਇਕ ਕਵਿਤਾ ਮਿਲਦੀ ਹੈ, ਜੋ ਇਸ ਤੱਥ ਦੀ ਗਵਾਹੀ ਦਿੰਦੀ ਹੈ ਕਿ ਅਕਾਲੀ ਜੀ ਦੇ ਵਿਰੋਧੀ/ਮੁਖ਼ਾਲਿਫ ਵੀ ਅਕਾਲੀ ਜੀ ਦੁਆਰਾ ਦਰਸਾਈ ਬਹਾਦੁਰੀ ਦੀ ਵਡਿਆਈ/ਕਦਰ ਕੀਤੇ ਬਿਨਾ ਨਾ ਰਹਿ ਸਕੇ।

'Tis Paola sing* who heads the band,
but sure I saw him fall
When first he led his heroes on,
struck by a musket ball
Now mounted on an elephant,
he leads them on again
But much I fear,
five hundred men will waste their lives in vain
'Come on ye Sikhs! Come on once more,
'cried out the brave Sirdar
'Come follow me, and we will change,
the fortune of war.'
"Wah! Gooroojee ka futteh jee!
Wah! Khalsajee! he cried
But not a Khalsa soldier still,
to that wild cheer replied
Their silence, nor their trembling look,
did that fierce chief dismay
But boldly with his gallant band,
he rushed into the fray
The Afghans nothing loth came down,
the fight grew fierce still
Yet onward press the gallant few,
for that contested hill
Like hailstones rained the leaden storm,
around, above, below
But yet the dauntless lessening band,
press onward on the foe

Their leader on the elephant,
still forward led the way
His was the guiding spirit dtill,
abobe the bloody fray
He watched his time, then gave the word,
each man released his steed
And drove him through thr Moslem ranks,
with fury-winged speed Their matchlocks on the ground they threw and drew the fierce tulwar And higher up that bloody hill,
the bore the tide of war.
Again the Khalsa troops advanced,
remembering former fame
They burn to wash in Afghan blood,
the morning's marks of shame
And fierce raged the stubborn strife,
not so unequal then
But Paola Sing, thr Nohang Chief,
had lost three hundred men
Himself once more was wounded,
still like a flaming star
Leading the strife,
was fairly seen his flasing scimitar
And fierce still the battle grew,
and louder still was cried
The 'Allah Ho. 'from Moslem ranks -
'Wah Khalsajee.'replied
And still the Sikhs press on;
the Khalsa bayonets thrust
Makes many a brawny Affghan to bite
the trampled dust
But Paola Singh has fallen;
- his leadership is o'er
The doubly gallant Chieftain,
lies weltering in his gore
He fell on 'Terees' top;
he saw the black banner*** fly
Close by his side,
- the guiding star which led to Victory
He raised his thrilling cheer once more,
the bullet pierced his brain
He fell on slaughtered foes-he'll
never fight again
In vain, in vain were sword and lance,
in vain were helm and targer
Nor foot, nor horse, could there avail,
'gainst that resistless charge.
The Moslem ranks are wavering now,
their banners rent and torn.
"Wah Gooroojee, once more the cry,
and down the hill they're
As well resist an avalanche,
or whirlwind in its force, [borne,
As try to stem the dreadful
rush of bayonets in their course.
The plain and hill, were covered o'er,
the Loonda full of slain,
And since that day, the Afghans ne'er have dared the strife again;
But since the death of Paola Sing*,
have crouched before our power.
While we have ruled by right of arms
the valley of Peshawar.

(R W. Bingham. General Gilbert's Raid to the Khyber (Kindle Locations 931-937). W. Thacker, and Company. Kindle Edition.)

✵✵✵

– ਰਜਿੰਦਰ ਸਿੰਘ ਜੌਲੀ
43240 ਲਾਈਟ ਹਾਊਸ ਪਲੇਸ, ਸਾਊਥ ਰਾਇਡਿੰਗ,
ਵਰਜੀਨੀਆ–20152, ਫ਼ੋਨ : 703–327–1528

ਫਤਿਹ ਨਿਸ਼ਾਨ

# ਸਰਦਾਰ ਜੱਸਾ ਸਿੰਘ ਰਾਮਗੜ੍ਹੀਆ

ਸਰਦਾਰ ਜਸਾ ਸਿੰਘ ਰਾਮਗੜ੍ਹੀਆ (1723-1803 ਈਸਵੀ) ਮਿਸਲ ਰਾਮਗੜ੍ਹੀਆ ਦਾ ਮੀਰੇ-ਕਾਰਵਾਂ ਸੀ। ਅਠਾਰਵੀਂ ਸਦੀ ਦੇ ਦੂਜੇ ਅੱਧ ਵਿੱਚ ਉਹ ਸਿੱਖਾਂ ਦਾ ਮੰਨਿਆ ਹੋਇਆ ਮਸ਼ਹੂਰ ਸੈਨਕ ਕਮਾਂਡਰ ਸੀ। ਉਸ ਦੇ ਦਾਦਾ ਹਰਦਾਸ ਸਿੰਘ ਨੇ ਦਸ਼ਮੇਸ਼ ਪਿਤਾ ਦੇ ਮੁਬਾਰਕ ਹੱਥੋਂ ਖੰਡੇ ਦੀ ਪਾਹੁਲ ਲਈ ਸੀ। ਉਹ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਜੰਗਾਂ ਵਿੱਚ ਸ਼ਾਮਲ ਸੀ। ਜੱਸਾ ਸਿੰਘ ਦੇ ਪਿਤਾ ਸਰਦਾਰ ਭਗਵਾਨ ਸਿੰਘ 1739 ਈਸਵੀ ਵਿੱਚ ਨਾਦਰ ਸ਼ਾਹ ਨਾਲ ਲੜਦਿਆਂ ਸ਼ਹੀਦੀ ਜਾਮ ਪੀ ਗਏ ਸਨ। ਜੱਸਾ ਸਿੰਘ ਛੋਟੀ ਉਮਰੇ ਹੀ ਨੰਦ ਸਿੰਘ ਦੇ ਜੱਥੇ ਵਿੱਚ ਸ਼ਾਮਲ ਹੋਕੇ ਸ਼ਸਤਰ ਵਿਦਿਆ, ਘੋੜ ਸਵਾਰੀ ਅਤੇ ਯੁਧ ਨੀਤੀ ਦੀ ਕਲਾ ਵਿੱਚ ਮੁਹਾਰਤ ਹਾਸਲ ਕਰ ਲਈ ਸੀ। 1745 ਈਸਵੀ ਵਿੱਚ ਜੱਸਾ ਸਿੰਘ ਨੂੰ ਅਦੀਨਾ ਬੈਗ ਜਲੰਧਰ ਦੁਆਬ ਦੇ ਫ਼ੋਜਦਾਰ ਕੋਲ ਕੁੱਝ ਸ਼ਰਤਾਂ ਤੇ ਤਾਲਮੇਲ ਰੱਖਣ ਲਈ ਘਲਿਆ ਤਾਂ ਕਿ ਨਵਾਬ ਜ਼ਕਰੀਆ ਖ਼ਾਨ ਦੇ ਇਸ਼ਾਰੇ ਤੇ ਸਿੱਖਾਂ ਨੂੰ ਅਦੀਨਾ ਬੈਗ ਤੰਗ ਨਾ ਕਰੇ। ਚਲਾਕ ਅਦੀਨਾ ਬੈਗ ਨੇ ਜੱਸਾ ਸਿੰਘ ਨੂੰ 160 ਸਿੱਖਾਂ ਅਤੇ ਹਿੰਦੂਆਂ ਦੀ ਰੈਜੀਮੈਂਟ ਦਾ ਰਸਾਲਦਾਰ ਬਣਾ ਕੇ ਆਪਣੇ ਨਾਲ ਮਿਲਾ ਦਿੱਤਾ। ਜੱਸਾ ਸਿੰਘ ਉਸ ਕੋਲ ਬਹੁਤੀ ਦੇਰ ਨਾਲ ਨਾ ਰਹਿ ਸਕਿਆ।ਸਰਦਾਰ ਜੱਸਾ ਸਿੰਘ ਨੇ ਮੌਕਾ ਤਾੜ ਕੇ ਪੰਥ ਵਿੱਚ ਮਿਲਣ ਦਾ ਨਿਸ਼ਚਾ ਕੀਤਾ। ਬਕੌਲ ਗਿਆਨੀ ਕਰਤਾਰ ਸਿੰਘ ਕਲਾਸਵਾਲੀਆ :

ਮੌਕਾ ਤਾੜ ਕੇ ਪੰਥ ਨੇ ਖਤ ਲਿਖਯਾ
ਭੁੱਲਣਹਾਰ ਹੈ ਜੱਗ ਸਬਾਇ ਭਾਈ
ਭੁੱਲ ਮੰਨ ਕਰ ਕੇ ਜਿਹੜਾ ਸ਼ਰਨ ਆਵੇ
ਪੰਥ ਓਸਨੂੰ ਗਲੇ ਲਗਾਇ ਭਾਈ
ਜੱਸਾ ਸਿੰਘ ਨੂੰ ਪਹੁੰਚਿਆ ਖਤ ਜਦੋਂ
ਦਿਤਾ ਡੇਰੇ ਦੇ ਵਿਚ ਸੁਨਾਇ ਭਾਈ
ਕੀਤਾ ਪੰਥ ਮੁਆਫ ਕਸੂਰ ਸਾਡਾ
ਪੱਈਏ ਪੰਥ ਦੀ ਸ਼ਰਨੀ ਜਾਇ ਭਾਈ
ਗੁਰੂ ਪੰਥ ਤੋਂ ਰਹੇ ਬੇਮੁੱਖ ਜੇ ਕਰ
ਸਤਿਗੁਰੂ ਨ ਮੂੰਹ ਲਗਾਇ ਭਾਈ
ਬੇਮੁੱਖ ਹੋ ਕੇ ਮਰਨਾ ਪਾਪ ਭਾਰਾ
ਚੱਲੋ ਪੰਥ ਦੀ ਸ਼ਰਨ ਤਕਾਇ ਭਾਈ
ਰਾਤੋ ਰਾਤ ਸਲਾਹ ਕਰ ਸਭ ਡੇਰਾ



ਦਾਰੂ ਸਿੱਕਾ ਤੇ ਰਸਦ ਉਠਾਇ ਭਾਈ
ਲੱਭਾ ਹੋਰ ਭੀ ਸਾਜ਼ ਸਾਮਾਨ ਡਿੱਠਾ
ਜੱਸਾ ਸਿੰਘ ਲਿਆ ਲਦਵਾਇ ਭਾਈ
ਕਿਲ੍ਹੇ ਵਿਚ ਆ ਪੰਥ ਦੀ ਸ਼ਰਨ ਪਏ
ਕੀਤੇ ਸਭ ਗੁਨਾਹ ਬਖਸ਼ਾਇ ਭਾਈ
ਦਿਨੇ ਸੁਣ ਅਜ਼ੀਜ਼ ਕਰਤਾਰ ਸਿੰਘਾ
ਰਿਹਾ ਬਹੁਤ ਕਚੀਚੀਆਂ ਖਾਇ ਭਾਈ


(ਜੌਹਰ ਖਾਲਸਾ, ਨਵੰਬਰ 1958, ਅੰਕ 78)

ਜਦੋਂ ਸਿੱਖ ਅਕਤੂਬਰ 1748 ਈਸਵੀ ਨੂੰ ਅੰਮ੍ਰਿਤਸਰ ਵਿੱਚ ਦੀਵਾਲੀ ਮਨਾਉਣ ਲਈ ਇਕੱਠੇ ਹੋਏ ਤਾਂ ਮੀਰ ਮੰਨੂੰ ਨੇ ਅੰਮ੍ਰਿਤਸਰ ਤੇ ਹਮਲਾ ਕਰ ਦਿੱਤਾ। ਕਈ ਸਿੱਖ ਜੰਗਲਾਂ ਵੱਲ ਚੱਲੇ ਗਏ ਅਤੇ 500 ਦੇ ਕਰੀਬ ਸਿੱਖਾਂ ਨੇ ਰਾਮ ਰੌਣੀ ਦੇ ਕਿਲ੍ਹੇ ਵਿੱਚ ਪਨਾਹ ਲਈ। ਮਿੱਟੀ ਦਾ ਬਣਿਆ ਇਹ ਕਿਲਾ ਚਾਰ ਮਹੀਨੇ ਦੀਆਂ ਝੜਪਾਂ ਵਿੱਚ ਪੂਰੀ ਤਰ੍ਹਾਂ ਤਬਾਹ ਹੋ ਗਿਆ ਸੀ। ਦੀਵਾਨ ਕੌੜਾ ਮੱਲ ਸਹਿਜਧਾਰੀ ਸਿੱਖ ਨੂੰ ਕਹਿ ਕੇ ਜੱਸਾ ਸਿੰਘ ਨੇ ਮੁੱਗਲਾਂ ਦਾ ਘੇਰਾ ਚੁਕਾਇਆ। ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ ਅਨੁਸਾਰ ਦੋ ਸੋ ਸਿੰਘਾਂ ਨੇ ਜਾਮੇ ਸ਼ਹਾਦਤ ਪੀਤੇ। 1753 ਨਵੰਬਰ ਵਿੱਚ ਮੀਰ ਮੰਨੂੰ ਦਾ ਦੇਹਾਂਤ ਹੋ ਗਿਆ। ਸਿੰਘ ਫਿਰ ਇੱਕਠੇ ਹੋ ਕੇ ਰਾਮ ਰੌਣੀ ਦਾ ਕਿਲਾ ਦੁਬਾਰਾ ਉਸਾਰਨ ਲਈ ਜੱਸਾ ਸਿੰਘ ਨੂੰ ਬੇਨਤੀ ਕੀਤੀ। ਜੱਸਾ ਸਿੰਘ ਨੇ ਆਪਣੇ ਸੈਨਿਕਾਂ ਦੀ ਮਦਦ ਨਾਲ ਦੁਬਾਰਾ ਕਿਲਾ ਉਸਾਰ ਕੇ ਨਾਮ ਰਾਮਗੜ੍ਹ ਰੱਖਿਆ। ਇਸ ਤੋਂ ਬਾਅਦ ਉਨ੍ਹਾਂ ਦੇ ਨਾਮ ਨਾਲ ਸ਼ਬਦ ਰਾਮਗੜ੍ਹੀਆ ਪ੍ਰਸਿੱਧ ਹੋ ਗਿਆ। ਅਪ੍ਰੈਲ 1758 ਈ ਨੂੰ ਅਦੀਨਾ ਬੈਗ ਪੰਜਾਬ ਦਾ ਗਵਰਨਰ ਬਣਿਆ। ਉਸ ਨੇ ਮੀਰ ਅਜ਼ੀਜ਼ ਬਖਸ਼ੀ ਨੂੰ ਭਾਰੀ ਫ਼ੌਜ ਦੇ ਕੇ ਅੰਮ੍ਰਿਤਸਰ ਤੇ ਹਮਲਾ ਕਰਵਾਇਆ। ਜੱਸਾ ਸਿੰਘ ਰਾਮਗੜ੍ਹੀਆ, ਜੈ ਸਿੰਘ ਘਨਈਆ ਅਤੇ ਅਮਰ ਸਿੰਘ ਕਾਂਗੜਾ ਨੇ ਰਾਮਗੜ੍ਹ ਕਿਲੇ ਵਿੱਚ ਪਨਾਹ ਲਈ। ਕਾਫ਼ੀ ਦਿਨ ਗਹਿ-ਗੱਚ ਲੜਾਈ ਹੋਈ । ਦੋਵੇਂ ਪਾਸੇ ਤੋਂ ਲੜਾਈ ਵਿੱਚ ਕਾਫ਼ੀ ਸੈਨਕ ਮਾਰੇ ਗਏ। ਆਖਰ ਕਿਲਾ ਸਿੱਖਾਂ ਨੂੰ ਖਾਲੀ ਕਰਨਾ ਪਿਆ। 1758 ਦੇ ਸਤੰਬਰ ਦੇ ਮਹੀਨੇ ਅਦੀਨਾ ਬੈਗ ਦੀ ਮੌਤ ਤੋਂ ਬਾਅਦ ਸਿੱਖਾਂ ਨੇ ਪੰਜਾਂ ਵਿਚੋਂ ਚਾਰ ਦੁਆਬਿਆਂ ਤੇ ਕਬਜ਼ਾ ਕਰ ਲਿਆ। ਥੋੜੇ ਸਮੇਂ ਵਿੱਚ ਹੀ ਜੱਸਾ ਸਿੰਘ ਰਾਮਗੜ੍ਹੀਆ ਦੱਲ ਖਾਲਸਾ ਦਾ ਪ੍ਰਮੁੱਖ ਆਗੂ ਬਣ ਕੇ ਉੱਭਰਿਆ। 1770 ਈ ਵਿੱਚ ਉਸ ਨੇ ਪਹਾੜੀ ਰਾਜਾਂ ਤੇ ਹਮਲੇ ਬੋਲੇ ਅਤੇ ਕਾਂਗੜਾ ਆਦਿ ਤੋਂ ਦੋ ਲੱਖ ਰੁਪਏ ਦੇ ਨਜ਼ਰਾਨੇ ਲਏ। ਬਿਆਸ ਦੇ ਕਿਨਾਰੇ ਕਿਲਾ ਤਲਵਾੜਾ ਉਸਾਰਿਆ ਅਤੇ ਆਪਣੇ ਭਰਾਤਾ ਸਰਦਾਰ ਮਾਲੀ ਸਿੰਘ ਨੂੰ ਭਾਰੀ ਫ਼ੌਜ ਦੇ ਕੇ ਤਾਇਨਾਤ ਕੀਤਾ। 'ਮਹਾਨ ਕੋਸ਼' ਦੇ ਕਰਤਾ ਅਨੁਸਾਰ ਹਿਸਾਰ ਦੇ ਹਾਕਮ ਪਾਸੋਂ ਬ੍ਰਾਹਮਣ ਲੜਕੀਆਂ ਨੂੰ ਜੰਗ ਕਰ ਕੇ ਛੁਡਾਉਣ ਤੋਂ ਉਸ ਦੇਸ਼ ਵਿੱਚ ਵੱਡੀ ਮਹਿਮਾ ਹੋਈ। ਅਹਿਮਦ ਸ਼ਾਹ ਅਬਦਾਲੀ ਦੀਆਂ ਫੋਜਾਂ ਨਾਲ ਵੀ ਇਨ੍ਹਾਂ ਦੀਆਂ ਝੜਪਾਂ ਹੁੰਦੀਆਂ ਸਨ। ਜਦੋਂ ਅਫ਼ਗਾਨ ਪੰਜਾਬ ਦੀ ਧਰਤੀ ਤੋਂ ਚਲੇ ਗਏ ਤਾਂ ਬਦਕਿਸਮਤੀ ਦਾ ਆਲਮ ਸੀ ਕਿ ਸਿੱਖ ਜਰਨੈਲ ਆਪਸ ਵਿੱਚ ਹੀ ਲੜਨੇ ਸ਼ੁਰੂ ਹੋ ਜਾਂਦੇ ਸਨ।

ਸਿੱਖਾਂ ਨੇ ਦਿੱਲੀ ਤੇ ਕਬਜ਼ਾ ਕਰ ਲਿਆ ਅਤੇ ਲਾਲ ਕਿਲੇ ਤੇ ਕੇਸਰੀ ਨਿਸ਼ਾਨ ਝੂੱਲਾ ਦਿੱਤਾ। ਜੱਸਾ ਸਿੰਘ ਆਹਲੂਵਾਲੀਆ ਨੂੰ 11 ਮਾਰਚ 1783 ਈ ਨੂੰ ਤਖੱਤ ਤੇ ਬਿਠਾਇਆ ਗਿਆ। ਸਾਰਿਆਂ ਜਰਨੈਲਾਂ ਨੇ ਮਿੱਲ ਕੇ ਗੁਰਦੁਆਰਾ ਸੀਸ ਗੰਜ ਅਤੇ ਗੁਰਦੁਆਰਾ ਰਕਾਬ ਗੰਜ ਦੀ ਉਸਾਰੀ ਵਿੱਚ ਹਿੱਸਾ ਪਾਇਆ। ਇਸੇ ਸਮੇਂ ਦੌਰਾਨ ਜੱਸਾ ਸਿੰਘ ਰਾਮਗੜ੍ਹੀਆ ਨੇ ਲਾਲ ਕਿਲ੍ਹੇ ਦਾ ਉਹ ਤੱਖਤ ਪੁੱਟ ਕੇ ਹਾਥੀਆਂ ਨਾਲ ਬੰਨ ਕੇ ਦਰਬਾਰ ਸਾਹਿਬ ਅੰਮ੍ਰਿਤਸਰ ਲਿਆਂਦਾ ਸੀ ਜੋ ਅੱਜ ਵੀ ਬੁੰਗਾਂ ਰਾਮਗੜ੍ਹੀਆ ਵਿੱਚ ਸੁਰੱਖਿਅਤ ਹੈ। ਗੌਰਤਲਬ ਹੈ ਕਿ ਇਹ ਉਹ ਹੀ ਤੱਖਤ ਹੈ ਜਿਸ ਤੇ ਬਹਿ ਕੇ ਬਾਦਸ਼ਾਹ ਔਰੰਗਜ਼ੇਬ ਨੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਸ਼ਹੀਦ ਕਰਨ ਦਾ ਫ਼ੁਰਮਾਨ ਜਾਰੀ ਕੀਤਾ ਸੀ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਮੇਰਠ 'ਤੇ ਹਮਲਾ ਕੀਤਾ ਅਤੇ ਦਸ ਹਜ਼ਾਰ ਰੁਪਏ ਸਾਲਾਨਾ ਨਵਾਬ ਨੇ ਅਦਾ ਕੀਤੇ। ਜੱਸਾ ਸਿੰਘ ਆਹਲੂਵਾਲੀਆ ਦੇ ਦੇਹਾਂਤ ਤੋਂ ਬਾਅਦ ਦੱਲ ਖਾਲਸਾ ਖੇਰੂੰ ਖੇਰੂੰ ਹੋ ਗਿਆ। ਆਖਰ ਜੱਸਾ ਸਿੰਘ ਰਾਮਗੜ੍ਹੀਆ ਨੂੰ ਪੰਜਾਬ ਆ ਕੇ ਖੋਈਆਂ ਹੋਈਆਂ ਪ੍ਰਦੇਸ਼ ਇਕਾਈਆਂ ਨੂੰ ਦੁਬਾਰਾ ਹਾਸਲ ਕੀਤਾ। ਜੱਸਾ ਸਿੰਘ ਰਾਮਗੜ੍ਹੀਆ ਨੂੰ ਬੜੀ ਦੁਆਬ, ਜਲੰਧਰ ਦੁਆਬ, ਕਾਂਗੜਾ, ਨੂਰਪੁਰ, ਮੰਡੀ ਅਤੇ ਚੰਬਾ ਤੋਂ ਦੋ ਲੱਖ ਰੁਪਏ ਨਜ਼ਰਾਨੇ ਮਿਲਦੇ ਸਨ। ਆਖਰ ਇਹ ਸੂਰਬੀਰ ਯੋਧਾ ਗੁਰਬਾਣੀ ਨੁਮਾ ਜੀਵਨ ਜੀਣ ਵਾਲਾ,ਵੰਡ ਕੇ ਛੱਕਣ ਵਾਲਾ 80 ਸਾਲ ਪੂਰੇ ਕਰ ਕੇ 20 ਅਪ੍ਰੈਲ 1803 ਈ ਨੂੰ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਿਆ।

❋❋❋

– ਡਾਕਟਰ ਜਸਬੀਰ ਸਿੰਘ ਸਰਨਾ
ਸੰਤ ਨਿਵਾਸ, ਆਰ-11, ਸਰਵਨ ਕਾਲੌਨੀ, ਗੋਲ ਗੁਜ਼ਲਾਰ,
ਜੰਮੂ ਤਵੀ-180002. ਫ਼ੋਨ : 09906566604



## ਜਨਮ ਸਾਖੀ ਚਿੱਤਰਾਂ ਵਿੱਚ

# ਭਾਈ ਮਰਦਾਨਾ ਜੀ

## ਦੇ ਨਾਲ-ਨਾਲ ਤੁਰਦਿਆਂ

ਸਿੱਖ ਇਤਿਹਾਸ ਵਿੱਚ ਗੁਰੂ ਅੰਗਦ ਦੇਵ ਜੀ ਦੇ ਗੁਰਗੱਦੀ 'ਤੇ ਬੈਠਣ ਉਪਰੰਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਦੀਆਂ ਘਟਨਾਵਾਂ/ਉਪਦੇਸ਼ਾਂ ਬਾਰੇ ਜਾਣਨ-ਸੁਣਨ ਦੀ ਜਗਿਆਸਾ ਦੇ ਫਲਸਰੂਪ ਜਨਮ ਸਾਖੀ ਪਰੰਪਰਾ ਦਾ ਆਗਾਜ਼ ਹੁੰਦਾ ਹੈ। ਇਸ ਪਰੰਪਰਾ ਨੂੰ ਅਗਾਂਹ ਤੋਰਦਿਆਂ ਜਨਮ ਸਾਖੀ ਚਿੱਤਰਕਾਰਾਂ ਨੇ ਆਪਣੀ ਕਲਾ ਦੀ ਪੇਸ਼ਕਾਰੀ ਲਈ ਦੋ ਪ੍ਰਗਟਾਅ ਮਾਧਿਅਮ ਵਰਤੇ ਹਨ: ਪਹਿਲਾ ਹੱਥ-ਲਿਖਤ ਸਚਿੱਤਰਿਤ ਖਰੜਿਆਂ ਦੇ ਰੂਪ ਵਿੱਚ, ਦੂਜਾ ਧਾਰਮਿਕ ਸਥਾਨਾਂ ਦੀਆਂ ਕੰਧਾਂ ਉਤੇ ਚਿੱਤਰਾਂ ਦੇ ਰੂਪ ਵਿੱਚ। ਪਹਿਲਾਂ-ਪਹਿਲ ਇਹ ਜਨਮ ਸਾਖੀਆਂ ਮੌਖਿਕ ਰੂਪ ਵਿੱਚ ਇਕ ਦੂਜੇ ਕੋਲੋਂ ਸੁਣੀਆਂ-ਸੁਣਾਈਆਂ ਜਾਂਦੀਆਂ ਸਨ ਪਰ ਬਾਅਦ ਵਿੱਚ ਹੱਥ-ਲਿਖਤ ਖਰੜਿਆਂ ਦੇ ਰੂਪ ਵਿੱਚ ਲਿਖੀਆਂ ਜਾਣ ਲੱਗੀਆਂ। ਹੱਥ ਲਿਖਤ ਖਰੜਿਆਂ ਵਿੱਚ ਸਾਖੀ ਪਾਠ ਦੇ ਨਾਲ-ਨਾਲ ਸਬੰਧਿਤ ਸਾਖੀ ਦੇ ਵਰਣਨ ਲਈ ਚਿੱਤਰ ਵੀ ਬਣਨੇ ਸ਼ੁਰੂ ਹੋ ਗਏ, ਜਿਨ੍ਹਾਂ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਲ-ਨਾਲ ਮਰਦਾਨੇ ਦੇ ਚਿੱਤਰਨ ਨੂੰ ਵੀ ਪ੍ਰਮੁੱਖਤਾ ਦਿਤੀ ਗਈ। ਹੱਥ ਲਿਖਤ 'Panj B-40' ਜਨਮ ਸਾਖੀ ਗੁਰੂ ਬਾਬਾ ਨਾਨਕ', ਸੰਤ ਦਾਸ ਛਿੱਬਰ

ਲਿਖਤ ਜਨਮ ਸਾਖੀ ਅਤੇ ਹੋਰ ਕਈ ਸਾਖੀਆਂ ਇਸ ਦਾ ਪ੍ਰਮਾਣ ਹਨ। ਹੱਥ ਲਿਖਤਾਂ ਦੇ ਇਸ ਪ੍ਰਗਟਾਅ ਮਾਧਿਅਮ ਤੋਂ ਬਾਅਦ ਮੁਗਲ ਕਾਲ ਦੇ ਅੰਤ ਅਤੇ ਸਿੱਖ ਰਾਜ ਦੀ ਸ਼ੁਰੂਆਤ ਵੇਲੇ ਗੁਰੂ ਸਾਹਿਬ ਸਬੰਧੀ ਇਨ੍ਹਾਂ ਜਨਮ ਸਾਖੀਆਂ ਦਾ ਕੰਧਾਂ ਉਤੇ ਵੀ ਚਿੱਤਰਣ ਸ਼ੁਰੂ ਹੋ ਗਿਆ। ਇਹ ਕਾਰਜ ਸਿਰਫ ਗੁਰਦੁਆਰਿਆਂ ਵਿੱਚ ਹੀ ਨਹੀਂ ਬਲਕਿ ਮੰਦਿਰਾਂ, ਵੈਸ਼ਨਵ ਮੱਠਾਂ, ਸਮਾਧਾਂ, ਅਖਾੜਿਆਂ ਵਿੱਚ ਵੀ ਤੇਜ਼ੀ ਨਾਲ ਹੋਇਆ, ਜਿਥੇ ਜਨ ਸਾਧਾਰਣ ਦਾ ਆਉਣਾ ਜਾਣਾ ਆਸਾਨ ਸੀ। ਇਥੇ ਬਣਾਏ ਗਏ ਚਿੱਤਰਾਂ ਵਿੱਚ ਗੁਰੂ ਨਾਨਕ ਦੇਵ ਜੀ ਦੇ ਸਭ ਤੋਂ ਨਿਕਟਵਰਤੀ ਹਮਸਫ਼ਰ ਭਾਈ ਮਰਦਾਨੇ ਦਾ ਜੀਵਨ ਬਿਰਤਾਂਤ ਵੀ ਸ਼ਾਮਿਲ ਸੀ। ਇਸ ਮਹਾਂਪੁਰਖ ਦੀ ਸੰਗੀਤਮਈ ਅਧਿਆਤਮ ਯਾਤਰਾ ਬਾਰੇ ਹਥਲੇ ਲੇਖ ਵਿੱਚ ਅਸੀਂ ਸਚਿੱਤਰਿਤ ਜਨਮ ਸਾਖੀਆਂ ਦੇ ਰੂਪ ਵਿੱਚ 'B-40' ਜਨਮ ਸਾਖੀ ਗੁਰੂ ਬਾਬਾ ਨਾਨਕ' ਜਿਸ ਨੂੰ ਅਸੀਂ ਸੰਖੇਪ ਵਿੱਚ 'Panj B-40 ਜਨਮ ਸਾਖੀ' (1790 ਬਿ.) ਵੀ ਕਹਿੰਦੇ ਹਾਂ, ਜਿਸ ਦਾ ਅਸਲ ਸਰੂਪ ਲੰਦਨ ਦੀ ਫੌਰਨ ਐਂਡ ਕਾਮਨਵੈਲਥ ਆਫ਼ਿਸ ਲਾਇਬ੍ਰੇਰੀ ਵਿੱਚ ਮੌਜੂਦ ਹੈ ਅਤੇ ਗੁਰਦੁਆਰਾ ਬਾਬਾ ਅਟੱਲ, ਅੰਮ੍ਰਿਤਸਰ ਵਿਖੇ ਜਨਮ ਸਾਖੀਆਂ 'ਤੇ ਆਧਾਰਿਤ ਬਣੇ ਕੰਧ ਚਿੱਤਰਾਂ (ਮਿਊਰਲ) ਨੂੰ ਹੀ ਆਪਣੇ ਅਧਿਐਨ/ਮੁੱਲਾਂਕਣ ਦਾ ਆਧਾਰ ਬਣਾਵਾਂਗੇ ਕਿਉਂਕਿ ਦੋਵਾਂ ਦੇ ਚਿੱਤਰ ਕਾਫ਼ੀ ਚੰਗੀ ਹਾਲਤ ਵਿੱਚ ਹਨ।

ਗੁਰਮਤਿ ਇਤਿਹਾਸ ਵਿੱਚ ਭਾਈ ਮਰਦਾਨਾ ਦੀ ਗੱਲ ਕਰੀਏ ਤਾਂ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਬਿਨਾਂ ਅਧੂਰੀ ਹੀ ਨਹੀਂ, ਨਾਮੁਮਕਿਨ ਹੈ। ਅਰਥਾਤ ਗੁਰੂ ਨਾਨਕ ਦੇਵ ਜੀ ਤੋਂ ਬਿਨਾਂ ਭਾਈ ਮਰਦਾਨਾ ਦਾ ਤਸੱਵੁਰ ਹੀ ਨਹੀਂ ਕੀਤਾ ਜਾ ਸਕਦਾ। ਮਰਦਾਨਾ ਗੁਰੂ ਸਾਹਿਬ ਦੀ ਜੀਵਨੀ ਦਾ ਇਕ ਪਾਤਰ ਹੀ ਨਹੀਂ ਬਲਕਿ ਇਕ ਅਹਿਮ ਸਾਥੀ ਵੀ ਸੀ, ਜਿਸ ਨਾਲ ਉਨ੍ਹਾਂ ਜ਼ਿੰਦਗੀ ਦੇ 54 ਵਰ੍ਹੇ ਇਕੱਠਿਆਂ ਬਿਤਾਏ। ਮਰਦਾਨਾ ਗੁਰੂ ਸਾਹਿਬ ਵੱਲੋਂ ਦੋ ਦਹਾਕਿਆਂ ਤੋਂ ਵੀ ਵੱਧ ਵਰ੍ਹੇ ਕੀਤੀਆਂ ਉਦਾਸੀਆਂ ਦੌਰਾਨ ਉਨ੍ਹਾਂ ਦੇ ਅੰਗ-ਸੰਗ ਰਿਹਾ। ਉਸ ਨੇ ਗੁਰੂ ਸਾਹਿਬ ਨਾਲ ਸਿੱਖ ਮੱਤ ਦੇ ਪ੍ਰਚਾਰ ਤੇ ਪਾਸਾਰ ਲਈ ਅਤਿ ਦੀ ਗਰਮੀ-ਸਰਦੀ ਵਿੱਚ ਜੰਗਲਾਂ, ਪਹਾੜਾਂ, ਉਜਾੜਾਂ ਅਤੇ ਬੀਆਬਾਨ ਰੇਗਿਸਤਾਨਾਂ ਦਾ ਭੁੱਖੇ-ਪਿਆਸੇ ਰਹਿ ਕੇ ਅਨੇਕਾਂ ਦੇਸ਼ਾਂ ਦਾ ਹਜ਼ਾਰਾਂ ਮੀਲ ਪੈਂਡਾ ਤੈਅ ਕੀਤਾ, ਜੋ ਇਤਿਹਾਸ ਵਿੱਚ ਇਕ ਅਦਭੁੱਤ ਅਤੇ ਅਲੋਕਾਰੀ ਘਟਨਾ ਹੈ।

ਗੁਰੂ ਨਾਨਕ ਦੇਵ ਜੀ ਦੇ ਇਸ ਪਰਮ ਪਿਆਰੇ ਸੰਗੀ ਦਾ ਜਨਮ 6 ਫ਼ਰਵਰੀ 1459 'ਚ ਰਾਏ ਭੋਇ ਦੀ ਤਲਵੰਡੀ ਵਿਖੇ ਚੋਭੜ ਜਾਤੀ ਦੇ ਮਿਰਾਸੀ ਮੀਰ ਬਦਰੇ ਪਿਤਾ ਦੇ ਘਰ ਲੱਖੋ ਬੀਬੀ ਦੀ ਕੁੱਖੋਂ ਹੋਇਆ। ਮਰਦਾਨੇ ਦੇ ਦਾਦੇ ਦਾ ਨਾਂਅ ਰਜਾਨੀ ਸੀ। ਮੀਰ ਬਦਰੇ ਦੇ ਘਰ ਸੱਤ ਬੱਚੇ ਪੈਦਾ ਹੋਏ, ਪਹਿਲੇ ਛੇ ਬੱਚੇ ਜਲਦ ਹੀ ਮਰ ਗਏ। ਸੱਤਵੇਂ ਬੱਚੇ ਦਾ ਨਾਂਅ 'ਮਰ ਜਾਣਾ' ਰੱਖਿਆ ਗਿਆ। ਇਸ ਮਰ ਜਾਣੇ ਨੇ ਗੁਰੂ ਸਾਹਿਬ ਨਾਲ ਰਾਬਤਾ ਕੀਤਾ ਤੇ ਉਨ੍ਹਾਂ ਨੂੰ ਕੁਝ ਕਰਨ ਲਈ ਕਿਹਾ। ਗੁਰੂ ਸਾਹਿਬ ਜਦ ਉਸਦੀ ਮਾਂ ਨੂੰ ਮਿਲੇ ਤਾਂ ਉਹ ਰੋ ਕੁਰਲਾ ਰਹੀ ਸੀ ਕਿਉਂਕਿ ਉਸ ਦੇ ਪਹਿਲੇ 6 ਪੁੱਤਰ ਮਰ ਗਏ ਸਨ। ਗੁਰੂ ਸਾਹਿਬ ਨੇ ਉਸ ਦੇ ਸੱਤਵੇਂ ਪੁੱਤਰ ਦਾ ਨਾਂ ਪੁੱਛਿਆ ਤਾਂ ਉਸ ਨੇ ਕਿਹਾ 'ਮਰ ਜਾਣਾ' ਮਤਲਬ ਇਹ ਵੀ ਮਰ ਜਾਏਗਾ। ਗੁਰੂ ਨਾਨਕ ਸਾਹਿਬ ਨੇ ਉਸ ਦੀ ਮਾਂ ਨੂੰ ਕਿਹਾ ਕਿ ਉਹ ਆਪਣਾ ਪੁੱਤਰ ਉਹਨਾਂ ਨੂੰ ਦੇ ਦੇਵੇ ਤਾਂ ਕਿ ਉਸ ਨੂੰ ਉਸ ਦੀ ਮੌਤ ਦਾ ਬੋਝ ਨਹੀਂ ਉਠਾਉਣਾ ਪਵੇਗਾ। ਇਹ ਗੱਲ ਮੰਨ ਕੇ ਮਾਤਾ ਲੱਖੋ ਨੇ 'ਮਰ ਜਾਣਾ' ਗੁਰੂ ਨਾਨਕ ਦੇਵ ਜੀ ਨੂੰ ਸੌਂਪ ਦਿੱਤਾ ਤੇ ਕਿਹਾ ਕਿ ਅੱਜ ਤੋਂ ਬਾਅਦ ਉਹਨਾਂ ਦੇ ਵੰਸ਼ ਵਿੱਚ ਕੋਈ ਵੀ ਜਲਦੀ ਨਹੀਂ ਮਰੇਗਾ। ਉਨ੍ਹਾਂ 'ਮਰ ਜਾਣਾ' ਦਾ ਨਾਂ 'ਮਰਦਾ ਨਾ' ਮਤਲਬ ਜੋ ਨਹੀਂ ਮਰੇਗਾ, ਰੱਖ ਦਿੱਤਾ। ਕਈ ਇਤਿਹਾਸਕਾਰ ਉਸ ਦੇ ਬਚਪਨ ਦਾ ਨਾਂਅ 'ਦਾਨਾ' ਦੱਸਦੇ ਹਨ। ਨਾਂਅ ਭਾਵੇਂ ਕੋਈ ਵੀ ਹੋਵੇ, ਮਰਦਾਨਾ ਉਚਕੋਟੀ ਦਾ ਮਹਾਨ ਸੰਗੀਤਕਾਰ ਸੀ। ਉਹ ਰਬਾਬ ਯਾਨਿ 'ਰੇਬਾਬ' ਜੋ ਇਕ ਅਰਬ ਈਰਾਨੀ ਤੰਤੀ ਸਾਜ ਹੈ, ਵਜਾਉਣ ਵਿੱਚ ਮਾਹਿਰ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਬਾਬ ਦਾ ਜ਼ਿਕਰ 6 ਵਾਰ ਆਉਂਦਾ ਹੈ। ਕਾਨ੍ਹ ਸਿੰਘ ਨਾਭਾ ਇਸ ਨੂੰ 'ਰਾਵਣ ਵੀਣਾ' ਲਿਖਦੇ ਹਨ। ਮਰਦਾਨੇ ਨੇ ਰਾਗਾਂ ਦੇ ਆਧਾਰ 'ਤੇ ਰਬਾਬ ਵਜਾਉਣ ਦੀ ਕਲਾ ਆਪਣੇ ਪੁਰਖਿਆਂ ਤੋਂ ਸਿੱਖੀ ਸੀ।

ਮਿਹਰਬਾਨ ਵਾਲੀ ਸਾਖੀ ਅਨੁਸਾਰ ਮਰਦਾਨਾ ਕਬੀਰ, ਤ੍ਰਿਲੋਚਨ, ਰਵਿਦਾਸ, ਧੰਨਾ ਅਤੇ ਬੇਨੀ ਭਗਤਾਂ ਦੀ ਬਾਣੀ ਦਾ ਗਾਇਨ ਕਰਦਾ ਸੀ। ਇਥੋਂ ਸਪਸ਼ਟ ਹੁੰਦਾ ਹੈ ਕਿ ਮਰਦਾਨਾ ਸ਼ੁਰੂ ਤੋਂ ਹੀ ਅਧਿਆਤਮ ਦੇ ਰਾਹ ਦਾ ਪਾਂਧੀ ਸੀ। ਕਿੱਤੇ ਵਜੋਂ ਮਰਦਾਨਾ ਆਪਣੇ ਮਿਰਾਸੀ ਪਿਤਾ ਨਾਲ ਉਚੀ ਹੇਕ ਲਾ ਕੇ ਆਪਣੇ ਜਜਮਾਨਾਂ ਦਾ ਜੱਸ ਗਾਇਨ ਕਰਕੇ ਬਖਸ਼ਿਸ਼ਾਂ ਨਾਲ ਗੁਜਰ ਬਸਰ ਕਰਦੇ ਸਨ। ਇਸ ਤੋਂ ਇਲਾਵਾ ਡੂਮ ਮਰਦਾਨਾ ਅਤੇ ਉਸ ਦੇ ਵਡੇਰੇ ਦੂਰ-ਦਰਾਜ ਦੇ ਪਿੰਡਾਂ ਵਿੱਚ ਇਕ ਦੂਜੇ ਦਾ ਸੁੱਖ-ਸੁਨੇਹਾ ਵੀ ਲੈ ਕੇ ਜਾਂਦੇ ਸਨ ਅਤੇ ਉਹਨਾਂ ਦਾ ਵੀ

ਜਵਾਬ/ਸੁਨੇਹਾ ਲੈ ਕੇ ਪਰਤਦੇ ਸਨ। ਇਸ ਅਹਿਮ ਸੇਵਾ ਬਦਲੇ ਉਹਨਾਂ ਦਾ ਕਾਫ਼ੀ ਖ਼ਿਆਲ ਰੱਖਿਆ ਜਾਂਦਾ ਸੀ। ਇਸ ਕੰਮ ਲਈ ਉਹ ਦੂਰ ਦੇ ਪਿੰਡਾਂ ਵਿੱਚ ਜਾਂਦੇ ਸਨ, ਜਿਸ ਕਰਕੇ ਉਹ ਰਸਤੇ ਵਿੱਚ ਆਉਣ ਵਾਲੀਆਂ ਸਭ ਮੁਸ਼ਕਿਲਾਂ ਸਹਿਣ ਦੇ ਆਦੀ ਸਨ। ਉਹ ਰਸਤੇ ਵਿੱਚ ਗਾ ਵਜਾ ਕੇ ਪੈਂਡਾ ਕੱਟ ਲਿਆ ਕਰਦੇ ਸਨ।

ਇਕੋ ਪਿੰਡ ਵਿੱਚ ਰਹਿੰਦਿਆਂ ਮਰਦਾਨੇ ਨੇ ਬਚਪਨ ਵਿੱਚ ਨਾਨਕ ਨਾਲ ਕਾਫੀ ਸਮਾਂ ਇਕੱਠਾ ਬਿਤਾਇਆ। ਮਾਈ ਦੌਲਤਾਂ ਜਿਸ ਨੇ ਬਾਲ ਨਾਨਕ ਦੇ ਜਨਮ ਵੇਲੇ ਦਾਈ ਦਾ ਕਾਰਜ ਨਿਭਾਇਆ ਸੀ, ਮਰਦਾਨੇ ਦੇ ਸਕੇ ਤਾਏ ਦੀ ਧੀਅ ਸੀ। ਦੌਲਤਾਂ ਦਾ ਪਿਤਾ ਤੇ ਮਰਦਾਨੇ ਦਾ ਪਿਤਾ ਆਪੋ ਵਿੱਚ ਸਕੇ ਭਰਾ ਸਨ। ਮਰਦਾਨਾ ਉਸ ਵੇਲੇ ਦਸ ਕੁ ਸਾਲ ਦਾ ਸੀ, ਜਦੋਂ ਉਹ ਕਦੇ ਕਦਾਈਂ ਮਾਈ ਦੌਲਤਾਂ ਨਾਲ ਨਾਨਕ ਦੇ ਘਰੇ ਜਾ ਕੇ ਉਸ ਨੂੰ ਖਿਡਾਉਂਦਾ ਸੀ। ਨਾਨਕ ਨੂੰ ਜਦੋਂ ਸੁਲਤਾਨਪੁਰ ਦੇ ਨਵਾਬ ਦੌਲਤ ਖ਼ਾਨ ਲੋਧੀ ਦੇ ਮੋਦੀਖਾਨੇ ਕੰਮ ਕਰਨ ਲਈ ਭੇਜਿਆ ਤਾਂ ਕੁਝ ਸਮੇਂ ਬਾਅਦ ਪਿਤਾ ਮਹਿਤਾ ਕਾਲੂ ਨੇ ਮਰਦਾਨੇ ਨੂੰ ਸੁਲਤਾਨਪੁਰ ਜਾ ਕੇ ਨਾਨਕ ਦੇ ਕੰਮ ਕਾਜ ਬਾਰੇ ਖ਼ਬਰ ਲੈ ਕੇ ਆਉਣ ਲਈ ਆਖਿਆ, ਕਿ ਉਹ ਉਥੇ ਕੀ ਕਰ ਰਿਹਾ ਹੈ? ਮਰਦਾਨਾ ਜੋ ਉਸ ਵੇਲੇ ਦੋ ਪੁੱਤਰਾਂ ਰਜਾਦਾ, ਸ਼ਹਿਜਾਦ ਅਤੇ ਇਕ ਧੀਅ ਦਾ ਬਾਪ ਸੀ, ਸੁਲਤਾਨਪੁਰ ਆ ਗਿਆ। ਗੁਰੂ ਸਾਹਿਬ ਆਪਣੇ ਬਚਪਨ ਦੇ ਜਿਗਰੀ ਦੋਸਤ ਦੇ ਸੁਲਤਾਨਪੁਰ ਲੋਧੀ ਆਉਣ ਉਤੇ ਬਹੁਤ ਖੁਸ਼ ਹੋਏ। ਦੋਵੇਂ ਸਵੇਰੇ-ਸ਼ਾਮ ਪਰਮਾਤਮਾ ਦੀ ਉਸਤਤਿ ਵਿੱਚ ਗਾਉਣ ਲਗੇ। ਗੁਰੂ ਸਾਹਿਬ ਨੇ ਮਰਦਾਨੇ ਦੀ ਰਬਾਬ ਨੂੰ ਖਸਤਾ ਹਾਲਤ ਵਿੱਚ ਵੇਖਦਿਆਂ ਕਿਹਾ ਕਿ ਉਹ ਬੀਬੀ ਨਾਨਕੀ ਕੋਲੋਂ ਪੈਸੇ ਲੈ ਕੇ ਭਰੋਆਣਾ (ਕਪੂਰਥਲਾ) ਦੇ ਭਾਈ ਫਿਰੰਦੇ (ਭਾਈ ਫੇਰੂ) ਕੋਲੋਂ ਰਬਾਬ ਖਰੀਦ ਲਿਆਏ, ਜੋ ਉਸ ਨੇ ਖਾਸ ਤੌਰ 'ਤੇ ਤਿਆਰ ਕੀਤੀ ਸੀ।




ਬੀਬੀ ਨਾਨਕੀ ਕੋਲੋਂ ਸੱਤ ਰੁਪਏ ਲੈ ਕੇ ਮਰਦਾਨਾ ਭਾਈ ਫਿਰੰਦੇ ਤਰਖਾਣ ਕੋਲ ਗਿਆ, ਜੋ ਰਬਾਬ ਬਣਾਉਣ ਵਿੱਚ ਮਾਹਿਰ ਸੀ। ਭਾਈ ਫਿਰੰਦੇ ਨੇ ਮਰਦਾਨੇ ਬਾਰੇ ਪੁੱਛਿਆ ਤਾਂ ਉਸ ਨੇ ਆਪਣੇ ਬਾਰੇ ਤੇ ਗੁਰੂ ਨਾਨਕ ਸਾਹਿਬ ਬਾਰੇ ਵੀ ਦੱਸਿਆ। ਰਬਾਬ ਲੈਣ ਉਪਰੰਤ ਜਦੋਂ ਮਰਦਾਨੇ ਨੇ ਸੱਤ ਰੁਪਏ ਦਿੱਤੇ ਤਾਂ ਭਾਈ ਫਿਰੰਦੇ ਨੇ ਇਹ ਕਹਿ ਕੇ ਲੈਣੋਂ ਮਨ੍ਹਾ ਕਰ ਦਿੱਤੇ ਕਿ ਉਹ ਸਿਰਫ ਗੁਰੂ ਸਾਹਿਬ ਦੇ ਦਰਸ਼ਨ ਕਰਾ ਦੇਵੇ। ਸੁਲਤਾਨਪੁਰ ਲੋਧੀ ਆ ਕੇ ਮਰਦਾਨੇ ਨੇ ਸੱਤ ਰੁਪਏ ਬੀਬੀ ਨਾਨਕੀ ਨੂੰ ਵਾਪਸ ਕਰ ਦਿੱਤੇ। ਗੁਰੂ ਸਾਹਿਬ ਨਾਲ ਭਾਈ ਫਿਰੰਦੇ ਦੀ ਭੇਂਟ ਹੋਈ ਤੇ ਉਥੇ ਰਬਾਬ ਦੇ ਸੰਗੀਤ ਨਾਲ ਕੀਰਤਨ ਦਾ ਆਨੰਦ ਮਾਣਿਆ। ਪਰ ਗੁਰਦੁਆਰਾ ਬਾਬਾ ਅਟੱਲ, ਅੰਮ੍ਰਿਤਸਰ ਵਿਖੇ ਬਣਿਆ ਕੰਧ ਚਿੱਤਰ ਦੱਸਦਾ ਹੈ ਕਿ ਭਾਈ ਫਿਰੰਦੇ ਨੇ ਗੁਰੂ ਸਾਹਿਬ ਨੂੰ ਰਬਾਬ ਜੰਗਲ ਵਿੱਚ ਬੈਠਿਆਂ ਭੇਂਟ ਕੀਤੀ। ਇਨ੍ਹਾਂ ਪਲਾਂ ਨੂੰ ਚਿੱਤਰ ਵਿੱਚ ਕੈਦ ਕਰਦਿਆਂ ਚਿੱਤਰਕਾਰ ਨੇ ਗੁਰੂ ਸਾਹਿਬ ਨੂੰ ਜੰਗਲ ਵਿੱਚ ਬੈਠਿਆਂ ਦਿਖਾਇਆ ਹੈ। ਭਾਈ ਫਿਰੰਦੇ ਨੇ ਸੀਸ ਨਿਵਾਉਂਦਿਆਂ ਹੱਥ ਜੋੜ ਕੇ ਗੁਰੂ ਸਾਹਿਬ ਦੇ ਚਰਨਾਂ ਵਿੱਚ

ਰਬਾਬ ਰੱਖੀ ਹੈ। ਭਾਈ ਮਰਦਾਨਾ ਵੀ ਗੁਰੂ ਸਾਹਿਬ ਤੋਂ ਥੋੜ੍ਹੀ ਵਿੱਥ ’ਤੇ ਬੈਠੇ ਹਨ। ਕਿਹਾ ਜਾਂਦਾ ਹੈ ਕਿ ਰਬਾਬ ਮਿਲ ਜਾਣ ’ਤੇ ਦੋਵੇਂ ਸਵੇਰੇ-ਸ਼ਾਮ ਪਰਮਾਤਮਾ ਦੀ ਉਸਤਤਿ ਵਿੱਚ ਸੁਲਤਾਨਪੁਰ ਦੀਆਂ ਗਲੀਆਂ ਵਿੱਚ ਤਕਰੀਬਨ ਸੱਤ ਸਾਲ ਗਾਉਂਦੇ ਰਹੇ। ਭਾਈ ਗੁਰਦਾਸ ਜੀ ਮਰਦਾਨੇ ਦੀ ਰਬਾਬ ਵਜਾਉਣ ਦੀ ਕਲਾ ਦਾ ਵਿਖਿਆਣ ਇੰਜ ਕਰਦੇ ਕਹਿੰਦੇ ਹਨ :-

**ਭਲਾ ਰਬਾਬ ਵਜਾਇੰਦਾ ਮਜਲਸ ਮਰਦਾਨਾ ਮੀਰਾਸੀ॥**
**(ਵਾਰ ੧੧, ਪਉੜੀ ੧੩)**

ਇਹ ਭਾਈ ਫਿਰੰਦੇ ਦੀ ਰਬਾਬ ਹੀ ਸੀ, ਜੋ ਪੂਰੇ ਏਸ਼ੀਆ ਅਤੇ ਯੂਰਪ ਦੀਆਂ ਸਭ ਦਿਸ਼ਾਵਾਂ ਵਿੱਚ ਗੂੰਜੀ। ਸਿੱਖ ਇਤਿਹਾਸ ਵਿੱਚ ਦੋਵੇਂ ਤਰਖਾਣਾਂ ਭਾਈ ਫਿਰੰਦੇ ਅਤੇ ਭਾਈ ਲਾਲੋ ਦਾ ਉਚੇਰਾ ਮੁਕਾਮ ਰਹੇਗਾ।

ਇਕ ਵੱਖਰੇ ਮੱਤ ਅਨੁਸਾਰ ਗੁਰੂ ਨਾਨਕ ਸਾਹਿਬ ਨੂੰ ਮਰਦਾਨਾ 1480 ਵਿੱਚ ਮਿਲਿਆ ਦੱਸਿਆ ਜਾਂਦਾ ਹੈ, ਜਿਸ ਨੇ ਆਪਣੀ ਜ਼ਿੰਦਗੀ ਦੇ 54 ਵਰ੍ਹੇ ਬਾਬਾ ਨਾਨਕ ਨਾਲ ਬਿਤਾਏ। ਜਦੋਂ ਗੁਰੂ ਨਾਨਕ ਦੇਵ ਜੀ ਸਮੁੱਚੀ ਲੋਕਾਈ ਦੇ ਉਦਾਰ ਲਈ ਪਹਿਲੀ ਉਦਾਸੀ ’ਤੇ ਜਾਣ ਦੀ ਸੋਚ ਰਹੇ ਸਨ ਤਾਂ ਉਨ੍ਹਾਂ ਨੇ ਮਰਦਾਨੇ ਨੂੰ ਵੀ ਨਾਲ ਜਾਣ ਲਈ ਆਖਿਆ ਪਰ ਮਰਦਾਨਾ ਜਾਣ ਤੋਂ ਪਹਿਲਾਂ ਆਪਣੀ ਧੀਅ ਦਾ ਵਿਆਹ ਕਰ ਕੇ ਜਾਣਾ ਚਾਹੁੰਦਾ ਸੀ। ਉਸ ਵੇਲੇ ਗੁਰੂ ਨਾਨਕ ਦੇਵ ਜੀ ਦੇ ਅਨੁਯਾਈ ਭਾਗੀਰਥ ਨੇ ਮਰਦਾਨੇ ਦੀ ਮਾਇਕ ਮਦਦ ਕਰਕੇ ਮਰਦਾਨੇ ਦੀ ਧੀਅ ਦਾ ਵਿਆਹ ਕੀਤਾ। ਇਸ ਉਪਰੰਤ ਮਰਦਾਨਾ ਗੁਰੂ ਸਾਹਿਬ ਨਾਲ ਸੰਸਾਰ ਭਰ ਦੀਆਂ ਉਦਾਸੀਆਂ ’ਤੇ ਤੁਰ ਗਿਆ :-

ਮਰਦਾਨਾ ਢਾਡੀ ਲਿਆ ਸੰਗ
ਸੰਜੋਗ ਪੁਰਾਤਨ ਮਿਲਿਓ ਅਭੰਗ
ਤਬਿ ਸਤਿਗੁਰ ਜੀ ਕਿਆ ਪਇਆਨਾ
ਆਗੈ ਪ੍ਰਭ ਪੀਛੇ ਮਰਦਾਨਾ॥

ਉਦਾਸੀਆਂ ’ਤੇ ਜਾਣ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਮਰਦਾਨੇ ਨੂੰ ਆਪਣੇ ਨਾਲ ਜਾਣ ਲਈ ਹੀ ਕਿਉਂ ਆਖਿਆ ਹੋਵੇਗਾ? ਕੀ ਗੁਰੂ ਸਾਹਿਬ ਨੇ ਮਰਦਾਨੇ ਨੂੰ ਆਪਣੇ ਮਨ ਹੀ ਮਨ ਵਿੱਚ ਇਸ ਵਡੇਰੇ ਕਾਰਜ ਲਈ ਪਰਖ ਲਿਆ ਸੀ? ਜਾਂ ਫਿਰ ਕਿਸੇ ਹੋਰ ਨੂੰ ਆਪਣੇ ਨਾਲ ਲੈ ਕੇ ਜਾਣ ਲਈ ਸੋਚਿਆ ਹੋਵੇਗਾ? ਗੁਰੂ ਸਾਹਿਬ ਨੇ ਮਰਦਾਨੇ ਦੀ ਚੋਣ ਇਸ ਲਈ ਨਹੀਂ ਕੀਤੀ ਹੋਵੇਗੀ ਕਿ ਉਹ ਰਬਾਬ ਵਜਾਉਣੀ ਜਾਣਦਾ ਸੀ। ਅਗਰ ਗੁਰੂ ਸਾਹਿਬ ਨੂੰ ਉਦਾਸੀਆਂ ’ਤੇ ਜਾਣ ਲਈ ਸਿਰਫ ਰਬਾਬੀ ਹੀ ਚਾਹੀਦਾ ਸੀ ਤਾਂ ਉਹ ਹੋਰ ਵੀ ਕਿਸੇ ਮਾਹਿਰ ਰਬਾਬੀ ਨੂੰ ਜਾਣਦੇ ਹੋਣਗੇ, ਜਿਵੇਂ ਉਹ ਦੂਰ ਬੈਠੇ ਭਾਈ ਫਿਰੰਦੇ ਨੂੰ ਜਾਣਦੇ ਸਨ ਕਿ ਉਹ ਬਹੁਤ ਵਧੀਆ ਰਬਾਬ ਬਣਾਉਂਦਾ ਹੈ। ਇਹ ਸਾਰੇ ਪ੍ਰਸ਼ਨ ਮੁੱਲਾਂਕਣ ਦੀ ਮੰਗ ਕਰਦੇ ਹਨ। ਦਰਅਸਲ ਗੁਰੂ ਸਾਹਿਬ ਦੇ ਵੇਲੇ ਸਮਾਜ ਵਿੱਚ ਜਾਤ-ਪਾਤ, ਵਰਣ-ਵੰਡ, ਕੂੜ-ਕੁਸੱਤ ਦਾ ਚਾਰੇ ਪਾਸੇ ਬੋਲਬਾਲਾ ਸੀ, ਸਮਾਜ ਵਿੱਚ ਨਿਘਾਰ ਆ ਚੁੱਕਾ ਸੀ। ਗੁਰੂ ਸਾਹਿਬ ਜੋ ਕਿ ਖੱਤਰੀ ਜਾਤ ਨਾਲ ਸਬੰਧ ਰੱਖਦੇ ਸਨ, ਸਮਾਜ ਵਿੱਚ ਇਕ ਉਚੀ ਜਾਤ ਮੰਨੀ ਜਾਂਦੀ ਸੀ। ਉਸ ਵੇਲੇ ਤਲਵੰਡੀ ਜਾਂ ਫਿਰ ਸੁਲਤਾਨਪੁਰ ਲੋਧੀ, ਜਿਥੇ ਗੁਰੂ ਸਾਹਿਬ ਨੇ ਆਪਣਾ ਬਚਪਨ ਤੇ ਜਵਾਨੀ ਦਾ ਲੰਮਾ ਸਮਾਂ ਗੁਜ਼ਾਰਿਆ ਸੀ, ਉਥੇ ਵੀ ਗੁਰੂ ਸਾਹਿਬ ਦੇ ਹਮਉਮਰ ਖੱਤਰੀਆਂ ਦੇ ਦੋਸਤ-ਯਾਰ ਹੋਣਗੇ। ਉਹ ਉਨ੍ਹਾਂ ਵਿੱਚੋਂ ਵੀ ਕਿਸੇ ਇਕ ਨੂੰ ਉਦਾਸੀਆਂ ’ਤੇ ਲੈ ਜਾ ਸਕਦੇ ਸਨ ਪਰ ਫਿਰ ਵੀ ਉਨ੍ਹਾਂ ਨੇ ਮਰਦਾਨੇ ਦੀ ਚੋਣ ਹੀ ਕਿਉਂ ਕੀਤੀ? ਆਓ। ਇਸ ਮਹੱਤਵਪੂਰਣ ਨੁਕਤੇ ਬਾਰੇ ਕੁਝ ਤੱਥ ਵਿਚਾਰਦੇ ਹਾਂ :-

ਦਰਅਸਲ ਬਹੁਤ ਸੋਚ ਵਿਚਾਰ ਕੇ ਮਰਦਾਨੇ ਦੀ ਚੋਣ ਨਾਲ ਗੁਰੂ ਸਾਹਿਬ ਨੇ ਇਕੋ ਵਾਰ ਕਈ ਚਿਹਨ ਸਥਾਪਿਤ ਕੀਤੇ ਹਨ। ਪਹਿਲੀ ਗੱਲ ਇਹ ਹੈ ਕਿ ਡੂਮ ਮਰਦਾਨਾ ਮੁਸਲਿਮ ਧਰਮ ਨਾਲ ਸਬੰਧ ਰੱਖਦਾ ਸੀ। ਇਸ ਚੋਣ ਨਾਲ ਗੁਰੂ ਸਾਹਿਬ ਨੇ ਸੁਚੇਤ ਪੱਧਰ ਉਤੇ ਇਹ ਦਰਸਾਇਆ ਕਿ ਧਰਮ ਭਾਵੇਂ ਕੋਈ ਵੀ ਹੋਵੇ, ਆਪੋ ਵਿੱਚ ਪ੍ਰੇਮ-ਪਿਆਰ, ਵਿਸ਼ਵਾਸ ਅਤੇ ਦੂਜੇ ਧਰਮ ਦੀ ਕਦਰ ਕਰਦਿਆਂ ਜੀਵਨ ਜਿਊਣਾ ਚਾਹੀਦਾ ਹੈ। ਗੁਰੂ ਸਾਹਿਬ ਨੇ ਜਾਤੀ, ਸ਼੍ਰੇਣੀਆਂ ਤੋਂ ਉਪਰ ਉਠ ਕੇ ਸਿਰਫ ਇਹ ਗੱਲ ਹੀ ਨਹੀਂ ਕੀਤੀ ਸਗੋਂ ਉਸ ਨੂੰ ਆਪਣੇ ਅਮਲੀ ਜੀਵਨ ਵਿੱਚ ਜਿਊ ਕੇ ਵੀ ਵਿਖਾਇਆ ਹੈ। ਦੂਜਾ ਸਮਾਜ ਵਿੱਚ ਦਲਿਤ ਸ਼੍ਰੇਣੀ ਨਾਲ ਸਬੰਧ ਰੱਖਣ ਵਾਲੇ ਮਿਰਾਸੀ ਮਰਦਾਨੇ ਦੀ ਚੋਣ ਇਹ ਸਾਬਿਤ ਕਰਦੀ ਹੈ ਕਿ ਦਲਿਤ ਸ਼੍ਰੇਣੀ ਨਾਲ ਸਬੰਧ ਰੱਖਣ ਨਾਲ ਬੰਦਾ ਛੋਟਾ ਨਹੀਂ ਹੋ ਜਾਂਦਾ। ਗੁਰੂ ਸਾਹਿਬ ਦਾ ਦਲਿਤ ਮਰਦਾਨੇ ਨਾਲ ਜ਼ਿੰਦਗੀ ਦਾ ਲੰਬਾ ਸਮਾਂ ਗੁਜ਼ਾਰਨਾ ਉਨ੍ਹਾਂ ਦੇ ਅਮਲੀ ਰੂਪ ਨੂੰ ਸਾਹਮਣੇ ਲਿਆਉਂਦਾ ਹੈ। ਇਸ ਅਮਲ ਨਾਲ ਉਨ੍ਹਾਂ ਜਾਤਾਂ, ਵਰਣਾਂ ਵਿੱਚ ਪਈਆਂ ਵੰਡੀਆਂ ਨੂੰ ਸਿਰਿਓਂ ਨਕਾਰਿਆ। ਇਹ ਵੱਖਰੀ ਗੱਲ ਹੈ ਕਿ ਮਰਦਾਨੇ ਨੇ ਵੀ ਗੁਰੂ ਸਾਹਿਬ ਦੇ ਮਿਸ਼ਨ ਨੂੰ ਤਨਦੇਹੀ ਦੇ ਨਾਲ ਸਫਲ ਬਣਾਉਣ ਦਾ ਯਤਨ ਕੀਤਾ। ਤੀਜਾ ਮਰਦਾਨੇ ਕੋਲ ਰਬਾਬ ਵਜਾਉਣ ਦਾ ਫ਼ਨ ਸੀ। ਸੰਪੂਰਣ ਬਾਣੀ ਕਿਉਂਕਿ ਰਾਗਾਂ ਵਿੱਚ ਹੈ ਅਤੇ ਬਾਣੀ ਦੇ ਗਾਇਨ ਲਈ ਸੰਗੀਤ

ਜ਼ਰੂਰੀ ਹੈ, ਸੰਗੀਤ ਤੇ ਰਾਗਾਂ ਵਿੱਚ ਮਰਦਾਨਾ ਮਾਹਿਰ ਸੀ। ਉਹ ਗੁਰੂ ਸਾਹਿਬ ਦੇ ਪਿੱਛੇ-ਪਿੱਛੇ ਰਾਗਾਂ ਵਿੱਚ ਗਾ ਵੀ ਸਕਦਾ ਸੀ। ਚੌਥੀ ਗੱਲ ਇਹ ਹੈ ਕਿ ਮਰਦਾਨਾ ਆਪਣੇ ਪਿਤਾ ਨਾਲ ਜਜ਼ਮਾਨਾਂ ਦੇ ਰਿਸ਼ਤੇ, ਸੁੱਖ-ਸੁਨੇਹਾ ਲੈ ਕੇ ਦੂਰ-ਦੁਰਾਡੇ ਪਿੰਡਾਂ-ਕਸਬਿਆਂ ਵਿੱਚ ਜਾਂਦੇ ਸਨ। ਇਸ ਕੰਮ ਲਈ ਕਈ ਵਾਰ ਉਹ ਪੰਜ-ਸੱਤ ਦਿਨ ਪੈਦਲ ਤੁਰਦੇ ਰਹਿੰਦੇ ਸਨ। ਲੰਬੇ ਪੈਂਡੇ ਕੱਟਣ ਦੇ ਉਹ ਆਦੀ ਸਨ। ਲਿਹਾਜ਼ਾ ਇਕ ਇਹ ਵੀ ਕਾਰਣ ਉਸ ਦੀ ਚੋਣ ਵਿੱਚ ਸਹਾਈ ਹੋਵੇਗਾ ਕਿਉਂ ਜੋ ਗੁਰੂ ਸਾਹਿਬ ਨੂੰ ਪਤਾ ਸੀ ਕਿ ਨਿਰੰਕਾਰ ਦੇ ਅਗੰਮੀ ਸੰਦੇਸ਼ ਨੂੰ ਵਿਸ਼ਵ ਭਰ ਵਿੱਚ ਫੈਲਾਉਣ ਲਈ ਵਰ੍ਹਿਆਂ ਬੱਧੀ ਪੈਦਲ ਚੱਲਣਾ ਹੋਵੇਗਾ। ਪੰਜਵਾਂ ਨੁਕਤਾ ਇਹ ਹੈ ਕਿ ਗੁਰੂ ਸਾਹਿਬ ਮਹਿਸੂਸ ਕਰਦੇ ਹੋਣਗੇ ਕਿ ਉਨ੍ਹਾਂ ਦੇ ਨਾਲ ਜਾਣ ਵਾਲਾ ਸ਼ਖ਼ਸ ਜੰਗਲ ਬੀਆਬਾਨਾਂ ਵਿੱਚ ਭੁੱਖ ਤ੍ਰੇਹ 'ਚ ਸਮਾਂ ਕੱਟ ਸਕਦਾ ਹੋਵੇ। ਮਰਦਾਨਾ ਕਿਉਂਕਿ ਗਰੀਬ ਪਰਿਵਾਰ ਵਿੱਚੋਂ ਸੀ, ਉਸ ਦੀ ਮਾਲੀ ਹਾਲਤ ਕਮਜ਼ੋਰ ਸੀ। ਹੋ ਸਕਦਾ ਹੈ ਕਿ ਉਸ ਦਾ ਪਰਿਵਾਰ ਕਿਸੇ ਵੇਲੇ ਫਾਕੇ ਕੱਟਣ 'ਤੇ ਵੀ ਮਜਬੂਰ ਰਿਹਾ ਹੋਵੇ, ਲਿਹਾਜ਼ਾ ਉਸ ਦੀ ਚੋਣ ਕਰਨ ਵਿੱਚ ਇਕ ਇਹ ਵੀ ਕਾਰਣ ਸਹਾਈ ਹੋ ਸਕਦਾ ਹੈ। ਇਸ ਤਰ੍ਹਾਂ ਨੀਵੀਂ ਜਾਤ ਵਾਲੇ ਨੂੰ ਆਪਣਾ ਸੰਗੀ ਬਣਾ ਕੇ ਵੱਡੀਆਂ ਜਾਤਾਂ-ਕੁਲਾਂ ਵਾਲਿਆਂ ਦਾ ਗੁਰੂ ਸਾਹਿਬ ਨੇ ਗਰੂਰ/ਅਭਿਮਾਨ ਤੋੜਿਆ ਹੈ। ਸੋ ਉਪਰੋਕਤ ਨੁਕਤਿਆਂ ਨੂੰ ਗਹੁ ਨਾਲ ਵਾਚੀਏ ਤਾਂ ਮਰਦਾਨੇ ਦੀ ਚੋਣ ਬਹੁਦਿਸ਼ਾਵੀ, ਸਹੀ ਤੇ ਸਾਰਥਿਕ ਹੋ ਨਿੱਬੜਦੀ ਹੈ, ਜੋ ਸਮਾਜ ਨੂੰ ਪਰੋਖ ਰੂਪ ਵਿੱਚ ਸੇਧ ਵੀ ਦੇ ਜਾਂਦੀ ਹੈ।

ਮਰਦਾਨੇ ਨੇ ਅਣਮਿੱਥੇ ਸਮੇਂ ਲਈ ਅਣਕਿਆਸੇ ਰਾਹਾਂ ਉਪਰ ਗੁਰੂ ਸਾਹਿਬ ਨਾਲ ਵਰ੍ਹਿਆਂ-ਬੱਧੀ ਯਾਤਰਾ ਲਈ ਜਾਣਾ ਸੀ। ਮਿਸ਼ਨ ਤੋਂ ਵਾਪਸੀ ਕਦੋਂ ਹੋਏਗੀ, ਇਸ ਬਾਰੇ ਉਸ ਨੂੰ ਵੀ ਕੋਈ ਥਹੁ-ਪਤਾ ਨਹੀਂ ਸੀ। ਜਾਤ ਪਾਤ, ਵਰਣ-ਵੰਡ ਦੇ ਬੰਧਨਾਂ ਨੂੰ ਤਿਆਗ ਕੇ ਉਹ ਨਾਨਕ ਦਾ ਸੰਗੀ ਹੋ, ਉਨ੍ਹਾਂ ਨਾਲ ਹੋ ਤੁਰਿਆ। ਡੂਮ ਮਰਦਾਨਾ ਉਦਾਸੀਆਂ 'ਤੇ ਜਾਣ ਲਈ ਜਦੋਂ ਗੁਰੂ ਸਾਹਿਬ ਦੀ ਤਰ੍ਹਾਂ ਉਦਾਸੀ ਭੇਖ ਧਾਰਣ ਕਰ ਉਦਾਸੀ ਆਰੰਭਦਾ ਹੈ ਤਾਂ ਉਹ ਆਮ ਤੋਂ ਖ਼ਾਸ ਹੋ ਜਾਂਦਾ ਹੈ। ਹੁਣ ਮਰਦਾਨਾ ਉਹ ਡੂਮ ਮਿਰਾਸੀ ਨਹੀਂ ਬਲਕਿ ਗੁਰੂ ਸਾਹਿਬ ਦੇ ਵਿਸ਼ਵੀ ਮਿਸ਼ਨ ਵਿੱਚ ਸ਼ਰੀਕ, ਉਨ੍ਹਾਂ ਦੀ ਓਟ ਵਿੱਚ ਇਕ ਭਾਗੀਦਾਰ ਅਧਿਆਤਮ ਪੁਰਖ ਹੋ ਜਾਂਦਾ ਹੈ। ਇੰਜ ਉਸ ਨੇ ਦੁਸ਼ਵਾਰ ਵਾਸਵਿਕਤਾ ਅਨੁਸਾਰ ਜੀਊਣਾ ਸਿੱਖ ਲਿਆ ਹੋਵੇ ਗਾ, ਤਾਹੀਓਂ ਤਾਂ ਉਹ ਗੁਰੂ ਸਾਹਿਬ ਦੇ ਮਿਸ਼ਨ ਵਿੱਚ ਅੰਤ ਤੱਕ ਉਨ੍ਹਾਂ ਦਾ ਸਾਥ ਦੇ ਕੇ ਆਪਣੀ ਲਾਮਿਸਾਲ ਦੋਸਤੀ ਦਾ ਸਬੂਤ ਦੇ ਜਾਂਦਾ ਹੈ।

ਇਸ ਦੀਨਦਾਰ ਫ਼ਕੀਰ ਨੇ ਡੂਮੇਟੇ ਮਰਦਾਨੇ ਨਾਲ ਵਿਸ਼ਵ-ਵਿਆਪੀ ਵਰਤਾਰੇ ਰੂਪੀ ਪਹਿਲੀ ਉਦਾਸੀ ਦਾ ਪਹਿਲਾ ਪੜਾਅ ਐਮਨਾਬਾਦ (ਸੈਦਪੁਰ) ਇਲਾਕੇ ਵਿੱਚ ਰਹਿੰਦੇ ਕਿਰਤੀ ਤਰਖਾਣ ਭਾਈ ਲਾਲੋ ਦੇ ਘਰ ਕੀਤਾ। ਜਿਥੇ ਉਹ ਮਲਿਕ ਭਾਗੋ ਦੇ ਛੱਤੀ ਪ੍ਰਕਾਰ ਦੇ ਭੋਜਨ ਪਦਾਰਥ ਛੱਡ ਕੇ ਮਰਦਾਨੇ ਦੇ ਨਾਲ ਭੁੰਜੇ ਬੈਠ ਕੇ ਭਾਈ ਲਾਲੋ ਦਾ ਪ੍ਰਸ਼ਾਦਾ ਛੱਕਦੇ ਹਨ। ਇਥੋਂ ਊਚ-ਨੀਚ ਦਾ ਵੱਖਰੇਵਾਂ ਮਿਟਾ ਕੇ ਵੰਡ ਕੇ ਛਕਣ ਦੀ ਪਰੰਪਰਾ ਦਾ ਰਸਮੀ ਆਗਾਜ਼ ਹੋ ਜਾਂਦਾ ਹੈ। ਉਦਾਸੀਆਂ ਦੌਰਾਨ ਜਦੋਂ ਉਹ ਮੁਸਲਿਮ ਬਹੁਲਤਾ ਵਾਲੇ ਪਿੰਡਾਂ ਵਿੱਚੋਂ ਲੰਘਦੇ ਸਨ ਤਾਂ ਉਹ ਕਬਰ ਨੇੜੇ ਕਿਸੇ ਫ਼ਕੀਰ ਦੇ ਤਕੀਏ ਵਿੱਚ ਠਹਿਰਦੇ ਸਨ। ਉਥੇ ਦੋਵੇਂ ਅੱਲ੍ਹਾ ਦੀ ਉਸਤਤਿ ਵਿੱਚ ਬਾਣੀ ਦਾ ਗਾਇਨ ਕਰਦੇ। ਜਦੋਂ ਮਰਦਾਨਾ ਮਸਜਿਦ ਵਿੱਚ ਨਮਾਜ਼ ਪੜ੍ਹਨ ਲਈ ਜਾਂਦਾ ਤਾਂ ਗੁਰੂ ਸਾਹਿਬ ਵੀ ਕਈ ਵਾਰ ਉਸ ਦੇ ਨਾਲ ਚਲੇ ਜਾਂਦੇ ਅਤੇ ਕਦੀ ਨਮਾਜ਼ ਵਿੱਚ ਵੀ ਸ਼ਾਮਿਲ ਹੋ ਜਾਂਦੇ। ਗੁਰੂ ਸਾਹਿਬ ਆਪ ਨੀਲੇ ਬਸਤਰ ਪਾ ਕੇ ਮਰਦਾਨੇ ਨੂੰ ਮੱਕਾ ਮਦੀਨਾ ਦੀ ਜ਼ਿਆਰਤ ਕਰਾਉਣ ਲਈ ਨਾਲ ਲੈ ਜਾਂਦੇ ਹਨ। ਉਹ ਜ਼ਿਆਰਤ ਕਰਕੇ ਹਾਜੀ ਬਣ ਜਾਂਦਾ ਹੈ।




ਗੁਰੂ ਨਾਨਕ ਦੇਵ ਜੀ ਦੀ ਸੰਗਤ ਵਿੱਚ ਰਹਿ ਕੇ ਮਰਦਾਨਾ ਆਮ ਤੋਂ ਖ਼ਾਸ ਹੁੰਦਿਆਂ ਦੁਨਿਆਵੀ ਮੋਹ, ਮਾਇਆ ਤੇ ਲਾਲਸਾਵਾਂ ਨੂੰ ਤਿਆਗ ਕੇ ਰੱਬੀ ਨੂਰ ਵਿੱਚ ਰੰਗਿਆ ਜਾਂਦਾ ਹੈ। ਉਦਾਸੀਆਂ ਦੌਰਾਨ ਦੋਵੇਂ ਸੁਲਤਾਨਪੁਰ ਲੋਧੀ ਤੋਂ ਲਾਹੌਰ ਜਾਂਦਿਆਂ ਇਕ ਜਗ੍ਹਾ ਅਰਾਮ ਕਰਨ ਲਈ ਰੁਕਦੇ ਹਨ ਅਤੇ


ਉਥੇ ਹੀ ਸੌਂ ਜਾਂਦੇ ਹਨ। ਅਗਲੇ ਦਿਨ ਸਵੇਰੇ ਗੁਰੂ ਸਾਹਿਬ ਕਹਿੰਦੇ ਹਨ, "ਮਰਦਾਨਿਆ ਰਬਾਬ ਵਜਾਇ ਬਾਣੀ ਆਈ ਏ।" ਮਰਦਾਨਾ ਰਬਾਬ ਛੇੜ ਲੈਂਦਾ ਹੈ। ਗੁਰੂ ਜੀ ਨੂੰ ਵਜਦ ਵਿੱਚ ਆ ਕੇ ਦੈਵੀ ਇਲਹਾਮ ਹੁੰਦਾ ਹੈ ਤਾਂ ਉਹ ਨਿਰੰਕਾਰ ਦੀ ਉਸਤਤਿ ਵਿੱਚ ਸ਼ਬਦ ਉਚਾਰਣ ਕਰਦੇ ਹਨ। ਬਾਅਦ ਵਿੱਚ ਗੁਰੂ ਸਾਹਿਬ ਕੋਲੋਂ ਆਗਿਆ ਲੈ ਕੇ ਮਰਦਾਨਾ ਲਾਗਲੇ ਉਪਲ ਖੱਤਰੀਆਂ ਦੇ ਪਿੰਡ ਖਾਣ-ਪੀਣ ਲਈ ਕੁਝ ਲੈਣ ਚਲਾ ਜਾਂਦਾ ਹੈ। ਪਿੰਡ ਵਾਲਿਆਂ ਨੇ ਮਰਦਾਨੇ ਨੂੰ ਕੱਪੜੇ-ਲੀੜੇ ਅਤੇ ਖਾਣ ਲਈ ਕਈ ਕੁਝ ਦੇ ਦਿੱਤਾ। ਜਦੋਂ ਗੁਰੂ ਜੀ ਨੇ ਉਸ ਨੂੰ ਢੇਰ ਸਾਰੇ ਕੱਪੜੇ ਚੁੱਕੀ ਆਉਂਦਿਆਂ ਵੇਖਿਆ ਤਾਂ ਉਨ੍ਹਾਂ ਕਿਹਾ,"ਮਰਦਾਨਿਆਂ ਇਹ ਸਭ ਕੱਪੜੇ ਗਰੀਬਾਂ ਵਿੱਚ ਵੰਡ ਦਿਓ ਕਿਉਂਕਿ ਦਾਨ ਵਿੱਚ ਲਈਆਂ ਇਹ ਚੀਜ਼ਾਂ ਮਨੁੱਖ ਨੂੰ ਲਾਲਚੀ ਬਣਾਉਂਦੀਆਂ ਹਨ। ਜਾਇਦਾਦ ਇਕੱਠੀ ਕਰਨ ਦੀ ਲਾਲਸਾ ਵਿੱਚ ਉਲਝਿਆ ਲਾਲਚੀ ਬੰਦਾ ਕਦੇ ਵੀ ਮਨੁੱਖਤਾ ਦਾ ਭਲਾ ਨਹੀਂ ਕਰ ਸਕਦਾ।" ਗੁਰੂ ਜੀ ਦੇ ਕਹਿਣ 'ਤੇ ਮਰਦਾਨੇ ਨੇ ਸਾਰੇ ਕੱਪੜੇ ਅਤੇ ਵਾਧੂ ਖਾਣਾ ਗਰੀਬਾਂ ਵਿੱਚ ਵੰਡ ਦਿੱਤਾ ਅਤੇ ਮੁੜ ਕੇ ਮਨ ਵਿੱਚ ਕਦੀ ਲਾਲਚ ਨਹੀਂ ਰੱਖਿਆ।

ਜੇ ਸਾਖੀ ਚਿੱਤਰਾਂ ਬਾਰੇ ਗੱਲ ਕਰੀਏ ਤਾਂ Panj B-40 ਦੀਆਂ 57 ਸਾਖੀਆਂ ਦੇ ਚਿੱਤਰਾਂ ਵਿੱਚ ਮਰਦਾਨਾ ਇਕ ਪ੍ਰਧਾਨ ਪਾਤਰ ਰਿਹਾ ਹੈ। ਜਿਥੇ ਗੁਰੂ ਸਾਹਿਬ ਹਨ, ਉਥੇ ਮਰਦਾਨਾ ਹੈ। ਜੇ ਸਾਖੀ ਵਿੱਚ ਉਸ ਦਾ ਜ਼ਿਕਰ ਨਹੀਂ ਵੀ ਹੈ ਪਰ ਚਿੱਤਰ ਵਿੱਚ ਉਸ ਦੀ ਹਾਜ਼ਰੀ ਪੂਰੀ ਹੈ। ਪਹਿਲੀਆਂ ਚਾਰ ਸਾਖੀਆਂ, ਜੋ ਗੁਰੂ ਸਾਹਿਬ ਦੇ ਬਚਪਨ ਨਾਲ ਸਬੰਧਿਤ ਹਨ, ਜਿਵੇਂ ਸਾਖੀ ਪਾਂਧੇ ਨਾਲ, ਮੱਝਾਂ ਚਰਦੀਆਂ, ਬਿਰਛ ਦੀ ਛਾਂ ਖਲੋਈ, ਮਾਤਾ-ਪਿਤਾ ਬਾਬੇ ਲਈ ਵੈਦ ਬੁਲਾਇਆ ਆਦਿ। ਇਨ੍ਹਾਂ ਸਾਖੀਆਂ ਵਿੱਚ ਮਰਦਾਨੇ ਦਾ ਚਿੱਤਰਣ ਨਹੀਂ, ਬਾਕੀ ਸਾਰੀਆਂ ਸਾਖੀਆਂ ਵਿੱਚ ਮਰਦਾਨੇ ਦਾ ਚਿੱਤਰਣ ਮਹੱਤਵਪੂਰਨ ਰਿਹਾ ਹੈ। ਪੰਜਵੀਂ ਸਾਖੀ ਤੋਂ ਬਾਬਾ ਨਾਨਕ ਨਾਲ ਮਰਦਾਨੇ ਦਾ ਸਾਥ ਸ਼ੁਰੂ ਹੋ ਜਾਂਦਾ ਹੈ। ਇਸ ਸਾਖੀ ਦੇ ਚਿੱਤਰ ਵਿੱਚ ਮਰਦਾਨੇ ਦਾ ਆਕਾਰ ਬਾਬਾ ਨਾਨਕ ਨਾਲੋਂ ਵੱਡਾ ਹੈ ਤੇ ਉਸ ਨੂੰ ਅਗਰ-ਭੂਮੀ ਵਿੱਚ ਰੱਖਦਿਆਂ ਚਿੱਤਰਿਆ ਹੈ, ਜਦਕਿ ਬਾਕੀ ਸਾਖੀਆਂ ਵਿੱਚ ਗੁਰੂ ਸਾਹਿਬ ਦਾ ਆਕਾਰ ਮਰਦਾਨੇ ਨਾਲੋਂ ਥੋੜ੍ਹਾ ਵੱਡਾ ਚਿੱਤਰਿਆ ਗਿਆ ਹੈ। ਲਗਭਗ ਸਾਰੇ ਚਿੱਤਰਾਂ ਵਿੱਚ ਮਰਦਾਨੇ ਨੂੰ ਗੁਰੂ ਸਾਹਿਬ ਦੇ ਨਾਲ ਬੈਠਿਆਂ, ਸੱਜਾ ਹੱਥ ਰਬਾਬ 'ਤੇ ਰੱਖੀ, ਉਸ ਨੂੰ ਵਜਾਉਂਦਿਆਂ ਚਿੱਤਰਿਆ ਹੈ। Panj B-40 ਦੀ ਅਠਾਰਵੀਂ ਸਾਖੀ 'ਬਾਬੇ ਤਪੁ ਅਰੰਭਿਆ' ਵਿੱਚ ਮਰਦਾਨੇ ਨੇ ਆਪਣੀ ਸ਼ਿੰਗਾਰੀ ਰਬਾਬ ਜ਼ਮੀਨ ਉਤੇ ਇਕ ਪਾਸੇ ਰੱਖੀ ਹੋਈ ਹੈ ਤੇ ਉਹ ਸੋਚੀਂ ਪਿਆ, ਸਿਰ ਨੀਵਾਂ ਕਰ ਕੇ ਸਾਹਮਣੇ ਉਦਾਸ, ਭੁੱਖੇ-ਭਾਣੇ ਬੈਠਾ ਹੈ। ਉਸ ਦੀ ਰਬਾਬ ਚੁੱਪ ਹੈ। ਚਿੱਤਰ ਦੇ ਉਪਰਲੇ ਹਿੱਸੇ ਵਿੱਚ ਗੁਰੂ ਸਾਹਿਬ ਦੋਵੇਂ ਹੱਥ ਜੋੜੀ ਨਿਰੰਕਾਰ ਦੀ ਅਰਾਧਨਾ ਕਰ ਰਹੇ ਹਨ। ਉਹ ਆਪ ਤਾਂ ਮੁੱਠ ਰੇਤ ਤੇ ਜ਼ਹਿਰੀਲੇ ਅੱਕ ਦੀਆਂ ਖੱਖੜੀਆਂ ਖਾ ਕੇ ਤੱਪ ਕਰਕੇ ਰੋੜਿਆਂ ਦੀ ਵਿਛਾਈ ਕਰ ਸੌਂ ਲੈਂਦੇ ਹਨ ਪਰ ਮਰਦਾਨੇ ਨੂੰ ਭੁੱਖਣ-ਭਾਣੇ ਗੁਜ਼ਾਰਾ ਕਰਨਾ ਪੈ ਰਿਹਾ ਹੈ। ਭਾਈ ਗੁਰਦਾਸ ਇਸ ਸਥਿਤੀ ਨੂੰ ਆਪਣੀ ਵਾਰ ਵਿੱਚ ਇਉਂ ਬਿਆਨਦੇ ਹਨ:-

**ਰੇਤੁ ਅੱਕੁ ਆਹਾਰੁ ਕਰਿ**
**ਰੋੜਾ ਕੀ ਗੁਰ ਕੀਅ ਵਿਛਾਈ।**
**ਭਾਰੀ ਕਰੀ ਤਪਸਿਆ**
**ਵਡੇ ਭਾਗਿ ਹਰਿ ਸਿਉ ਬਣਿ ਆਈ।**

**(ਪਉੜੀ ੨੪)**

Panj B-40 ਦੀ 19 ਵੀ ਸਾਖੀ 'ਤ੍ਰਿਆ ਰਾਜ ਵਿੱਚ ਬਾਬਾ ਨਾਨਕ ਤੇ ਭੇਡੂ ਮਰਦਾਨਾ' ਵਿੱਚ ਕਾਮਰੂਪ ਦੀਆਂ ਸੁੰਦਰ





ਇਸਤਰੀਆਂ ਜੋ ਪਰਾ-ਸੰਸਾਰੀ ਸ਼ਕਤੀ ਦੀਆਂ ਮਾਲਿਕ ਹਨ, ਨੇ ਮਰਦਾਨੇ ਨੂੰ ਭੇਡੂ ਬਣਾਇਆ ਹੈ। ਉਨ੍ਹਾਂ ਨੇ ਹਰ ਤਰ੍ਹਾਂ ਦੇ ਸਾਰੇ ਗਹਿਣੇ ਪਹਿਨ ਕੇ ਪੂਰਾ ਹਾਰ-ਸ਼ਿੰਗਾਰ ਕੀਤਾ ਹੋਇਆ ਹੈ। ਭੇਡੂ ਬਣੇ ਮਰਦਾਨੇ ਨੇ ਬਾਬੇ ਨਾਨਕ ਵੱਲ ਨਜ਼ਰ ਟਿਕਾਈ ਹੈ, ਜੋ ਉਨ੍ਹਾਂ ਦੀ ਕਿਰਪਾ ਦ੍ਰਿਸ਼ਟੀ ਨਾਲ ਆਪਣੇ ਪਹਿਲੇ ਰੂਪ ਵਿੱਚ ਆ ਜਾਂਦਾ ਹੈ। 21 ਵੀਂ ਸਾਖੀ 'ਅੰਗਦ ਜੀ ਭਉਣਿ ਚਲਿਆ' ਵਿੱਚ ਭਾਈ ਲਹਿਣਾ ਸਾਥੀਆਂ ਨਾਲ ਹੱਥ ਵਿੱਚ ਪਤਾਕਾ ਫੜ੍ਹੀ ਦੁਰਗਾ ਮੰਦਰ ਜਾਂਦੇ ਚਿੱਤਰੇ ਹਨ। ਇਹ ਇਕ ਅਜਿਹੀ ਸਾਖੀ ਹੈ, ਜਿਸ ਵਿੱਚ ਨਾ ਤਾਂ ਗੁਰੂ ਨਾਨਕ ਦੇਵ ਜੀ ਹਨ ਤੇ ਨਾ ਹੀ ਮਰਦਾਨਾ। 24 ਵੀਂ ਸਾਖੀ 'ਬਾਬੇ ਤਪ ਅਰੰਭਿਆ' ਵਿੱਚ ਖ਼ਾਸ ਗੱਲ ਇਹ ਹੈ ਕਿ ਇਕ ਤਾਂ ਮਰਦਾਨੇ ਦੇ ਸ਼ਰੀਰ ਦਾ ਆਕਾਰ ਬਾਬੇ ਨਾਨਕ ਨਾਲੋਂ ਵੱਡਾ ਦਿਖਾਇਆ ਹੈ ਅਤੇ ਦੂਜਾ ਬਾਬੇ ਨਾਨਕ ਵਾਂਗ ਮਰਦਾਨੇ ਦੇ ਮੱਥੇ ਉਤੇ ਤਿਲਕ ਲਗਾਇਆ ਹੈ। 37 ਵੀਂ ਸਾਖੀ 'ਬਾਬਾ ਜੀ ਇਕ ਮੁਲਕ ਗਇਆ' ਵਿੱਚ ਬਾਬਾ ਨਾਨਕ ਤੇ ਮਰਦਾਨੇ ਦੀ ਦਾੜ੍ਹੀ ਕਾਲੀ-ਚਿੱਟੀ ਦਿਖਾਈ ਹੈ। ਮਰਦਾਨੇ ਦੀ ਕੱਟੀ ਦਾਹੜੀ ਦੇ ਖਤ ਮੁਸਲਿਮ ਰਵਾਇਤੀ ਹਨ ਪਰ ਦੋਵਾਂ ਦੇ ਮੱਥੇ ਤਿਲਕ ਵਿਹੂਣੇ ਹਨ। 'ਸਾਖੀ ਗੁਰੂ ਬਾਬੇ ਜੀ ਕੀ' ਵਿੱਚ ਗੁਰੂ ਸਾਹਿਬ ਇਕ ਪਟੜੇ 'ਤੇ ਖੜ੍ਹੇ ਨਹਾ ਰਹੇ ਹਨ, ਉਨ੍ਹਾਂ ਸਾਹਮਣੇ ਗੁਰੂ ਅੰਗਦ ਜੀ ਹੱਥ ਬੰਨ੍ਹ ਕੇ ਖੜ੍ਹੇ ਹਨ। ਗੁਰੂ ਅੰਗਦ ਜੀ ਗੁਰੂ ਸਾਹਿਬ ਦਾ ਪਿੰਡਾ ਵਲੂੰਧਰਿਆ ਦੇਖ ਕੇ ਕਾਰਣ ਪੁੱਛਦੇ ਹਨ ਤਾਂ ਗੁਰੂ ਸਾਹਿਬ ਕਹਿੰਦੇ ਹਨ ਕਿ ਦੂਰ ਝਾੜੀਆਂ ਵਿੱਚ ਇਕ ਅੱਯਾਲੀ ਸਿੱਖ ਬੱਕਰੀਆਂ ਚਰਾਉਂਦਾ ਆਰਤੀ ਸੋਹਿਲਾ ਦਾ ਪਾਠ ਕਰ ਰਿਹਾ ਹੈ ਤੇ ਮੇਰਾ ਪ੍ਰਣ ਹੈ, ਜਿਥੇ ਆਰਤੀ ਸੋਹਿਲਾ ਹੋਵੇਗਾ, ਉਥੇ ਜਾਣਾ ਹੈ। ਅਰਥਾਤ ਅੱਯਾਲੀ ਸਿੱਖ ਦੇ ਨਾਲ ਝਾੜੀਆਂ ਵਿੱਚ ਜਾਣ ਨਾਲ ਪਿੰਡਾ ਵਲੂੰਧਰਿਆ ਗਿਆ। ਪਿੰਡੇ ਦੇ ਜ਼ਖ਼ਮ ਸ਼ਾਂਤ ਕਰਨ ਲਈ ਉਹ ਇਸ਼ਨਾਨ ਕਰ ਰਹੇ ਹਨ। ਚਿੱਤਰ ਵਿੱਚ ਗੁਰੂ ਸਾਹਿਬ ਦੇ ਪੈਰਾਂ ਲਾਗੇ ਦੋ ਮਟਕੇ ਪਾਣੀ ਦੇ ਭਰੇ ਪਏ ਹਨ। ਗੁਰੂ ਸਾਹਿਬ ਲੋਟੇ ਨਾਲ ਸਿਰ 'ਤੇ ਪਾਣੀ ਪਾ ਰਹੇ ਹਨ। ਪਾਣੀ ਵਿੱਚ ਜਲ ਦੇਵਤੇ ਦਾ ਵਾਸ ਹੋਣ ਕਰਕੇ ਇਸ਼ਨਾਨ ਕਰਨ ਵਾਲਾ ਨਾਇਕ (ਗੁਰੂ ਸਾਹਿਬ) ਜਲ ਨੂੰ ਪਿੰਡੇ ਉਤੇ ਪਾ ਕੇ ਜਲ ਵਿੱਚ ਨਿਵਾਸ ਕਰਦੀ ਪਾਵਨ ਦੇਵ ਸ਼ਕਤੀ ਨੂੰ ਗ੍ਰਹਿਣ ਕਰਨ ਦਾ ਮੋਟਿਫ਼ ਹੈ। ਚਿੱਤਰ ਦੀ ਖ਼ਾਸ ਗੱਲ ਇਹ ਹੈ ਕਿ ਗੁਰੂ ਸਾਹਿਬ ਦੇ ਵਾਲ ਨਹੀਂ ਹਨ, ਸਿਰੋਂ ਗੰਜੇ ਹਨ ਪਰ ਇਕ ਬੋਦੀ ਨਜ਼ਰ ਆ ਰਹੀ ਹੈ ਅਤੇ ਮੱਥੇ ਉਤੇ ਤਿਲਕ ਲਗਾਇਆ ਹੋਇਆ ਹੈ। ਉਨ੍ਹਾਂ ਗਲ਼ ਵਿੱਚ ਜਨੇਊ ਤੇ ਰੁਦਰਾਖ਼ਸ਼ ਦੀ ਮਾਲ਼ਾ ਪਹਿਨੀ ਹੈ। ਪੂਰੇ ਸਨਾਤਨੀ ਰੰਗ ਵਿੱਚ ਰੰਗੇ ਇਸ ਚਿੱਤਰ ਵਿੱਚ ਇਕ ਪਾਸੇ ਬੈਠੇ ਭਾਈ ਮਰਦਾਨਾ, ਗੁਰੂ ਸਾਹਿਬ ਤੇ ਗੁਰੂ ਅੰਗਦ ਜੀ ਦੇ ਸੰਵਾਦ ਸੁਣ ਰਹੇ ਹਨ। ਪ੍ਰਤੱਖ ਹੈ ਕਿ ਆਲਮ ਚੰਦ ਰਾਜ ਦੇ ਚਿੱਤਰੇ ਸਮੁੱਚੇ ਚਿੱਤਰਾਂ ਵਿੱਚ ਸਨਾਤਨੀ ਮੱਤ ਕਾਫੀ ਭਾਰੂ ਹੈ ਜਦਕਿ ਇਤਿਹਾਸ ਵੱਲ ਨਜ਼ਰ ਮਾਰੀਏ ਤਾਂ ਇਨ੍ਹਾਂ ਸਾਖੀਆਂ ਦੇ ਚਿੱਤਰਣ ਸਮੇਂ (1790 ਈ:) ਖਾਲਸਾ ਪੰਥ ਦੀ ਨੀਂਹ ਰੱਖੀ ਜਾ ਚੁੱਕੀ ਸੀ ਅਤੇ ਸਿੱਖ ਧਰਮ ਦਾ ਕਾਫੀ ਪ੍ਰਚਾਰ-ਪ੍ਰਸਾਰ ਹੋ ਚੁੱਕਾ ਸੀ।

'ਬਾਬਾ ਮੱਕੇ, ਮੁਜਾਵਰ ਤੇ ਮਰਦਾਨਾ' ਨਾਮੀ Panj B-40 ਦੀ ਸਾਖੀ ਵਿੱਚਲੇ ਚਿੱਤਰ ਨੂੰ ਚਿਤੇਰੇ ਨੇ ਦੋ ਹਿੱਸਿਆਂ ਵਿੱਚ ਵੰਡਿਆ ਹੈ। ਪਹਿਲੇ ਹਿੱਸੇ ਵਿੱਚ ਬਾਬਾ ਨਾਨਕ ਮੱਕੇ ਦੀ ਮਸੀਤ ਦੇ ਬਾਹਰ ਸੁੱਤੇ ਹੋਏ ਹਨ। ਉਹਨਾਂ ਨੇ ਸਿਰ ਥੱਲੇ ਇਕ ਚਾਦਰ, ਜੋ ਉਹ ਵਿਛਾ ਕੇ ਉਪਰ ਬੈਠਦੇ ਹੋਣਗੇ, ਨੂੰ ਸਿਰਹਾਣੇ ਦੇ ਤੌਰ 'ਤੇ ਵਰਤਿਆ ਹੈ। ਉਹਨਾਂ ਦੀ ਦਾੜ੍ਹੀ ਅਤੇ ਭਰਵੱਟੇ





ਕਾਲ਼ੇ ਹਨ। ਇਕ ਲੰਬਾ ਕਾਲਾ ਜਨੇਊ ਉਨ੍ਹਾਂ ਧਾਰਨ ਕੀਤਾ ਹੋਇਆ ਹੈ ਅਤੇ ਮੱਥੇ ਉਤੇ ਇਕ ਲੰਬਾ ਲਾਲ ਤਿਲਕ ਵੀ ਨਜ਼ਰ ਆ ਰਿਹਾ ਹੈ। ਚਿੱਤਰ ਵਿੱਚ ਦੋਵੇਂ ਨੇਤਰ ਪੂਰੀ ਤਰ੍ਹਾਂ ਬੰਦ ਹਨ। ਉਨ੍ਹਾਂ ਦੇ ਦੋਵੇਂ ਪੈਰ ਮੱਕੇ ਦੀਆਂ ਮਹਿਰਾਬਾਂ ਵੱਲ, ਪਰ ਹਵਾ ਵਿੱਚ ਹਨ, ਜ਼ਮੀਨ ਤੋਂ ਕਾਫੀ ਉਤਾਂਹ। ਇਸ ਦਾ ਅਰਥ ਇਹ ਹੈ ਕਿ ਗੁਰੂ ਸਾਹਿਬ ਨੇਤਰ ਬੰਦ ਕਰਕੇ ਪਰਾ ਸੰਸਾਰੀ ਮੰਡਲਾਂ ਵਿੱਚ ਵਿੱਚਰ ਰਹੇ ਹਨ। ਇਥੇ ਉਨ੍ਹਾਂ ਦੀ ਪੁਸ਼ਾਕ ਨੀਲੇ ਰੰਗ ਦੀ ਹੈ, ਜੋ ਪਰੰਪਰਾ ਅਨੁਸਾਰ ਮੁਸਲਿਮ ਹੱਜ ਕਰਨ ਲੱਗਿਆਂ ਪਹਿਨਦੇ ਹਨ। ਮਰਦਾਨਾ ਖ਼ੁਦ ਮੁਸਲਿਮ ਹੈ, ਜੋ ਮੱਕੇ ਦੀ ਜ਼ਿਆਰਤ ਕਰਨ ਆਇਆ ਹੈ ਪਰ ਚਿੱਤਰਕਾਰ ਨੇ ਉਸ ਦੀ ਪੁਸ਼ਾਕ ਲਾਲ ਰੰਗ ਦੀ ਚਿੱਤਰੀ ਹੈ। ਮਰਦਾਨਾ ਦੇ ਹੱਥ ਵਿੱਚ ਰਬਾਬ ਹੈ, ਉਸ ਦੇ ਸਾਹਮਣੇ ਕਾਜ਼ੀ ਰੁਕਨਦੀਨ ਕਾਲ਼ੇ ਰੰਗ ਦੇ ਲੰਬੇ ਚੋਗੇ ਅਤੇ ਹੱਥ ਵਿੱਚ ਚੱਲਣ ਲਈ ਡਾਂਗ ਫੜ੍ਹੀ, ਹੱਥ ਉਤਾਂਹ ਕਰ ਕੇ ਮਰਦਾਨੇ ਨੂੰ ਸੰਬੋਧਨ ਹੋ, ਬਾਬੇ ਬਾਰੇ ਗੁੱਸੇ ਵਿੱਚ ਤਕਰਾਰ ਕਰ ਰਿਹਾ ਹੈ। ਗੁਰੂ ਜੀ ਨਾਲ ਕਾਜ਼ੀ ਜਦੋਂ ਮਹਿਰਾਬ ਵੱਲ ਲੱਤਾਂ ਦਾ ਵਿਰੋਧ ਕਰਦਾ ਹੈ ਤਾਂ ਉਹ ਕਹਿੰਦੇ ਹਨ ਕਿ ਜਿੱਧਰ ਖ਼ੁਦਾ ਨਹੀਂ ਹੈ, ਓਧਰ ਲੱਤਾਂ ਕਰ ਦੇ। ਭਾਈ ਗੁਰਦਾਸ ਜੀ ਇਹ ਵਾਕਿਆ ਇਉਂ ਬਿਆਨ ਕਰਦੇ ਹਨ:-

**ਟੰਗੋਂ ਪਕੜਿ ਘਸੀਟਿਆ**
**ਫਿਰਿਆ ਮੱਕਾ ਕਲਾ ਦਿਖਾਰੀ।**
**ਹੋਇ ਹੈਰਾਨੁ ਕਰੇਨਿ ਜੁਹਾਰੀ ॥**

**(ਪਉੜੀ ੩੨)**

ਮਰਦਾਨਾ ਇਹ ਸਭ ਕੌਤਕ ਦੇਖ ਰਿਹਾ ਹੈ। ਇਸ ਚਿੱਤਰ ਵਿੱਚ ਮਰਦਾਨੇ ਦੀ ਪੱਗੜੀ ਭਾਵੇਂ ਮੁਸਲਿਮ ਸ਼ੈਲੀ ਦੀ ਹੈ ਪਰ ਲਾਲ ਪੁਸ਼ਾਕ ਅਤੇ ਮੱਥੇ ਉਤੇ ਲੰਬਾ ਤਿਲਕ ਲਗਾ ਕੇ ਚਿੱਤਰਕਾਰ ਆਲਮ ਚੰਦ ਮਰਦਾਨੇ ਨੂੰ ਸਨਾਤਨੀ ਰੰਗ ਵਿੱਚ ਹੀ ਕਿਉਂ ਰੰਗਣਾ ਚਾਹੁੰਦਾ ਹੈ? ਕੀ ਉਹ ਬਾਬਾ ਨਾਨਕ ਦੀ ਸੰਗਤ ਵਿੱਚ ਰਹਿ ਕੇ ਮਰਦਾਨੇ ਨੂੰ ਵੀ ਹਿੰਦੂ ਦਿਖਾਉਣਾ ਚਾਹੁੰਦਾ ਹੈ? ਅਜਿਹਾ ਕਰਦਿਆਂ ਚਿੱਤਰਕਾਰ ਵੈਸ਼ਨਵ/ਸਨਾਤਨੀ ਮੱਤ ਵੱਲ ਜ਼ਿਆਦਾ ਸ਼ਰਧਾ ਰੱਖਦਾ ਹੋਇਆ ਲੋੜੋਂ ਵੱਧ ਉਲਾਰ ਹੋ ਗਿਆ ਹੈ। ਦਰਅਸਲ ਇਸ ਚਿੱਤਰਕਾਰ ਨੇ ਪੂਰੀ ਸਾਖੀ ਵਿੱਚ ਮਰਦਾਨੇ ਨੂੰ ਸਿਰਫ ਚਾਰ ਪੰਜ ਚਿੱਤਰਾਂ ਵਿੱਚ ਮਹਿੰਦੀ ਰੰਗ ਦੀ ਪੁਸ਼ਾਕ ਪਹਿਨੀ ਚਿੱਤਰਿਆ ਹੈ, ਬਾਕੀ ਸਭ ਵਿੱਚ ਲਾਲ-ਸੰਧੂਰੀ ਰੰਗ ਦੀ ਪੁਸ਼ਾਕ ਚਿੱਤਰੀ ਹੈ। ਆਲਮ ਚੰਦ ਨੇ ਪੂਰੀ ਜਨਮ ਸਾਖੀ ਵਿੱਚ ਗੁਰੂ ਸਾਹਿਬ ਨੂੰ ਤਾਂ ਪਰੰਪਰਕ ਮੁਸਲਿਮ ਨੀਲੇ ਰੰਗ ਦੀ ਪੁਸ਼ਾਕ ਵਿੱਚ ਚਾਰ ਵਾਰ ਚਿੱਤਰਿਆ ਹੈ ਜਦਕਿ ਮੁਸਲਿਮ




ਮਰਦਾਨੇ ਨੂੰ ਇਕ ਵਾਰ ਵੀ ਨਹੀਂ। ਪੁਸ਼ਾਕਾਂ ਦੇ ਇਹ ਰੰਗ ਚਿੱਤਰਕਾਰ ਨੇ ਅਚੇਤ ਪੱਧਰ ਉਤੇ ਨਹੀਂ ਬਲਕਿ ਸੁਚੇਤ ਪੱਧਰ ’ਤੇ ਇਕ ਮਕਸਦ ਅਧੀਨ ਵਰਤੇ ਲੱਗਦੇ ਹਨ।

‘ਮੱਕੇ ਨੂੰ ਜਾਂਦੇ ਫ਼ਕੀਰ’ ਸਾਖੀ ਵਿੱਚ ਮੱਕੇ ਨੂੰ ਜਾਂਦੇ ਫ਼ਕੀਰ ਗੁਰੂ ਸਾਹਿਬ ਨੂੰ ਨਾਲ ਲੈ ਕੇ ਚੱਲਣ ਤੋਂ ਮਨ੍ਹਾ ਕਰ ਦਿੰਦੇ ਹਨ ਕਿਉਂਕਿ ਉਸ ਦੇਸ਼ ਵਿੱਚ ਸੱਈਅਦਾਂ ਦਾ ਰਾਜ ਹੈ, ਜੋ ਹਿੰਦੂਆਂ ਨੂੰ ਮਾਰ ਮੁਕਾਉਂਦੇ ਹਨ। ਉਹ ਮੁਸਲਿਮ ਮਰਦਾਨੇ ਨੂੰ ਵੀ ਨਾਲ ਨਹੀਂ ਲਿਜਾਂਦੇ। ਮੱਕੇ ਨੂੰ ਜਾਣ ਲਈ ਵਰ੍ਹੇ ਦਾ ਪੈਂਡਾ ਸੀ ਪਰ ਜਦੋਂ ਫ਼ਕੀਰ ਮੱਕਾ ਪਹੁੰਚਦੇ ਹਨ, ਗੁਰੂ ਸਾਹਿਬ ਉਨ੍ਹਾਂ ਤੋਂ ਪਹਿਲਾਂ ਪਹੁੰਚ ਜਾਂਦੇ ਹਨ। ਇਸ ਸਾਖੀ ਵਿੱਚ ਗੁਰੂ ਸਾਹਿਬ ਦੀ ਪੁਸ਼ਾਕ ਦਾ ਰੰਗ ਨੀਲਾ ਹੈ ਜਦਕਿ ਮਰਦਾਨਾ ਲਾਲ ਰੰਗ ਦੀ ਪੁਸ਼ਾਕ ਪਹਿਨੀ ਚਿੱਤਰਿਆ ਹੈ। ਕੁਝ ਕੁ ਚਿੱਤਰਾਂ ਵਿੱਚ ਉਸ ਦੀ ਪੁਸ਼ਾਕ ਮਹਿੰਦੀ ਰੰਗ ਦੀ ਹੈ।

Panj B-40 ਦੀ ਬਾਬਾ ਨਾਨਕ ਅਤੇ ਕਬੀਰ ਵਾਲੀ ਸਾਖੀ ਵਿੱਚ ਗੁਰੂ ਸਾਹਿਬ ਕਬੀਰ ਦੇ ਨਾਲ ਥੋੜ੍ਹੇ ਉਚੇ ਤਲ ’ਤੇ ਬੈਠੇ ਚਿੱਤਰੇ ਹਨ। ਗੁਰੂ ਸਾਹਿਬ ਦੀ ਟੋਪੀ ਦਾ ਡਿਜ਼ਾਇਨ ਕਬੀਰ ਜੀ ਦੀ ਟੋਪੀ ਵਾਂਗ ਹੀ ਹੈ ਪਰ ਗੁਰੂ ਸਾਹਿਬ ਦੀ ਟੋਪੀ ਥੋੜ੍ਹੀ ਵੱਖਰੀ ਵਿਸ਼ੇਸ਼ ਹੈ। ਪੀਲੀ ਬਿੰਦੀਆਂ ਵਾਲੀਆਂ ਟੋਪੀਆਂ ਦਾ ਲਾਲ ਰੰਗ ਦੋਵਾਂ ਦੀ ਹਮ-ਆਤਮੀਅਤਾ ਨੂੰ ਦਰਸਾਉਂਦਾ ਹੈ। ਗੁਰੂ ਸਾਹਿਬ ਦੇ ਚੋਲੇ ਦਾ ਰੰਗ ਪੀਲਾ ਅਤੇ ਕਬੀਰ ਜੀ ਦੇ ਚੋਲੇ ਦਾ ਰੰਗ ਸਫ਼ੈਦ ਹੈ। ਗੁਰੂ ਸਾਹਿਬ ਦੀਆਂ ਅੱਖਾਂ ਖੁੱਲ੍ਹੀਆਂ ਅਤੇ ਨਿਗਾਹ ਹਮਵਾਰ ਹੈ ਪਰ ਕਬੀਰ ਜੀ ਦੀਆਂ ਦੋਵੇਂ ਅੱਖਾਂ ਬੰਦ ਹਨ। ਗੁਰੂ ਸਾਹਿਬ ਦੀ ਪਿੱਠ ਤੋਂ ਥੋੜ੍ਹਾ ਅੱਗੇ ਹਰੇ ਭਰੇ ਦਰਖ਼ਤ ਉਤੇ ਫ਼ਲ ਲੱਗੇ ਹੋਏ ਹਨ ਜਦਕਿ ਕਬੀਰ ਜੀ ਦੀ ਪਿੱਠ ਪਿੱਛੇ ਦਰਖ਼ਤ ਉਤੇ ਫੁੱਲ ਲੱਗੇ ਹੋਏ ਹਨ। ਫੁੱਲ ਅਤੇ ਫ਼ਲ ਦਾ ਮੋਟਿਫ਼ ਕਈ ਵੱਖਰੇਵੇਂ ਕਰ ਜਾਂਦਾ ਹੈ। ਦਰਖ਼ਤ ਅਤੇ ਅਕਾਸ਼ ਵਿੱਚ ਪੰਛੀਆਂ ਦੀ ਹਲਚਲ ਚਿੱਤਰੀ ਗਈ ਹੈ। ਦੋਵਾਂ ਦੇ ਹੱਥ ਵਿੱਚ ਸਿਮਰਨਾ, ਗਲ਼ ਵਿੱਚ ਲੰਬੀ ਮਾਲਾ ਅਤੇ ਮੱਥੇ ਉਤੇ ਲੰਬਾ ਲਾਲ ਤਿਲਕ ਹੈ। ਆਹਮੋ-ਸਾਹਮਣੇ ਬੈਠੇ ਦੋਵੇਂ ਮਹਾਂਪੁਰਸ਼ਾਂ ਦੇ ਚਿਹਰਿਆਂ ਦਾ ਤਿੰਨ-ਚੌਥਾਈ ਚਿੱਤਰਣ ਹੈ ਜਦ ਕਿ ਗੁਰੂ ਸਾਹਿਬ ਦੀ ਦਿੱਖ ਤੋਂ ਇਲਾਵਾ ਹੋਰਨਾਂ ਪਾਤਰਾਂ ਦੇ ਚਿੱਤਰਾਂ ਵਿੱਚ ਅਜਿਹਾ ਨਹੀਂ ਹੁੰਦਾ। ਚਿੱਤਰ ਦੇ ਹੇਠਲੇ ਹਿੱਸੇ ਵਿੱਚ ਮਰਦਾਨਾ ਰਬਾਬ ’ਤੇ ਸੰਗੀਤ ਛੇੜ ਰਿਹਾ ਹੈ। ਉਸ ਦੀ ਨਿਗਾਹ ਉਤਾਂਹ ਗੁਰੂ ਸਾਹਿਬ ਵੱਲ ਹੈ।

ਮੁਸਲਿਮ ਮਰਦਾਨੇ ਦੀ ਦੋਸਤੀ ਗੁਰੂ ਸਾਹਿਬ ਨਾਲ ਪੀਢੀ ਤਾਂ ਰਹੀ ਪਰ ਉਸ ਨੇ ਨਾ ਤਾਂ ਆਪਣਾ ਧਰਮ ਛੱਡਿਆ ਤੇ ਨਾ ਹੀ ਉਹ ਸਿੱਖ ਮੱਤ ਦੇ ਵਿਰੋਧ ਵਿੱਚ ਖੜ੍ਹਾ ਹੋਇਆ। ਉਦਾਸੀਆਂ ਦੌਰਾਨ ਰਾਹ ਵਿੱਚ ਮਸੀਤ ਆਉਂਦੀ ਤਾਂ ਮਰਦਾਨਾ ਨਮਾਜ਼ ਪੜ੍ਹਦਾ, ਗੁਰੂ ਸਾਹਿਬ ਵੀ ਨਾਲ ਚਲੇ ਜਾਂਦੇ। ਮਰਦਾਨੇ ਦੀ ਖ਼ਾਹਿਸ਼ ਪੂਰੀ ਕਰਦਿਆਂ ਉਸ ਨੂੰ ਜ਼ਿਆਰਤ ਕਰਾਉਣ ਲਈ ਮੱਕੇ ਲੈ ਕੇ ਜਾਂਦੇ ਹਨ। ਇਥੇ ਗੁਰੂ ਸਾਹਿਬ ਪੂਰਵ ਮਿਥਿਤ ਧਾਰਨਾਵਾਂ ਨੂੰ ਤੋੜਨ ਲਈ ਮੱਕੇ ਵੱਲ ਪੈਰ ਕਰ ਕੇ ਸੌਂ ਜਾਂਦੇ ਹਨ। ਜਾਣੀਜਾਣ ਗੁਰੂ ਸਾਹਿਬ ਨੂੰ ਪਤਾ ਸੀ ਕਿ ਇਸ ਕਰਮ ਦਾ ਵਿਰੋਧ ਹੋਵੇਗਾ ਅਤੇ ਕਾਜ਼ੀ ਰੁਕਨਦੀਨ ਇਹ ਸਭ ਦੇਖ ਕੇ ਵਿਰੋਧ ਵਿੱਚ ਆ ਖੜ੍ਹਾ ਹੋਇਆ। ਉਸੇ ਤਰ੍ਹਾਂ ਜਿਵੇਂ ਬਗਦਾਦ ਵਿੱਚ ਗੁਰੂ ਸਾਹਿਬ ਨੂੰ ਪਤਾ ਸੀ ਕਿ ਇਥੇ ਰਬਾਬ (ਸੰਗੀਤ) ਵਜਾਉਣ ਦੀ ਮਨਾਹੀ ਹੈ ਪਰ ਫਿਰ ਵੀ ਮਰਦਾਨੇ ਵੱਲੋਂ ਸੰਗੀਤ ਵਜਾਇਆ ਗਿਆ। ਇਥੇ ਉਨ੍ਹਾਂ ਦੋਵਾਂ ਨੂੰ ਪੀਰ ਦਸਤਗੀਰ ਦੇ ਵਿਰੋਧ ਦਾ ਟਾਕਰਾ ਕਰਨਾ ਪੈਂਦਾ ਹੈ :-

**ਫਿਰਿ ਬਾਬਾ ਗਇਆ ਬਗਦਾਦ ਨੋ**
**ਬਾਹਰਿ ਜਾਇ ਕੀਆ ਅਸਥਾਨਾ।**
**ਇਕੁ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ।**
**ਦਿਤੀ ਬਾਂਗਿ ਨਿਵਾਜਿ ਕਰਿ**
**ਸੁੰਨਿ ਸਮਾਨਿ ਹੋਆ ਜਹਾਨਾ।**
**ਸੁੰਨ ਮੁੰਨਿ ਨਗਰੀ ਭਈ ਦੇਖਿ ਪੀਰ ਭਇਆ ਹੈਰਾਨਾ।**
**ਵੇਖੈ ਧਿਆਨੁ ਲਗਾਇ ਕਰਿ**
**ਇਕੁ ਫਕੀਰੁ ਵਡਾ ਮਸਤਾਨਾ।**

**(ਵਾਰਾਂ ਭਾਈ ਗੁਰਦਾਸ ਜੀ, ਪਉੜੀ ੩੫)**

ਮਰਦਾਨੇ ਦੀ ਰਬਾਬ ਵੱਜਦਿਆਂ ਗੁਰੂ ਸਾਹਿਬ ਦਾ ਮਨ ਨਿਰੰਕਾਰ ਨਾਲ ਅਭੇਦ ਹੋ ਕੇ ਇਕਸੁਰ ਹੋ ਜਾਂਦਾ ਹੈ ਅਤੇ ਪੀਰ



ਅਬਦੁੱਲ ਕਾਦਿਰ (ਪੀਰ ਦਸਤਗੀਰ) ਗੁਰੂ ਸਾਹਿਬ ਨਾਲ ਆ ਕੇ ਤਕਰਾਰ ਕਰਨ ਲੱਗ ਜਾਂਦਾ ਹੈ:

**ਪੁਛੇ ਪੀਰ ਤਕਰਾਰ ਕਰਿ ਏਹੁ ਫਕੀਰੁ ਵਡਾ ਅਤਾਈ।**
**ਏਥੇ ਵਿਚਿ ਬਗਦਾਦ ਦੇ ਵਡੀ ਕਰਾਮਾਤਿ ਦਿਖਲਾਈ॥**
**(ਵਾਰਾਂ ਭਾਈ ਗੁਰਦਾਸ ਜੀ, ਪਉੜੀ ੩੬)**


ਇਥੇ ਗੁਰੂ ਸਾਹਿਬ ਨੂੰ ਸੰਗਸਾਰ ਕਰਨ (ਪੱਥਰ ਮਾਰ-ਮਾਰ ਕੇ ਮਾਰਣ) ਦਾ ਹੁਕਮ ਦੇ ਦਿੱਤਾ ਜਾਂਦਾ ਹੈ। ਮੱਕੇ ਅਤੇ ਬਗਦਾਦ ਦੋਵੇਂ ਜਗ੍ਹਾ ਬਾਣੀ ਤੇ ਤਰਕ ਨਾਲ ਹਰਾ ਕੇ ਗੁਰੂ ਸਾਹਿਬ ਨੇ ਮੌਲਾਣਿਆਂ ਨੂੰ ਸ਼ਾਂਤ ਕੀਤਾ।

ਹੱਥ ਲਿਖਤ ਜਨਮ ਸਾਖੀ ਦੇ ਚਿੱਤਰਾਂ ਵਿੱਚ ਮਰਦਾਨੇ ਦੇ ਨਾਲ ਨਾਲ ਤੁਰਦਿਆਂ ਗੁਰੂ ਸਾਹਿਬ ਅਤੇ ਮਰਦਾਨੇ ਦੀ ਆਤਮਿਕ ਸਮਰੂਪਤਾ ਦਾ ਪ੍ਰਗਟਾਅ ਦਿਸਦਾ ਹੈ। ਉਦਾਸੀਆਂ ਦੌਰਾਨ ਗੁਰੂ ਸਾਹਿਬ ਅਤੇ ਮਰਦਾਨਾ ਜਿਸ ਦੇਸ਼ ਵਿੱਚ ਵੀ ਗਏ, ਗੁਰੂ ਸਾਹਿਬ ਨੂੰ ਤਾਂ ਉਥੋਂ ਦੀ ਸਥਾਨਕ ਵੇਸ਼ਭੂਸ਼ਾ ਪਹਿਨੇ ਚਿੱਤਰਿਆ ਗਿਆ ਹੈ ਪਰ ਮਰਦਾਨੇ ਦੇ ਪਹਿਰਾਵੇ ਵਿੱਚ ਕੋਈ ਜ਼ਿਆਦਾ ਫਰਕ ਨਹੀਂ। ਸਾਖੀ ਚਿੱਤਰਾਂ ਵਿੱਚ ਮਰਦਾਨੇ ਨੂੰ ਗੂੜ੍ਹੇ ਪੀਲੇ ਤੇ ਕਈ ਵਾਰ ਲਾਲ ਰੰਗ ਦਾ ਲੰਮਾ ਚੋਲ੍ਹਾ ਪਹਿਨੀ, ਪੀਲੇ ਰੰਗ ਦਾ ਕਢਾਈਦਾਰ ਕਮਰਕੱਸਾ ਬੰਨ੍ਹੀ ਦਿਖਾਇਆ ਗਿਆ ਹੈ। ਚਿੱਤਰਾਂ ਵਿੱਚ ਗੁਰੂ ਸਾਹਿਬ ਦੀ ਸੁਹਜਾਤਮਿਕ ਦਿੱਖ ਦੇ ਮੁਕਾਬਲੇ ਮਰਦਾਨੇ ਦੇ ਨੈਣ-ਨਕਸ਼ ਹਲਕੇ ਫਰਕ ਨਾਲ ਚਿੱਤਰੇ ਗਏ ਹਨ। B-40 ਜਨਮ ਸਾਖੀ ਦੇ ਸਾਰੇ ਚਿੱਤਰਾਂ ਵਿੱਚ ਮਰਦਾਨੇ ਨੂੰ ਹਮੇਸ਼ਾਂ ਮੁਗਲ ਸ਼ੈਲੀ ਦੀ ਪੱਗੜੀ ਪਹਿਨੇ ਤੇ ਬਹੁਤੀ ਥਾਂ ਉਸ ਨੂੰ ਵੈਸ਼ਨਵ ਹਿੰਦੂਆਂ ਵਾਂਗ ਮੱਥੇ 'ਤੇ ਲੰਬਾ ਲਾਲ ਤਿਲਕ ਲਗਾਈ ਇਕ ਚਸ਼ਮ ਹੀ ਚਿੱਤਰਿਆ ਹੈ। ਚਿੱਤਰਕਾਰ ਕੋਈ ਵੀ ਹੋਵੇ, ਭਾਵੇਂ ਹੱਥ ਲਿਖਤਾਂ ਵਿੱਚਲੇ ਸਾਖੀ ਚਿੱਤਰ ਚਿੱਤਰਣ ਵਾਲਾ ਜਾਂ ਫਿਰ ਕਿਸੇ ਥਾਂ ਦਾ ਕੋਈ ਕੰਧ ਚਿੱਤਰ, ਮਰਦਾਨੇ ਨੂੰ ਰਬਾਬ ਤੋਂ ਸੰਗੀਤ ਸਿਰਜਦਿਆਂ ਹੀ ਚਿੱਤਰਿਤ ਕੀਤਾ ਗਿਆ ਹੈ।

Panj B-40 ਜਨਮ ਸਾਖੀ ਵਿੱਚ ਗੁਰੂ ਨਾਨਕ ਸਾਹਿਬ ਦੇ ਬਚਪਨ ਦੀਆਂ ਪਹਿਲੀਆਂ ਚਾਰ ਸਾਖੀਆਂ ਤੋਂ ਬਾਅਦ ਦੀਆਂ ਸਾਰੀਆਂ ਸਾਖੀਆਂ ਉਦਾਸੀਆਂ ਨਾਲ ਸਬੰਧਿਤ ਹਨ। ਸਿਰਫ ਦੋ ਸਾਖੀਆਂ ਗੁਰੂ ਅੰਗਦ ਦੇਵ ਜੀ ਨਾਲ ਸਬੰਧਿਤ ਹਨ। ਦੋਵਾਂ ਵਿੱਚ ਗੁਰੂ ਅੰਗਦ ਜੀ ਦਾ ਆਪੋ ਵਿੱਚ ਮੁਹਾਂਦਰਾ ਨਹੀਂ ਮਿਲਦਾ। ਇਹਨਾਂ ਚਾਰੇ ਉਦਾਸੀਆਂ ਤੋਂ ਬਾਅਦ ਦੇ ਪੰਦਰਾਂ ਵਰ੍ਹਿਆਂ ਦੇ ਕਰਤਾਰਪੁਰ ਸਾਹਿਬ ਵਿਖੇ ਕਿਆਮ ਦਾ ਕਿਤੇ ਵੀ ਜ਼ਿਕਰ ਨਹੀਂ ਤੇ ਨਾ ਹੀ ਮਰਦਾਨੇ ਅਤੇ ਗੁਰੂ ਸਾਹਿਬ ਦੇ ਆਖ਼ਰੀ ਵਕਤਾਂ ਦਾ ਜ਼ਿਕਰ ਹੈ। ਵੱਡੀ ਹੈਰਾਨੀ ਦੀ ਗੱਲ ਇਹ ਹੈ ਕਿ ਗੁਰੂ ਸਾਹਿਬ ਦੇ ਬਹੁਤ ਪ੍ਰਚਾਰੇ ਜਾਂਦੇ ਦੂਸਰੇ ਸਾਥੀ ਭਾਈ ਬਾਲਾ ਦਾ ਤਾਂ ਕਿਤੇ ਵੀ ਜ਼ਿਕਰ ਜਾਂ ਚਿੱਤਰਣ ਨਹੀਂ।

ਇਸ ਤਰ੍ਹਾਂ Panj B-40 ਦੀਆਂ ਸਾਖੀਆਂ ਪੜ੍ਹਨ-ਦੇਖਣ ਤੋਂ ਬਾਅਦ ਇਸ ਗੱਲ ਦੀ ਪ੍ਰੋੜਤਾ ਨੂੰ ਹੋਰ ਬਲ ਮਿਲ ਜਾਂਦਾ ਹੈ ਕਿ ਭਾਈ ਬਾਲੇ ਦਾ ਪਾਤਰ ਇਕ ਮਿਥਿਹਾਸਕ ਪਾਤਰ ਹੈ। ਹੋਰਨਾਂ ਸਾਖੀਆਂ ਦੀ ਤਰ੍ਹਾਂ Panj B-40 ਦੇ ਸਾਖੀ ਚਿੱਤਰਾਂ ਵਿੱਚ ਗੁਰੂ ਬਾਬੇ ਦੀ ਟਹਿਲ ਸੇਵਾ ਲਈ ਕੋਈ ਵੀ ਪਾਤਰ ਯਾਨਿ ਬਾਲਾ ਪਿੱਛੇ ਖੜ੍ਹਾ ਚਉਰ ਕਰਦਾ ਨਹੀਂ ਚਿੱਤਰਿਆ ਗਿਆ। ਲਗਭਗ ਹਰ ਚਿੱਤਰ ਵਿੱਚ ਮਰਦਾਨੇ ਦੀ ਪ੍ਰਧਾਨਤਾ ਹੈ।

ਦੂਜੇ ਪਾਸੇ ਗੁਰਦੁਆਰਾ ਬਾਬਾ ਅਟੱਲ, ਅਮ੍ਰਿਤਸਰ ਵਿਖੇ ਗੁਰੂ ਨਾਨਕ ਦੇਵ ਜੀ ਦੇ ਜਨਮ ਤੋਂ ਲੈ ਕੇ ਮਰਦਾਨੇ ਦੇ ਆਖ਼ਰੀ ਵਕਤ ਤੱਕ ਦੀਆਂ ਅਨੇਕਾਂ ਸਾਖੀਆਂ ਨੂੰ ਮੁੱਖ ਉਪਾਸਨਾ ਗ੍ਰਹਿ ਦੀ ਦੂਜੀ ਮੰਜ਼ਿਲ ਦੀਆਂ ਕੰਧਾਂ ਉਤੇ ਚਿੱਤਰਿਤ ਕੀਤਾ ਹੈ, ਜੋ ਅੱਜ ਵੀ ਕਾਫ਼ੀ ਚੰਗੀ ਹਾਲਤ ਵਿੱਚ ਹਨ। ਗੁਰਦੁਆਰਾ ਸਾਹਿਬ ਦੀਆਂ ਮਹਿਰਾਬ ਰੂਪੀ ਕੰਧਾਂ ਜਾਂ ਖਿੜਕੀਆਂ ਤੋਂ ਉਪਰ ਆਲ਼ੇ



ਬਿਆਨ ਜਾਂਦੇ ਹਨ। ਇਥੇ ਸਾਖੀ ਚਿੱਤਰਾਂ ਨੂੰ ਇਕ ਦੂਜੇ ਨਾਲੋਂ ਵੱਖਰਿਆਉਣ ਲਈ ਵੇਲਨੁਮਾ ਬਾਰਡਰ ਬਣਾਇਆ ਗਿਆ ਹੈ।

ਕੰਧ ਚਿੱਤਰਾਂ ਵਿੱਚ ਜਨਮ ਸਾਖੀ ਦੀ ਵਿਆਖਿਆ ਦੇ ਵਿਸਤਾਰ ਲਈ ਪਾਤਰ ਬਹੁਤ ਜ਼ਿਆਦਾ ਚਿੱਤਰੇ ਹਨ। ਬਹੁ ਪਾਤਰੀ ਹੋਣ ਕਰਕੇ ਉਨ੍ਹਾਂ ਦੇ ਨਾਂਅ ਅਤੇ ਉਨ੍ਹਾਂ ਦੀ ਕਾਰਜ ਤੇ ਕਿਰਿਆ ਬਾਰੇ ਵੀ ਨਾਲ ਲਿਖਿਆ ਗਿਆ ਹੈ। ਸਾਖੀਆਂ ਦਾ ਵੇਰਵਾ ਗੁਰਮੁਖੀ ਵਿੱਚ ਲਿਖ ਕੇ ਜਨ ਸਾਧਾਰਣ ਲਈ ਸਮਝਣਾ ਹੋਰ ਵੀ ਸੁਖਾਲਾ ਕੀਤਾ ਹੈ। ਇਸ ਤਰ੍ਹਾਂ ਚਿੱਤਰਕਾਰਾਂ ਨੇ ਕਈ ਚਿੱਤਰ ਜੁਗਤਾਂ ਸੰਦਰਭ ਅਤੇ ਸਿੱਧਾਂਤ ਦੀ ਸਪਸ਼ਟਤਾ ਦੀ ਲੋੜ ਕਰਕੇ ਵਰਤੀਆਂ ਹਨ। ਗੁਰਦੁਆਰਾ ਬਾਬਾ ਅਟੱਲ ਦੇ ਇਨ੍ਹਾਂ ਕੰਧ ਚਿੱਤਰਾਂ ਦੀਆਂ ਸਾਖੀਆਂ ਵਿੱਚਲੀਆਂ ਘਟਨਾਵਾਂ ਨੂੰ ਡੂੰਘਿਆਈ ਨਾਲ ਜਦੋਂ ਦਰਸ਼ਕ ਵੇਖਦਾ ਹੈ ਤਾਂ ਉਹ ਪਰਾਭੌਤਿਕ ਮੰਡਲਾਂ ਵਿੱਚ ਵਿੱਚਰਣ ਲਗ ਜਾਂਦਾ ਹੈ ਕਿਉਂਕਿ ਉਹ ਗੁਰੂ ਸਾਹਿਬ ਦੇ ਕਰਾਮਾਤੀ ਪ੍ਰਕਾਰਜ ਨੂੰ ਬੜੀ ਸ਼ਰਧਾ ਭਾਵਨਾ ਨਾਲ ਚਿਤਵਦਾ ਹੈ। ਕਾਰਨ ਸਪਸ਼ਟ ਹਨ ਕਿਉਂ ਜੋ ਉਸ ਵੇਲੇ ਲੋਕਾਂ ਦਾ ਧਰਮ ਵੱਲ ਖਾਸਾ ਰੁਝਾਨ ਸੀ। ਸੋ ਜਨਮ ਸਾਖੀਆਂ ਵਿੱਚ ਕਰਾਮਾਤੀ ਮੋਟਿਫਾਂ ਦੀ ਭਰਮਾਰ ਹੈ, ਜਿਵੇਂ ਸੱਪ ਦਾ ਛਾਂ ਕਰਨਾ, ਜੱਟ ਦਾ ਖੇਤ ਹਰਿਆ ਹੋ ਜਾਣਾ, ਮਰਦਾਨੇ ਦਾ ਭੇਡੂ ਬਣ ਜਾਣਾ, ਮੱਕੇ ਦਾ ਭੌਂਅ ਜਾਣਾ, ਕਲਜੁੱਗ ਨਾਲ ਭੇਂਟ ਆਦਿ। ਕੌਡੇ ਰਾਖਸ਼ ਵੱਲੋਂ ਮਰਦਾਨੇ ਨੂੰ ਤੱਪਦੇ ਕੜਾਹੇ ਵਿੱਚ ਸੁੱਟਣ ਵਾਲੀ ਸਾਖੀ ਵਿੱਚ ਗੁਰੂ ਸਾਹਿਬ ਦੀ ਦਿੱਬ ਦ੍ਰਿਸ਼ਟੀ ਨਾਲ ਕੜਾਹਾ ਸੀਤਲ ਹੋ ਜਾਂਦਾ ਹੈ ਤੇ ਮਰਦਾਨੇ ਦੀ ਜਾਨ ਬਖਸ਼ੀ ਹੋ ਜਾਂਦੀ ਹੈ। ਇਥੇ ਮਰਦਾਨਾ ਇਕ ਦੁਨਿਆਵੀ ਪਾਤਰ ਹੈ। ਤੱਪਦੇ ਕੜਾਹੇ ਦਾ ਮੋਟਿਫ ਮਰਦਾਨੇ ਨੂੰ ਭੈਅ ਦੀ ਅਵਸਥਾ ਵਿੱਚ ਪਹੁੰਚਾ ਦਿੰਦਾ ਹੈ ਜਦਕਿ ਗੁਰੂ ਸਾਹਿਬ ਦੇ ਕਰਾਮਾਤੀ ਪ੍ਰਕਾਰਜ ਮਰਦਾਨੇ ਨੂੰ ਨਿਰਭੈਅ ਦੀ ਅਵਸਥਾ ਵਿੱਚ ਲਿਆ ਕੇ ਗਿਆਨ ਦੀ ਸੋਝੀ ਕਰਾ ਦਿੰਦੇ ਹਨ। ਇਸ ਤਰ੍ਹਾਂ ਗੁਰੂ ਸਾਹਿਬ ਮਰਦਾਨੇ ਦੇ ਡਰ-ਸਹਿਮ, ਸ਼ੰਕਾਵਾਂ, ਸਮੱਸਿਆਵਾਂ ਦਾ ਦੈਵੀ ਸ਼ਕਤੀਆਂ ਨਾਲ ਹੱਲ ਕਰਦੇ ਹਨ। ਕੌਤਕੀ ਵਰਤਾਰੇ ਜਾਂ ਕਰਾਮਾਤਾਂ ਅੱਜ ਦੇ ਪ੍ਰਸੰਗ ਵਿੱਚ ਭਾਵੇਂ ਵਿਗਿਆਨਕ ਨਹੀਂ ਭਾਸਦੀਆਂ ਪਰ ਕਲਾਤਮਿਕ ਪੱਖੋਂ ਵਾਚੀਏ ਤਾਂ ਇਹ ਕੰਧ ਚਿੱਤਰ ਉਤਮ ਦਰਜੇ

ਵਿੱਚ ਵੀ ਬਚੀ ਜਗ੍ਹਾ ’ਤੇ ਵੀ ਚਿੱਤਰ ਸਿਰਜਣਾ ਹੋਈ ਹੈ। ਇਥੇ ਕਾਫੀ ਅਜਿਹੀਆਂ ਸਾਖੀਆਂ ਹਨ, ਜੋ Panj B-40 ਜਨਮ ਸਾਖੀ ਵਿੱਚ ਬਿਲਕੁੱਲ ਨਹੀਂ ਮਿਲਦੀਆਂ। ਇਸ ਗੁਰਦੁਆਰਾ ਸਾਹਿਬ ਦੇ ਜਨਮ ਸਾਖੀ ਚਿੱਤਰ, ਜੋ ਜੈਮਲ ਸਿੰਘ ਨਕਾਸ਼, ਹੁਕਮ ਸਿੰਘ ਨਕਾਸ਼ ਅਤੇ ਮਤਾਬ ਸਿੰਘ ਨਕਾਸ਼ ਨੇ ਚਿੱਤਰੇ ਹਨ, ਦਾ ਪ੍ਰਧਾਨ ਵਿਸ਼ਾ ਗੁਰੂ ਨਾਨਕ ਦੇਵ ਜੀ ਦਾ ਜੀਵਨ ਬਿਰਤਾਂਤ ਹੈ। ਇਥੋਂ ਦੇ ਚਿੱਤਰਾਂ ਵਿੱਚ ਮਰਦਾਨੇ ਦੇ ਨਾਲ-ਨਾਲ ਬਾਲੇ ਦੀ ਪ੍ਰਧਾਨਤਾ ਜ਼ਿਆਦਾ ਹੈ। ਬਾਲੇ ਨੂੰ ਵਧੀਆ ਪੁਸ਼ਾਕ ਪਹਿਨੀ, ਸਿਰ ਉਤੇ ਲਾਲ ਰੰਗ ਦੀ ਥੋੜ੍ਹੀ ਲੰਮੀ ਵੱਖਰੀ ਤਰ੍ਹਾਂ ਦੀ ਟੋਪੀ ਪਾਈ ਚਿੱਤਰਿਆ ਹੈ। ਕੁਝ ਕੁ ਚਿੱਤਰਾਂ ਵਿੱਚ ਇਕੱਲਾ ਬਾਲਾ ਲਾਲ ਪੁਸ਼ਾਕ ਪਹਿਨੀ ਨਜ਼ਰ ਆ ਰਿਹਾ ਹੈ। ਬਾਲੇ ਨੇ ਹੱਥ ਵਿੱਚ ਮੋਰ ਦੇ ਖੰਭਾਂ ਵਾਲਾ ਚਉਰ ਫੜ੍ਹਿਆ ਹੈ। ਇਨ੍ਹਾਂ ਕੰਧ ਚਿੱਤਰਾਂ ਵਿੱਚ ਬਾਲੇ ਦੀ ਉਪਸਥਿਤੀ ਜ਼ਿਆਦਾ ਪਰ ਮਰਦਾਨਾ ਘੱਟ ਨਜ਼ਰ ਆ ਰਿਹਾ ਹੈ। Panj B-40 ਦੇ ਚਿੱਤਰਾਂ ਵਿੱਚ ਮਰਦਾਨੇ ਦੀ ਪੁਸ਼ਾਕ ਕਿਤੇ ਵੀ ਨੀਲੇ ਰੰਗ ਦੀ ਨਹੀਂ ਚਿੱਤਰੀ ਗਈ ਸੀ ਪਰ ਇਸ ਦੇ ਉਲਟ ਬਾਬਾ ਅਟੱਲ ਦੇ ਕੰਧ ਚਿੱਤਰਾਂ ਵਿੱਚ ਮਰਦਾਨੇ ਦੀ ਪੁਸ਼ਾਕ ਬਹੁਤੀ ਵਾਰ ਹਲਕੇ ਨੀਲੇ ਰੰਗ ਦੀ ਹੀ ਚਿੱਤਰੀ ਗਈ ਹੈ, ਜੋ ਰਬਾਬ ਵਜਾ ਰਿਹਾ ਹੈ। ਇਨ੍ਹਾਂ ਕੰਧ ਚਿੱਤਰਾਂ ਵਿੱਚ ਕਈ ਜਗ੍ਹਾ ਦਰਖ਼ਤ ਅਤੇ ਨੀਲਾ ਅਸਮਾਨ ਤਾਂ ਚਿੱਤਰਿਆ ਹੈ ਪਰੰਤੂ ਪੰਛੀ ਕੋਈ ਵੀ ਨਹੀਂ ਦਿਸਦਾ। ਜਦਕਿ B-40 ਦੇ ਚਿੱਤਰਾਂ ਵਿੱਚ ਜੋੜੇ ਦੇ ਰੂਪ ਵਿੱਚ ਪੰਛੀ ਬੈਠੇ ਅਤੇ ਉਡਦੇ ਚਿੱਤਰੇ ਗਏ ਹਨ। ਕੰਧ ਚਿੱਤਰਕਾਰਾਂ ਨੂੰ ਪੰਛੀਆਂ ਦਾ ਚਿੱਤਰਣ ਵੀ ਕਰਨਾ ਚਾਹੀਦਾ ਸੀ ਕਿਉਂਕਿ ਪੰਛੀਆਂ ਦੀ ਦਿਸ਼ਾ ਅਤੇ ਦਸ਼ਾ ਵੀ ਕਈ ਅਰਥ




ਦੀਆਂ ਜੀਵੰਤ ਕਲਾ ਕਿਰਤਾਂ ਹਨ। ਇਸ ਤਰ੍ਹਾਂ ਕੰਧ ਚਿੱਤਰਾਂ ਦਾ ਜਦੋਂ ਅਸੀਂ ਵਿਸ਼ਲੇਸ਼ਣ ਕਰਦੇ ਹਾਂ ਤਾਂ ਸਾਨੂੰ ਉਸ ਵੇਲੇ ਦੇ ਅਧੋਗਤੀ ਵੱਲ ਜਾ ਰਹੇ ਸਮਾਜਿਕ ਹਾਲਾਤਾਂ ਦੀ ਪੇਸ਼ਕਾਰੀ ਦਿਖਦੀ ਹੈ।

ਮਰਦਾਨਾ ਜਿੱਥੇ ਗੁਰੂ ਸਾਹਿਬ ਦਾ ਪ੍ਰਮਾਣਿਕ ਹਮਸਫ਼ਰ ਹੈ, ਉਨ੍ਹਾਂ ਨਾਲ ਵਰ੍ਹਿਆਂ-ਬੱਧੀ ਵਿੱਚਰਦਾ, ਉਨ੍ਹਾਂ ਦੇ ਜੀਵਨ ਦਾ ਇਕ ਅਹਿਮ ਅੰਗ ਹੈ, ਉਥੇ ਉਹ ਜਨ ਸਾਧਾਰਣ ਅਤੇ ਭੋਲੇ-ਭਾਲੇ ਲੋਕਾਂ ਦਾ ਵੀ ਪ੍ਰਤੀਕ ਹੈ। ਚਾਰੇ ਉਦਾਸੀਆਂ ਦੌਰਾਨ ਪੂਰੇ ਵਿਸ਼ਵ ਨੂੰ ਦੈਵੀ ਉਪਦੇਸ਼ ਦੇ ਕੇ ਸਾਲਾਂ ਬਾਅਦ ਜਦੋਂ ਗੁਰੂ ਸਾਹਿਬ ਤੇ ਮਰਦਾਨਾ ਕਰਤਾਰਪੁਰ ਆ ਗਏ ਤਾਂ ਮਰਦਾਨਾ ਬਿਮਾਰ ਪੈ ਗਿਆ। ਮਿਹਰਬਾਨ ਵਾਲੀ ਸਾਖੀ ਅਨੁਸਾਰ ਗੁਰੂ ਸਾਹਿਬ ਨੇ ਮਰਦਾਨੇ ਦਾ ਅੰਤ ਨੇੜੇ ਆਉਂਦਿਆਂ ਵੇਖ ਕੇ ਮਰਦਾਨੇ ਨੂੰ ਉਸ ਦੀ ਦੇਹ ਦੀਆਂ ਅੰਤਿਮ ਰਸਮਾਂ ਬਾਰੇ ਪੁੱਛਿਆ ਕਿ ਕੀ ਦੇਹ ਨੂੰ ਦਫਨਾ ਕੇ ਇਕ ਮਕਬਰਾ ਬਣਾ ਦਿੱਤਾ ਜਾਏ, ਵਹਾਅ ਦਿੱਤਾ ਜਾਏ ਜਾਂ ਫਿਰ ਅਗਨ ਭੇਂਟ ਕਰ ਦਿੱਤਾ ਜਾਏ। ਮਰਦਾਨੇ ਨੇ ਆਖਿਆ ਕਿ ਜਦੋਂ ਮੇਰੀ ਆਤਮਾ ਸ਼ਰੀਰ ਰੂਪੀ ਮਕਬਰੇ ਨੂੰ ਛੱਡ ਕੇ ਚਲੇ ਜਾਏਗੀ ਤਾਂ ਸ਼ਰੀਰ ਨੂੰ ਪੱਥਰ ਦੇ ਮਕਬਰੇ ਵਿੱਚ ਕੈਦ ਕਰਕੇ ਰੱਖਣ ਦੀ ਕੀ ਲੋੜ? ਇਹ ਸੁਣਦਿਆਂ ਗੁਰੂ ਸਾਹਿਬ ਨੇ ਕਿਹਾ, "ਮਰਦਾਨਿਆਂ। ਤੂੰ ਅਸਲ ਪਾਰਬ੍ਰਹਮ ਨੂੰ ਪਛਾਣ ਲਿਆ ਹੈ, ਤੂੰ ਹੀ ਅਸਲੀ ਬ੍ਰਾਹਮਣ ਹੈਂ। ਅਸੀਂ ਤੇਰੀ ਦੇਹ ਦਾ ਸਸਕਾਰ ਕਰਕੇ ਜਲ ਪ੍ਰਵਾਹ ਕਰਾਂਗੇ।"

ਜਨਮ ਸਾਖੀ ਅਨੁਸਾਰ ਅਗਲੀ ਸਵੇਰ ਭਾਈ ਮਰਦਾਨਾ ਰਾਵੀ ਨਦੀ ਦੇ ਕੰਢੇ ਉਤੇ ਪਰਮਾਤਮਾ ਵੱਲ ਧਿਆਨ ਕੇਂਦ੍ਰਿਤ ਕਰ ਕੇ ਬੈਠ ਗਏ ਤਾਂ ਉਹਨਾਂ ਦੀ ਰੂਹ ਤਾਬੂਤ ਰੂਪੀ ਸ਼ਰੀਰ 'ਚੋਂ (12 ਨਵੰਬਰ 1534) ਆਜ਼ਾਦ ਹੋ ਗਈ।

**ਤੂਟੀ ਤੰਤੁ ਰਬਾਬ ਕੀ ਵਾਜੈ ਨਹੀ ਵਿਜੋਗਿ॥**
**ਵਿਛੁੜਿਆ ਮੇਲੈ ਪ੍ਰਭੂ ਨਾਨਕ ਕਰਿ ਸੰਜੋਗ॥**

**(ਅੰਗ ੯੩੪)**

ਗੁਰੂ ਸਾਹਿਬ ਨੇ ਆਪਣੇ ਸਿੱਖਾਂ ਦੀ ਮਦਦ ਨਾਲ ਮਰਦਾਨੇ ਦੀ ਦੇਹ ਦਾ ਹੱਥੀਂ ਸਸਕਾਰ ਕਰਕੇ ਰਾਖ ਰਾਵੀ ਨਦੀ ਵਿੱਚ ਜਲ ਪ੍ਰਵਾਹ ਕਰ ਦਿੱਤੀ। ਗੁਰੂ ਨਾਨਕ ਸਾਹਿਬ ਵੱਲੋਂ ਕੀਰਤਨ ਸੋਹਿਲੇ ਦੇ ਪਾਠ ਉਪਰੰਤ ਕੜਾਹ ਪ੍ਰਸ਼ਾਦ ਵਰਤਾਇਆ ਗਿਆ। ਗੁਰੂ ਸਾਹਿਬ ਨੇ ਮਰਦਾਨੇ ਦੇ ਪੁੱਤਰ ਸ਼ਹਿਜ਼ਾਦ ਤੇ ਉਸ ਦੇ ਰੋਂਦੇ ਰਿਸ਼ਤੇਦਾਰਾਂ ਨੂੰ ਵਿਰਲਾਪ ਕਰਨ ਤੋਂ ਮਨ੍ਹਾ ਕੀਤਾ ਤੇ ਕਿਹਾ ਕਿ ਮਰਦਾਨਾ ਸਵਰਗ ਰੂਪੀ ਘਰ ਵੱਲ ਚਲੇ ਗਏ ਹਨ। ਕੁਝ ਸਾਖੀਆਂ ਵਿੱਚ ਇਹ ਦਾਅਵਾ ਕੀਤਾ ਗਿਆ ਹੈ ਕਿ ਮਰਦਾਨੇ ਨੇ ਆਖਰੀ ਸਾਹ ਬਗਦਾਦ ਵਿੱਚ ਲਿਆ ਪਰ ਤੱਥ ਇਸ ਦਾਅਵੇ ਨੂੰ ਝੁਠਲਾਉਂਦੇ ਹਨ।

ਇਕ ਹੋਰ ਮੱਤ ਅਨੁਸਾਰ ਉਹਨਾਂ ਦਾ ਦੇਹਾਂਤ 13 ਮੱਘਰ 1581 ਵਿੱਚ ਅਫਗਾਨਿਸਤਾਨ ਦੇ ਕੁੱਰਮ ਨਗਰ ਦੇ ਕੁੱਰਮ ਦਰਿਆ ਨੇੜੇ ਹੋਇਆ। ਗੁਰਦੁਆਰਾ ਬਾਬਾ ਅਟੱਲ ਦਾ ਇਕ ਕੰਧ ਚਿੱਤਰ ਮਰਦਾਨੇ ਦੀ ਅੰਤਿਮ ਯਾਤਰਾ ਦਾ ਪੂਰਾ ਵਿਸਥਾਰ ਦਿੰਦਾ ਹੈ। ਇਸ ਕੰਧ ਚਿੱਤਰ ਵਿੱਚ ਲਿਖਿਆ ਗਿਆ ਹੈ ਕਿ ਮਰਦਾਨੇ ਨੇ ਆਪਣੀ ਹਯਾਤੀ ਦਾ ਅੰਤਿਮ ਸਾਹ ਖੁਰਮ ਸ਼ਹਿਰ ਵਿੱਚ ਲਿਆ, ਜੋ ਦੂਰ ਦਰਖ਼ਤਾਂ ਤੋਂ ਪਰੇ ਘੁੱਗ ਵੱਸਦਾ ਨਜ਼ਰ ਆ ਰਿਹਾ ਹੈ। ਚਿੱਤਰ ਵਿੱਚ ਮਰਦਾਨੇ ਦੀ ਮ੍ਰਿਤਕ ਦੇਹ ਸਫ਼ੈਦ ਕਫਨ ਵਿੱਚ ਵਲੇਟੀ ਪਈ ਹੈ। ਉਸ ਦੇ ਸਿਰਹਾਣੇ ਉਸ ਦੀ ਰਬਾਬ ਵੀ ਕੱਪੜੇ ਵਿੱਚ ਵਲੇਟੀ ਰੱਖੀ ਹੈ। ਮਰਦਾਨੇ ਦੀ ਜਿੰਦ-ਜਾਨ 'ਰਬਾਬ' ਲਪੇਟ ਕੇ ਮ੍ਰਿਤਕ ਦੇਹ ਦੇ ਸਿਰਹਾਣੇ ਰੱਖਣ ਦੇ ਪ੍ਰਤੀਕਾਤਮਿਕ ਅਰਥ ਇਹ ਹਨ ਕਿ ਇਹ ਵੀ ਮਰਦਾਨੇ ਬਗੈਰ ਨਿਰਜਿੰਦ ਹੋ ਗਈ ਹੈ। ਮਰਦਾਨੇ ਦੀ ਰਬਾਬ ਬੇਜਾਨ ਹੋ ਜਾਣ ਨਾਲ ਗੁਰਮਤਿ ਸੰਗੀਤ ਦਾ ਪਲੇਠਾ ਅਧਿਆਇ ਸੰਪੰਨ ਹੋ ਗਿਆ। ਇਸ ਮਾਰਮਿਕ ਚਿੱਤਰ ਵਿੱਚ ਭਰੇ ਮਨ ਨਾਲ ਭਾਈ ਬਾਲਾ, ਮਰਦਾਨੇ ਦੇ ਦਾਹ ਸਸਕਾਰ ਲਈ ਲੱਕੜੀਆਂ ਇਕੱਠੀਆਂ ਕਰ ਰਿਹਾ ਹੈ। ਗੁਰੂ ਸਾਹਿਬ ਮਰਦਾਨੇ ਦੇ ਸਿਰ ਵਾਲੇ ਪਾਸੇ ਇਕ ਦਰਖ਼ਤ ਹੇਠਾਂ ਲੰਮਾ ਸਿਮਰਨਾ ਫੜ੍ਹੀ ਬੈਠੇ ਹੋਏ ਹਨ। ਉਹ ਮਰਦਾਨੇ ਦਾ ਸਾਥ ਛੁੱਟ ਜਾਣ ਕਰਕੇ ਦੁੱਖੀ ਹਿਰਦੇ ਨਾਲ ਪਰ ਸ਼ਾਂਤ ਚਿੱਤ, ਅਡੋਲ ਨਜ਼ਰ ਆ ਰਹੇ ਹਨ। ਜਿਸ ਅਕਾਲ ਨੂੰ ਸਤਿਗੁਰਾਂ ਨੇ ਗੁਰੂ ਧਾਰਿਆ, ਉਹੋ ਮਰਦਾਨੇ ਦਾ ਗੁਰੂ ਸੀ।




ਉਹ ਗੁਰੂ ਘਰ ਦਾ ਪਹਿਲਾ ਗੁਰਮਤਿ ਸੰਗੀਤ ਵਾਦਕ ਸੀ। ਗੁਰ ਬਾਣੀ ਨੂੰ ਗੁਰੂ ਦੇ ਮੁੱਖ ਤੋਂ ਸੁਣਨ ਦਾ ਸ਼ਰਫ਼ ਸਭ ਤੋਂ ਪਹਿਲਾਂ ਮਰਦਾਨੇ ਨੂੰ ਹੀ ਹਾਸਿਲ ਹੋਇਆ। ਕਿਹਾ ਜਾਂਦਾ ਹੈ ਕਿ ਪ੍ਰਸਿੱਧ ਗਾਇਕ ਤਾਨਸੈਨ ਦੇ ਗੁਰੂ ਹਰਿਦਾਸ ਜੀ ਮਰਦਾਨਾ ਦੇ ਸ਼ਾਗਿਰਦ ਸਨ।

ਮਰਦਾਨੇ ਦੇ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿਣ ਉਪਰੰਤ ਉਸ ਦੇ ਦੋਵੇਂ ਬੇਟੇ ਸ਼ਹਿਜਾਦ ਤੇ ਰਜਾਦਾ ਗੁਰੂ ਸਾਹਿਬ ਦੀ ਹਜੂਰੀ ਵਿੱਚ ਆ ਗਏ। ਸ਼ਹਿਜ਼ਾਦ ਗੁਰੂ ਸਾਹਿਬ ਦੇ ਆਖ਼ਰੀ ਵਕਤ ਤੱਕ ਉਨ੍ਹਾਂ ਦੀ ਸੇਵਾ ਵਿੱਚ ਰਿਹਾ। ਰਜਾਦਾ ਤਾਂ ਕਰਤਾਰਪੁਰ ਆ ਗਿਆ ਅਤੇ ਸ਼ਹਿਜ਼ਾਦ ਬਾਅਦ ਵਿੱਚ ਗੁਰੂ ਅੰਗਦ ਜੀ ਦੇ ਦਰਬਾਰ ਵਿੱਚ ਗਾਇਨ ਕਰਦਾ ਰਿਹਾ। ਸ਼ਹਿਜ਼ਾਦ ਦੇ ਦੋ ਬੇਟੇ ਸਨ, ਬੰਨੂ ਤੇ ਸਾਲੂ, ਜੋ ਗੁਰੂ ਅਮਰਦਾਸ ਅਤੇ ਗੁਰੂ ਰਾਮਦਾਸ ਜੀ ਦੇ ਦਰਬਾਰੀ ਰਾਗੀ ਸਨ। ਉਨ੍ਹਾਂ ਦੇ ਪੁੱਤਰ ਸੱਤਾ ਤੇ ਬਲਵੰਡ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿੱਚ ਗਾਇਨ ਕਰਦੇ ਰਹੇ।

ਇਸ ਤਰ੍ਹਾਂ ਮਰਦਾਨੇ ਨਾਲ ਗੁਰੂ ਸਾਹਿਬ ਦੀ ਮਿੱਤਰਤਾ ਬਚਪਨ ਤੋਂ ਲੈ ਕੇ ਆਖਰੀ ਸਾਹ ਤੱਕ ਰਹੀ, ਤਾਂ ਹੀ ਮਰਦਾਨਾ ਅਕਸਰ ਕਿਹਾ ਕਰਦੇ ਸੀ, 'ਨਾਨਕ ਰੱਬ ਦਾ ਡੂਮ, ਮੈਂ ਨਾਨਕ ਦਾ ਡੂਮ॥' ਚਾਰੇ ਉਦਾਸੀਆਂ ਦੌਰਾਨ ਉਨ੍ਹਾਂ ਦੇ ਹਮਸਫਰ ਰਹੇ ਇਸ ਰਬਾਬੀ ਮਰਦਾਨੇ ਨੇ ਬਾਬੇ ਨਾਨਕ ਦੀ ਰਚਨਾਤਮਿਕ ਪ੍ਰਵਿਰਤੀ ਨੂੰ ਪ੍ਰਜਵਲਿਤ ਕਰਨ ਵਿੱਚ ਆਪਣੇ ਸੰਗੀਤ ਨਾਲ ਸਿਰਜਣਾਤਮਿਕ ਸਹਿਯੋਗ ਦਿਤਾ। ਮਰਦਾਨਾ ਗੁਰਮਤਿ ਇਤਿਹਾਸ ਦਾ ਪਲੇਠਾ ਕੀਰਤਨੀਆ ਹੋਇਆ ਹੈ, ਜਿਸ ਨੂੰ ਗੁਰੂ ਨਾਨਕ ਦੇਵ ਜੀ ਦੀ 974 ਸ਼ਬਦਾਂ 'ਚ ਰਚੀ ਬਾਣੀ ਨੂੰ 19 ਰਾਗਾਂ ਵਿੱਚ ਗਾਉਣ ਦਾ ਸ਼ਰਫ਼ ਹਾਸਿਲ ਹੈ। ਰਾਗਾਂ ਦਾ ਗਾਇਨ ਅਧਿਆਤਮਕ ਮੰਡਲਾਂ ਵਿੱਚ ਪ੍ਰਵੇਸ਼ ਕਰਨ ਦਾ ਜ਼ਰੀਆ ਹੈ। ਗੁਰੂ ਸਾਹਿਬ ਵਿਸ਼ਵ ਦੇ ਉਹ ਪਹਿਲੇ ਦੈਵੀ ਪੁਰਸ਼ ਹੋਏ, ਜਿਨ੍ਹਾਂ ਅਕਾਲ ਪੁਰਖ ਦੀ ਉਸਤਤਿ/ਬੰਦਗੀ ਬਾਣੀ ਦੇ ਰੂਪ ਵਿੱਚ ਰਾਗ ਦੇ ਆਧਾਰ 'ਤੇ ਖ਼ੁਦ ਗਾ ਕੇ ਕੀਤੀ। ਗੁਰਬਾਣੀ ਦੀ ਸਿਰਜਣ ਪ੍ਰਕਿਰਿਆ ਦੀ ਸ਼ਕਤੀ ਵਰਤਦਿਆਂ ਉਸ ਦੇ ਉਚਾਰਣ ਦੇ ਨਾਲ ਗੁਰੂ ਸਾਹਿਬ ਇਕ ਵਿਸ਼ੇਸ਼ ਮੱਤ (ਸਿੱਖ) ਅਤੇ ਧਰਮ ਦੇ ਸੰਕਲਪ ਨੂੰ ਸਹਿਜੇ ਹੀ ਦ੍ਰਿਸ਼ਟੀ ਗੋਚਰ ਕਰ ਜਾਂਦੇ ਹਨ। ਇਸ ਤਰ੍ਹਾਂ ਬਾਣੀ ਉਚਾਰਣ ਦੀ ਜੁਗਤ ਗੁਰ ਆਸ਼ੇ ਦੀ ਪੂਰਤੀ ਵਿੱਚ ਸਹਾਇਕ ਹੋ ਨਿੱਬੜਦੀ ਹੈ। ਪੁਰਾਤਨ ਜਨਮ ਸਾਖੀ ਵਿੱਚ ਇਉਂ ਲਿਖਿਆ ਹੈ, "ਬਾਬੇ ਆਖਿਆ ਮਰਦਾਨਿਆ ਸਿਰੀ ਰਾਗ ਵਜਾਇ॥" ਸੋ ਇਹ ਮਰਦਾਨੇ ਦੀ ਰਬਾਬ ਵਿੱਚੋਂ ਨਿਕਲੇ ਰਾਗ ਦੀਆਂ ਮਧੁਰ ਸੰਗੀਤਕ ਧੁਨਾਂ ਹੀ ਸਨ, ਜਿਨ੍ਹਾਂ ਬਾਣੀ ਦੇ ਪ੍ਰਗਾਸੇ ਸ਼ਬਦਾਂ ਨਾਲ ਏਕਾਤਮ ਹੋ ਸ੍ਰਿਸ਼ਟੀ ਵਿੱਚ ਅਧਿਆਤਮਿਕ ਨੂਰ ਦਾ ਛੱਟਾ ਦੇ ਕੇ ਬੇਕਰਾਰ ਰੂਹਾਂ ਨੂੰ ਸਰਸ਼ਾਰ ਕਰ ਦਿੱਤਾ।

ਮਰਦਾਨਾ ਭਾਵੇਂ ਗੁਰੂ ਸਾਹਿਬ ਦੇ ਪਰਿਵਾਰ ਦਾ ਹਿੱਸਾ ਨਹੀਂ ਪਰ ਗੁਰੂ ਸਾਹਿਬ ਦਾ ਹੀ ਇਕ ਅੰਗ ਹੈ, ਜੋ ਸਦਾ ਸੰਗ ਹੈ। ਮਰਦਾਨੇ ਦਾ ਅਨਿੱਖੜ ਅੰਗ ਉਸ ਦੀ ਰਬਾਬ ਹੈ। ਚਿੱਤਰਾਂ ਵਿੱਚ ਹੀ ਨਹੀਂ ਬਲਕਿ ਪੂਰੇ ਸੰਸਾਰ ਵਿੱਚ 'ਰਬਾਬ' ਦਾ ਬਿੰਬ ਮਰਦਾਨੇ ਦੇ ਨਾਂਅ ਨਾਲ ਰੂੜ੍ਹ ਹੋ ਗਿਆ। ਭਾਵ ਜਿੱਥੇ ਮਰਦਾਨਾ, ਉਥੇ ਰਬਾਬ। ਚਿੱਤਰਕਾਰਾਂ ਨੇ ਮਰਦਾਨੇ ਨੂੰ ਬਿਨਾਂ ਰਬਾਬ ਤੋਂ ਕਦੀ ਨਹੀਂ ਚਿੱਤਰਿਆ। ਦਰਅਸਲ ਮਰਦਾਨਾ ਅਤੇ ਰਬਾਬ ਇਕ ਦੂਜੇ ਦੇ ਪੂਰਕ ਹਨ, ਜਿਸ ਤੋਂ ਬਿਨਾਂ ਉਸ ਦਾ ਕਿਆਸ ਵੀ ਨਹੀਂ ਕੀਤਾ ਜਾ ਸਕਦਾ, ਉਵੇਂ ਹੀ ਜਿਵੇਂ ਬਾਲੇ ਨੂੰ ਚਉਰ ਤੋਂ ਬਿਨਾਂ। ਗੁਰੂ ਸਾਹਿਬ ਨੂੰ ਵਜਦ ਦੀ ਅਵਸਥਾ ਤੱਕ ਪਹੁੰਚਾਉਣ ਲਈ ਪਰਮ ਪੁਰਖ ਪਰਮੇਸ਼ਰ ਦਾ ਜਾਪ ਅਤੇ ਮਰਦਾਨੇ ਦੀ ਰਬਾਬ ਦੀਆਂ ਸੰਗੀਤਕ ਤਰੰਗਾਂ ਸਨ।

ਮਰਦਾਨੇ ਦੀ ਗੁਰੂ ਸਾਹਿਬ ਨਾਲ ਏਨੀ ਨੇੜਤਾ ਦਾ ਅੰਦਾਜ਼ਾ ਇਥੋਂ ਲਗਾਇਆ ਜਾ ਸਕਦਾ ਹੈ ਕਿ ਇਕ ਵਾਰ ਗੁਰੂ

ਸਾਹਿਬ ਨੇ ਆਖਿਆ, 'ਮਰਦਾਨਿਆ ਜਿਥੇ ਤੇਰਾ ਵਾਸਾ, ਉਥੇ ਮੇਰਾ ਵਾਸਾ'। ਬਿਹਾਗੜੇ ਕੀ ਵਾਰ ਦੇ ਦੋ ਸਲੋਕ ਗੁਰੂ ਨਾਨਕ ਦੇਵ ਜੀ ਨੇ ਮਰਦਾਨੇ ਨੂੰ ਮੁੱਖ ਕਰਕੇ ਲਿਖੇ ਹਨ :-

**ਗੁਰਮੁਖਿ ਪਾਈਐ ਨਾਨਕਾ ਖਾਧੈ ਜਾਹਿ ਬਿਕਾਰ॥੧॥**
**ਮਰਦਾਨਾ ੧ ॥**
**ਕਾਇਆ ਲਾਹਣਿ ਆਪੁ ਮਦੁ ਮਜਲਸ ਤ੍ਰਿਸਨਾ ਧਾਤੁ॥**
**ਮਨਸਾ ਕਟੋਰੀ ਕੂੜਿ ਭਰੀ ਪੀਲਾਏ ਜਮਕਾਲੁ॥**
**ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ॥**
**ਗਿਆਨੁ ਗੁੜੁ ਸਾਲਾਹ ਮੰਡੇ ਭਉ ਮਾਸੁ ਆਹਾਰੁ॥**
**ਨਾਨਕ ਇਹੁ ਭੋਜਨੁ ਸਚੁ ਹੈ ਸਚੁ ਨਾਮੁ ਆਧਾਰੁ॥੨॥**
**ਕਾਂਯਾਂ ਲਾਹਣਿ ਆਪੁ ਮਦੁ ਅੰਮ੍ਰਿਤ ਤਿਸ ਕੀ ਧਾਰ॥**
**ਸਤਸੰਗਤਿ ਸਿਉ ਮੇਲਾਪੁ ਹੋਇ ਲਿਵ ਕਟੋਰੀ**
**ਅੰਮ੍ਰਿਤ ਭਰੀ ਪੀ ਪੀ ਕਟਹਿ ਬਿਕਾਰ॥੩॥**

ਗੁਰੂ ਸਾਹਿਬ ਦੇ ਨਾਲ ਰਹਿ ਕੇ ਮਰਦਾਨਾ ਇਨ੍ਹਾਂ ਪੰਜ ਗੁਣਾਂ ਦਾ ਧਾਰਨੀ ਹੋ ਗਿਆ। ਮਰਦਾਨਾ ਗੁਰੂ ਦਾ ਹੁਕਮ ਮੰਨਣ ਵਾਲਾ, ਪਿਆਰ ਕਰਨ ਵਾਲਾ ਸੱਚਾ, ਸਬਰ ਸੰਤੋਖੀ, ਨਿਮਰ ਅਤੇ ਹਮਦਰਦੀ ਰੱਖਣ ਵਾਲਾ ਹੋ ਗਿਆ, ਜਿਸ ਨੂੰ ਗੁਰੂ ਸਾਹਿਬ ਨੇ 'ਸੰਤ ਪੁਰਸ਼' ਦਾ ਖਿਤਾਬ ਦੇ ਦਿੱਤਾ ਸੀ। ਸਾਰੀ ਉਮਰ ਗੁਰੂ ਸਾਹਿਬ ਦੇ ਮਿਸ਼ਨ ਨੂੰ ਸਮਰਪਿਤ ਰਹੇ ਮਰਦਾਨੇ ਦੀ ਦੋਸਤੀ ਗੁਰੂ ਸਾਹਿਬ ਨਾਲ ਸਮਾਨਤਾ ਵਾਲੀ ਹੈ। ਉਹ ਹਿੰਦੂ-ਮੁਸਲਿਮ ਦੇ ਧਾਰਮਿਕ ਵੱਖਰੇਵੇਂ ਵਿੱਚ ਨਹੀਂ ਪੈਂਦੇ ਬਲਕਿ ਦੋਵੇਂ ਸਿੱਖ ਹਨ, ਜੋ ਸੰਸਾਰ ਵਿੱਚ ਇਸ ਮੱਤ ਦੇ ਪ੍ਰਚਾਰ-ਪ੍ਰਸਾਰ ਦਾ ਹੋਕਾ ਦਿੰਦੇ ਰਹੇ।

ਮੁਸਲਿਮ ਮਰਦਾਨੇ ਨੇ ਭਾਵੇਂ ਧਰਮ ਪਰਿਵਰਤਨ ਨਹੀਂ ਕੀਤਾ ਪਰ ਉਹ ਪੰਥ ਦਾ ਪਲੇਠਾ ਸਿੱਖ ਸੀ, ਜੋ ਗੁਰੂ ਆਸ਼ੇ ਅਨੁਸਾਰ ਵਿੱਚਰਿਆ ਵੀ ਤੇ ਜੀਵਿਆ ਵੀ। ਉਸ ਦਾ ਗੁਰੂ ਸਾਹਿਬ ਦੇ ਖੱਤਰੀ ਹੋਣ ਨਾਲ ਕੋਈ ਟਕਰਾਅ ਨਹੀਂ। ਉਸ ਨੇ ਗੁਰੂ ਸਾਹਿਬ ਦੇ ਕ੍ਰਾਂਤੀਕਾਰੀ ਮਿਸ਼ਨ ਨੂੰ ਅੰਜਾਮ ਤੱਕ ਪਹੁੰਚਾਉਣ ਲਈ ਆਪਣੀ ਸਾਰੀ ਉਮਰ ਗੁਰੂ ਦੇ ਲੇਖੇ ਲਾ ਦਿੱਤੀ। ਮਰਦਾਨਾ ਗੁਰੂ ਨਾਨਕ ਦੇਵ ਜੀ ਨੂੰ ਬਾਣੀ ਉਤਰਨ ਵੇਲੇ ਰਬਾਬ 'ਤੇ ਮਧੁਰ ਸੰਗੀਤਕ ਧੁਨਾਂ ਛੇੜ ਕੇ ਉਨ੍ਹਾਂ ਪਲਾਂ ਨੂੰ ਇਲਾਹੀ ਕਰ ਅਧਿਆਤਮ ਦਾ ਪਾਂਧੀ ਹੋ ਗਿਆ। ਤਾਹੀਓਂ ਤਾਂ ਭਾਈ ਗੁਰਦਾਸ ਨੇ ਆਪਣੀ ਵਾਰ ਵਿੱਚ ਇਉਂ ਬਿਆਨ ਕੀਤਾ ਹੈ :-

**ਇਕੁ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ।**

ਦਰਅਸਲ ਜਨਮ ਸਾਖੀ ਚਿੱਤਰਾਂ ਵਿੱਚ ਮਰਦਾਨੇ ਦਾ ਬਿੰਬ ਰਬਾਬ ਨਾਲ ਹੀ ਉਸਰਦਾ ਹੈ। ਰਬਾਬ ਹੀ ਮਰਦਾਨੇ ਦੀ ਪਛਾਣ ਹੈ। ਰਬਾਬ ਬਿਨਾਂ ਮਰਦਾਨਾ ਅਧੂਰਾ ਹੈ, ਜਿਸ ਦੇ ਬਗੈਰ ਉਸ ਦਾ ਤਸਵੱਰ ਹੀ ਨਹੀਂ ਕੀਤਾ ਜਾ ਸਕਦਾ। ਭਾਈ ਫਿਰੰਦੇ ਦੀ ਬਣੀ ਰਬਾਬ ਵਜਾਉਂਦਿਆਂ ਮਰਦਾਨਾ ਵੀ ਇਕ ਇਲਾਹੀ ਪੁਰਖ ਹੋ ਗਿਆ, ਜਿਸ ਨੇ ਗੁਰੂ ਸਾਹਿਬ ਤੇ ਉਨ੍ਹਾਂ ਦੀ ਬਾਣੀ/ਪ੍ਰਵਚਨਾਂ ਨੂੰ ਇੰਨਾ ਨੇੜੇ ਹੋ ਕੇ ਸੁਣਿਆ ਸੀ ਅਤੇ ਉਹਨਾਂ ਦੀ ਰੱਬੀ ਸੰਗਤ ਮਾਣੀ ਸੀ। ਸੋ ਜਨਮ ਸਾਖੀ ਚਿੱਤਰਾਂ ਵਿੱਚ ਮਰਦਾਨੇ ਦੇ ਨਾਲ-ਨਾਲ ਤੁਰਦਿਆਂ ਅਸਾਂ ਮਰਦਾਨੇ ਦੀ ਸਾਦੀ, ਨਿਰਛਲ, ਸਿਰੜੀ, ਈਮਾਨਦਾਰ, ਵਫਾਦਾਰ, ਆਗਿਆਕਾਰੀ ਸ਼ਖ਼ਸੀਅਤ ਦੇ ਹਰ ਰੂਪ, ਹਰ ਪੱਖ ਅਤੇ ਸਨੇਹ ਸਮੇਤ ਉਚਕੋਟੀ ਦੇ ਇਸ ਮਹਾਨ ਸੰਗੀਤਕਾਰ ਦੁਆਰਾ ਛੇੜੀਆਂ ਇਲਾਹੀ ਧੁਨਾਂ ਦੀ ਬਾਰਿਸ਼ ਦਾ ਆਨੰਦ ਵੀ ਮਾਣਿਆ। ਮਰਦਾਨਾ ਅਨੇਕਾਂ ਰਾਗ ਅਤੇ ਰਾਗਣੀਆਂ ਨੂੰ ਗਾਉਣ ਵਿੱਚ ਮਾਹਿਰ ਸੀ, ਜੋ ਗੁਰੂ ਘਰ ਦਾ ਪਹਿਲਾ ਕੀਰਤਨੀਆ ਹੋ ਨਿਬੜਿਆ। ਇਹ ਮਰਦਾਨੇ ਦੀ ਰਬਾਬ ਦਾ ਸੰਗੀਤ ਹੀ ਸੀ, ਜਿਸ ਦੀ ਪੁੱਠ ਦੇ ਕੇ ਗੁਰੂ ਸਾਹਿਬ ਨੇ ਕੁਰਾਹੇ ਪਈ ਲੋਕਾਈ ਨੂੰ ਜਾਗ੍ਰਿਤ ਕੀਤਾ।

ਮਰਦਾਨੇ ਦੀ ਰਬਾਬ ਦੇ ਸੰਗੀਤ ਅਤੇ ਗੁਰ-ਸ਼ਬਦ ਦੀ ਮਧੁਰ ਆਵਾਜ਼ ਸੁਣ ਕੇ ਖ਼ਲਕਤ ਦੂਰੋਂ ਖਿੱਚੀ ਚਲੀ ਆਉਂਦੀ ਸੀ। ਇਹ ਹੀ ਨਹੀਂ ਰੂਹਾਨੀਅਤ ਦੇ ਇਸ ਮੁਜੱਸਮੇ ਨੇ ਗੁਰੂ ਸਾਹਿਬ ਨਾਲ ਸਿਰਫ਼ ਬਾਬਰ ਦੀ ਜੇਲ੍ਹ ਹੀ ਨਹੀਂ ਕੱਟੀ ਬਲਕਿ ਕਈ ਵਾਰ ਮੀਂਹ, ਹਨੇਰੀ, ਝੱਖੜ, ਤੱਪਦੀਆਂ ਦੁਪਹਿਰਾਂ, ਬਰਫਾਨੀ ਸਰਦ ਰਾਤਾਂ 'ਚ, ਜੰਗਲਾਂ ਬੀਆਬਾਨਾਂ ਦੇ ਬਿਖੜੇ ਪੈਂਡਿਆਂ ਦੌਰਾਨ ਭੁੱਖੇ-ਭਾਣੇ ਮਿਸ਼ਨ ਦੀ ਪੂਰਤੀ ਲਈ ਗੁਰੂ ਸਾਹਿਬ ਦਾ ਪੂਰਨ ਰੂਪ ਵਿੱਚ ਸਾਥ ਦਿਤਾ। ਭਾਵੇਂ ਮਰਦਾਨੇ ਨੂੰ ਪਲੇਠੇ ਸਿੱਖ ਹੋਣ ਕਰਕੇ 'ਭਾਈ' ਪਦ ਨਾਲ ਨਿਵਾਜਿਆ ਗਿਆ ਪਰ ਬੜੀ ਬਦਕਿਸਮਤੀ ਦੀ ਗੱਲ ਹੈ ਕਿ ਅੱਜ ਭਾਈ ਮਰਦਾਨੇ ਦੇ ਕਿਰਦਾਰ ਨੂੰ ਗੁਰੂ ਸਾਹਿਬ ਦੇ ਅਧਿਆਤਮਿਕ ਜੀਵਨ ਵਿੱਚ ਸਿਰਫ ਇਕ ਸਾਜਿੰਦੇ ਦੇ ਤੌਰ 'ਤੇ ਹੀ ਮਾਨਤਾ ਦਿੱਤੀ ਗਈ ਹੈ ਜਦਕਿ ਗੁਰੂ ਸਾਹਿਬ ਨੇ ਉਸ ਨੂੰ ਆਪਣਾ ਹੀ ਇਕ ਰੂਪ ਦੱਸਿਆ ਸੀ। ਉਸ ਦੀ ਅਧਿਆਤਮਿਕ ਬਿਰਤੀ/ਸ਼ਕਤੀ ਨੂੰ ਸਿੱਖ ਜਗਤ ਨੇ ਅਣਗੌਲਿਆਂ ਕੀਤਾ ਹੈ, ਜੋ ਇਕ ਵੱਡੀ ਕੁਤਾਹੀ ਹੈ।

❋❋❋

- ਡਾ. ਜਸਵਿੰਦਰ ਸਿੰਘ ਭੁੱਲਰ
ਮੋਬਾਇਲ : 9810602915

## ਅਧਿਆਇ 8

### ਮਾਧੋਦਾਸ ਬੈਰਾਗੀ ਦਾ ਪੁਨਰ ਜਨਮ

# ਸਿੱਖ ਸਜ ਕੇ ਬੰਦਾ ਸਿੰਘ ਹੋ ਗਿਆ

ਬੰਦਾ ਸਿੰਘ ਬਹਾਦੁਰ ਦਾ ਜਨਮ 16 ਅਕਤੂਬਰ 1670 ਨੂੰ ਰਾਜੌਰੀ ਵਿਚ ਹੋਇਆ ਸੀ ਜੋ ਅਜਕਲ ਦੇ ਜੰਮੂ-ਕਸ਼ਮੀਰ ਰਾਜ ਵਿਚ ਪੁੰਛ ਜ਼ਿਲੇ ਵਿਚ ਹੈ। ਉਸ ਦਾ ਜਨਮ ਦਾ ਨਾਂਅ ਲਛਮਣ ਦੇਵ ਸੀ। ਪਿਤਾ ਦਾ ਨਾਂਅ ਰਾਮ ਦੇਵ ਸੀ। ਉਸ ਦਾ ਜਨਮ ਮਿਨਹਾਸ ਰਾਜਪੂਤ ਪਰਿਵਾਰ ਵਿਚ ਹੋਇਆ ਸੀ। ਰਾਜਪੂਤ ਪਰਿਵਾਰ ਵਿਚ ਜਨਮ ਹੋਣ ਕਰਕੇ ਲਛਮਣ ਦੇਵ ਨੂੰ ਹਥਿਆਰ ਚਲਾਉਣਾ ਸਿਖਾਇਆ ਗਿਆ। ਘੋੜ ਸਵਾਰੀ ਵੀ ਸਿਖਾਈ ਗਈ। ਘੋਵਸਵਾਰੀ ਕਰਨ ਅਤੇ ਸ਼ਸਤਰਾਂ ਦੀ ਵਰਤੋਂ ਦੇ ਅਭਿਆਸ ਲਈ ਉਹ ਆਪਣੇ ਸਾਥੀਆਂ ਨਾਲ ਆਲੇ ਦੁਆਲੇ ਦੇ ਜੰਗਲਾਂ ਵਿਚ ਚਲਾ ਜਾਂਦਾ ਸੀ। ਬਾਕੀ ਰਾਜਪੂਤਾਂ ਨਾਲ ਉਹ ਕਦੀ ਕਦਾਈਂ ਸ਼ਿਕਾਰ ਖੇਡਣ ਵੀ ਜਾਂਦਾ ਸੀ ਅਤੇ ਉਸ ਨੂੰ ਸ਼ਿਕਾਰ ਦਾ ਸ਼ੌਕ ਵੀ ਸੀ।



ਪਰ ਸੰਨ 1684 ਦੇ ਆਸ ਪਾਸ, 14 ਸਾਲਾਂ ਦੀ ਉਮਰ ਵਿਚ ਉਸ ਕੋਲੋਂ ਇਕ ਹਿਰਨੀ ਮਰ ਗਈ। ਇਸ ਘਟਨਾ ਨੇ ਉਸ ਨੂੰ ਬੜਾ ਪ੍ਰਭਾਵਤ ਕੀਤਾ ਅਤੇ ਉਸ ਨੇ ਉਪਰਾਮ ਅਤੇ ਵਿਰਾਗੀ ਹੋ ਕੇ ਘਰ ਛੱਡ ਦਿੱਤਾ। ਉਹ ਸਰੀਰ ਦਾ ਨਿਰੋਆ ਤੇ ਤੰਦਰੁਸਤ ਨੌਜਵਾਨ ਸੀ। ਹੁਣ ਉਹ ਸਾਧੂਆਂ ਸੰਤਾਂ ਨਾਲ ਰਲ ਕੇ ਡੇਰਿਆਂ, ਮੱਠਾਂ ਤੇ ਤੀਰਥਾਂ ਦਾ ਭ੍ਰਮਣ ਕਰਨ ਲਈ ਤੁਰ ਪਿਆ। ਉਸ ਦਾ ਨਾਂਅ ਬਦਲ ਕੇ ਮਾਧੋ ਦਾਸ ਬੈਰਾਗੀ ਹੋ ਗਿਆ। ਉਸ ਨੇ ਕੋਈ ਸਕੂਲੀ ਵਿਦਿਆ ਪ੍ਰਾਪਤ ਨਹੀਂ ਕੀਤੀ ਸੀ।

ਮਾਧੋਦਾਸ ਸੱਤ ਸਾਲ ਸਾਧੂਆਂ ਸੰਤਾ ਦੀ ਸੰਗਤ ਵਿਚ ਦੇਸ਼ ਘੁੰਮਿਆਂ। ਇਸ ਤਰ੍ਹਾਂ ਘੁੰਮਦਾ ਘੁਮਾਂਦਾ ਉਹ ਆਖਿਰ ਉਤਰ ਭਾਰਤ ਤੋਂ 1500-1600 ਕਿਲੋਮੀਟਰ ਦੂਰ ਹਿੰਦੁਸਤਾਨ ਦੇ ਦੱਖਣ ਵਿਚ ਪਹੁੰਚ ਗਿਆ। ਓਥੇ ਗੋਦਾਵਰੀ ਨਦੀ ਦੇ ਕੰਢੇ ਤੇ ਵੱਸੇ ਨਾਂਦੇੜ ਨਾਂਅ ਦੀ ਥਾਂ ਤੇ ਇਸ ਦਾ ਮਨ ਲਗ ਗਿਆ ਅਤੇ

ਕਮੋਡੋਰ ਗੁਰਨਾਮ ਸਿੰਘ ਦੀ ਲਿਖੀ **'ਜਾ ਤੇਰਾ ਬੰਦਾ-ਇਤਿਹਾਸ ਵਿਚ ਬਾਬਾ ਬੰਦਾ ਸਿੰਘ ਬਹਾਦੁਰ'** ਪੁਸਤਕ ਦੀ ਲੜੀ ਦੀ ਅਗਲੀ ਕਿਸ਼ਤ ਪੜ੍ਹੋ। ਇਹ ਲੜੀ ਸੀਸਗੰਜ ਪੱਤ੍ਰਿਕਾ ਦੇ ਸਤੰਬਰ 2022 ਦੇ ਅੰਕ ਤੋਂ ਆਰੰਭ ਹੋਈ ਸੀ। ਲੜੀ ਜੋੜਣ ਲਈ ਪਿਛਲੇ ਬਿਰਤਾਂਤ ਵਾਸਤੇ ਸੀਸ ਗੰਜ ਪੱਤ੍ਰਿਕਾ ਦਾ ਪਿਛਲੇ ਮਹੀਨੇ ਦਾ ਅੰਕ ਵੇਖੋ - ਸੰਪਾਦਕ

ਇਹ ਓਥੇ ਹੀ ਟਿਕ ਗਿਆ। ਸੰਨ 1692 ਵਿਚ ਉਸ ਨੇ ਓਥੇ ਗੋਦਾਵਰੀ ਨਦੀ ਦੇ ਕੰਢੇ ਤੇ ਹੀ ਆਪਣੀ ਕੁਟੀਆ ਬਣਾ ਲਈ ਤੇ ਬੈਰਾਗੀਆਂ ਦਾ ਜੀਵਨ ਬਤੀਤ ਕਰਦਾ ਹੋਇਆ ਰਹਿਣ ਲਗ ਪਿਆ। ਸਮੇਂ ਨਾਲ ਨਾਂਦੇੜ ਵਿਚ ਲੋਕਾਂ ਵਿਚ ਇਸਦੀ ਮਾਨਤਾ ਹੋ ਗਈ ਅਤੇ ਇਸ ਦੇ ਕੁਝ ਚੇਲੇ ਬਾਲੇ ਵੀ ਬਣ ਗਏ। ਹੁਣ ਲੋਗ ਉਸ ਨੂੰ ਮਾਧੋਦਾਸ ਬੈਰਾਗੀ ਦੇ ਨਾਂਅ ਨਾਲ ਜਾਣਨ ਲਗ ਪਏ ਸਨ।

ਸੰਨ 1708 ਦੇ ਅਗਸਤ ਦੇ ਮਹੀਨੇ ਤੱਕ ਮਾਧੋਦਾਸ ਬੈਰਾਗੀ ਉਮਰ ਵਿਚ 38 ਸਾਲਾਂ ਦਾ ਹੋ ਗਿਆ ਸੀ ਤੇ ਉਸ ਨੂੰ ਨਾਂਦੇੜ ਵਿਚ ਆਇਆਂ ਤੇ ਰਹਿੰਦਿਆਂ 16 ਸਾਲ ਹੋ ਗਏ ਸਨ। ਹਾਲੀ ਤੱਕ ਉਸ ਨੇ ਵਿਆਹ ਨਹੀਂ ਕਰਵਾਇਆ ਸੀ। ਸੰਨ 1708 ਦੇ ਅਗਸਤ ਦੇ ਮਹੀਨੇ ਦੇ ਅੰਤ ਵਿਚ ਉਸ ਵੇਲੇ ਦਾ ਹਿੰਦੁਸਤਾਨ ਦਾ ਮੁਗਲ ਬਾਦਸ਼ਾਹ ਬਹਾਦੁਰ ਸ਼ਾਹ, ਜੋ ਇਕ ਸਾਲ ਪਹਿਲਾਂ ਹੀ ਆਪਣੇ ਪਿਓ ਔਰੰਗਜ਼ੇਬ ਦੇ ਫ਼ਰਵਰੀ 1707 ਵਿਚ ਮਰਨ ਉਪਰੰਤ ਹਿੰਦੁਸਤਾਨ ਦਾ ਨਵਾਂ ਬਾਦਸ਼ਾਹ ਬਣਿਆ ਸੀ, ਆਪਣੀ ਫ਼ੌਜ ਅਤੇ ਤਗੜੇ ਲਾਮ ਲਸ਼ਕਰ ਨਾਲ ਦਿੱਲੀ ਤੋਂ ਚੱਲ ਕੇ ਆਪਣੇ ਬਾਗੀ ਹੋਏ ਛੋਟੇ ਭਰਾ ਕਾਮ ਬਖ਼ਸ਼ ਤੇ ਕਾਬੂ ਪਾਉਣ ਲਈ ਦੱਖਣ ਵਲ ਆ ਰਿਹਾ ਸੀ। ਉਹ ਸੰਨ 1707 ਦੇ ਸਿਤੰਬਰ ਦੇ ਮਹੀਨੇ ਇਕ ਭਾਰੀ ਫ਼ੌਜ ਲੈ ਕੇ ਆਗਰੇ ਤੋਂ ਤੁਰਿਆ ਸੀ ਅਤੇ ਇਕ ਸਾਲ ਬਾਅਦ ਸੰਨ 1708 ਦੇ ਸਿਤੰਬਰ ਦੇ ਸ਼ੁਰੂ ਦੇ ਦਿਨਾਂ ਵਿਚ ਨਾਂਦੇੜ ਪਹੁੰਚਿਆ ਸੀ। ਉਸ ਨੇ ਹਾਲੀ ਹੋਰ ਵੀ ਅਗਾਂਹ ਦੱਖਣ ਵਲ ਜਾਣਾ ਸੀ ਪਰ ਹੁਣ ਉਹ ਆਪਣੀ ਫ਼ੌਜ ਨਾਲ ਪੜਾਅ ਕਰਕੇ ਕੁਝ ਦਿਨਾਂ ਲਈ ਨਾਂਦੇੜ ਵਿਚ ਹੀ ਰੁਕਿਆ ਹੋਇਆ ਸੀ।

ਬਹਾਦੁਰ ਸ਼ਾਹ ਦੀ ਫ਼ੌਜ ਦੇ ਨਾਲ, ਆਗਰੇ ਤੋਂ ਹੀ, ਗੁਰੂ ਗੋਬਿੰਦ ਸਿੰਘ ਜੀ ਵੀ ਆਪਣੇ ਸਿੰਘਾਂ ਨਾਲ ਸਫ਼ਰ ਕਰ ਰਹੇ ਸਨ ਤੇ ਉਹ ਵੀ ਹੁਣ ਨਾਂਦੇੜ ਵਿਚ ਟਿਕੇ ਹੋਏ ਸਨ। ਨਾਂਦੇੜ ਵਿਚ ਕੁਝ ਦਿਨ ਠਹਿਰ ਕੇ ਬਾਦਸ਼ਾਹ ਬਹਾਦੁਰ ਸ਼ਾਹ ਨੇ ਆਪਣੇ ਲਾਮ ਲਸ਼ਕਰ ਨਾਲ ਅਗਾਂਹ ਦੱਖਣ ਵਲ, ਕਾਮ ਬਖ਼ਸ਼ ਦੇ ਟਿਕਾਣੇ ਵਲ, ਆਪਣਾ ਕੂਚ ਜਾਰੀ ਰਖਿਆ ਪਰ ਗੁਰੂ ਗੋਬਿੰਦ ਸਿੰਘ ਜੀ ਨੇ ਬਹਾਦੁਰ ਸ਼ਾਹ ਤੋਂ ਅੱਡ ਹੋ ਕੇ ਨਾਂਦੇੜ ਵਿਚ ਹੀ ਰੁਕੇ ਰਹਿਣ ਦਾ ਫ਼ੈਸਲਾ ਕਰ ਲਿਆ।

ਸੰਨ 1708 ਦੇ ਸਿਤੰਬਰ ਦੇ ਸ਼ੁਰੂ ਦੇ ਦਿਨਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਮਾਧੋ ਦਾਸ ਬੈਰਾਗੀ ਨੂੰ ਮਿਲੇ। ਇਸ ਭੇਂਟ ਵਿਚ ਮਾਧੋ ਦਾਸ ਗੁਰੂ ਸਾਹਿਬ ਤੋਂ ਬਹੁਤ ਪ੍ਰਭਾਵਤ ਹੋਇਆ। ਗੁਰੂ ਸਾਹਿਬ ਦੇ ਪ੍ਰਵਚਨਾਂ ਤੋਂ, ਉਹਨਾਂ ਦੇ ਵਿਚਾਰਾਂ ਤੋਂ ਅਤੇ ਗੁਰੂ ਸਾਹਿਬ ਨਾਲ ਉਹਨਾਂ ਦੇ ਸਿੰਘਾਂ ਦੇ ਆਚਰਣ ਨੂੰ ਵੇਖ ਕੇ ਮਾਧੋਦਾਸ ਬੈਰਾਗੀ ਗੁਰੂ ਸਾਹਿਬ ਦਾ ਸਿੱਖ ਸਜ ਗਿਆ। ਗੁਰੂ ਸਾਹਿਬ ਤੋਂ ਪ੍ਰੇਰਤ ਹੋ ਕੇ ਉਸ ਵਿਚ ਵੀ ਕੁਝ ਕਰਨ ਦਾ ਜਜ਼ਬਾ ਜਾਗ ਪਿਆ। ਉਹ ਆਮ ਕਰਕੇ ਗੁਰੂ ਸਾਹਿਬ ਦੇ 'ਬੰਦੇ' ਵਾਂਗ ਜਾਣਿਆਂ ਜਾਣ ਲਗ ਪਿਆ। ਬਹੁਤਾ ਕਰਕੇ ਸਭ ਉਸ ਨੂੰ 'ਬੰਦਾ ਸਿੰਘ' ਕਹਿਣ ਲਗ ਪਏ ਤੇ ਹੌਲੀ ਹੌਲੀ ਏਹੋ ਹੀ ਇਸ ਦਾ ਨਾਂਅ ਹੋ ਗਿਆ। ਬਾਅਦ ਵਿਚ ਇਸ ਨੇ ਬਹਾਦੁਰੀ ਤੇ ਦਲੇਰੀ ਦੇ ਕੰਮ ਕੀਤੇ ਤੇ ਇਸ ਦੇ ਨਾਂਅ ਨਾਲ ਬਹਾਦੁਰ ਲਕਬ ਜੁੜ ਗਿਆ। ਇਤਿਹਾਸ ਵਿਚ ਵੀ ਉਹ ਹੁਣ ਬੰਦਾ ਸਿੰਘ ਬਹਾਦੁਰ ਜਾਂ ਬਾਬਾ ਬੰਦਾ ਸਿੰਘ ਬਹਾਦੁਰ ਦੇ ਨਾਂਅ ਨਾਲ ਹੀ ਜਾਣਿਆ ਜਾਂਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਉਹਨਾਂ ਦੇ ਸਿੱਖਾਂ ਨਾਲ ਹੋਏ ਇਸ ਸੰਪਰਕ ਅਤੇ ਮੇਲ ਜੋਲ ਵਿਚ ਬੰਦਾ ਸਿੰਘ ਨੂੰ ਸਿੱਖ ਜੀਵਨ ਦੇ ਮੂਲ ਸਿਧਾਂਤਾਂ, ਸਿੱਖ ਧਰਮ ਦੇ ਅਸੂਲਾਂ, ਸਿੱਖ ਰਹਿਤ ਮਰਿਆਦਾ, ਸਿੱਖ ਆਚਰਣ ਅਤੇ ਸਿੱਖ ਕਦਰਾਂ ਦੀ ਸਮਝ ਆਈ। ਉਸ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਬਾਰੇ ਤੇ ਉਹਨਾਂ ਦੇ ਸੰਘਰਸ਼ਾਂ ਬਾਰੇ ਵੀ ਜਾਣਕਾਰੀ ਹੋਈ।

ਹਿੰਦੁਸਤਾਨ ਦੇ ਉਤਰ ਵਿਚ ਮੁਗਲ ਸ਼ਾਸਨ ਦੇ ਹਿੰਦੂਆਂ ਅਤੇ ਸਿੱਖਾਂ ਉਤੇ ਹੋ ਰਹੇ ਜ਼ੁਲਮਾਂ ਤੇ ਅੱਤਿਆਚਾਰਾਂ ਦੀ ਵੀ ਜਾਣਕਾਰੀ ਮਿਲੀ। ਉਸ ਵਿਚ ਵੀ ਮੁਗਲ ਬਾਦਸ਼ਾਹਤ ਅਤੇ ਮੁਗਲ ਸ਼ਾਸਨ ਦੇ ਤੌਰ ਤਰੀਕਿਆਂ ਪ੍ਰਤੀ ਵਿਦਰੋਹ ਦੀ ਭਾਵਨਾ ਜਾਗ ਪਈ। ਉਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਅਤੇ ਉਹਨਾਂ ਦੇ ਚਾਰ ਸਾਹਬਜ਼ਾਦਿਆ ਦੀਆਂ ਛੋਟੀਆਂ ਉਮਰਾਂ ਵਿਚ ਦਿੱਤੀਆਂ ਕੁਰਬਾਨੀਆਂ ਦਾ ਪਤਾ ਲਗਾ।

ਵੱਡੇ ਸਾਹਬਜ਼ਾਦਿਆਂ ਦੀ ਚਮਕੌਰ ਦੀ ਜੰਗ ਵਿਚ ਲਾਸਾਨੀ ਸ਼ਹੀਦੀ ਬਾਰੇ ਅਤੇ ਸੂਬਾ ਸਰਹੰਦ ਵਜ਼ੀਰ ਖਾਂ ਦਵਾਰਾ ਛੋਟੇ ਸਾਹਿਬਜ਼ਾਦਿਆਂ ਨੂੰ ਸਰਹੰਦ ਵਿਚ ਜੀਂਦਿਆਂ ਕੰਧ ਵਿਚ ਚੁਣਵਾ ਕੇ ਸ਼ਹੀਦ ਕਰਨ ਬਾਰੇ ਸੁਣ ਕੇ ਉਸ ਵਿਚ ਇਹ ਭਾਵਨਾ ਘਰ ਕਰ ਗਈ ਕਿ ਏਹੋ ਜੇਹੇ ਅੱਤਿਆਚਾਰੀਆਂ ਨੂੰ ਉਹਨਾਂ ਦੇ ਕੁਕਰਮਾਂ ਦਾ ਫ਼ਲ ਮਿਲਣਾ ਚਾਹੀਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਸਿੱਖ ਸਜ ਕੇ ਹੁਣ ਉਹ ਆਪਣੇ ਬੈਰਾਗੀਪਣ ਦੇ ਅੰਵਾਂਈ ਜਾਂਦੇ ਜੀਵਨ ਨੂੰ ਤਜ ਕੇ ਇਕ ਕਰਮਯੋਗੀ ਬਣ ਗਿਆ ਸੀ। ਕਿਓਂਕਿ ਸਮੇਂ ਦੀ ਇਹ ਹੀ ਮੰਗ ਸੀ।

ਸੰਨ 1708 ਦਾ ਅਕਤੂਬਰ ਦਾ ਮਹੀਨਾ ਚੜ੍ਹਿਆ ਹੀ

ਸੀ ਜਦੋਂ ਵਜ਼ੀਰ ਖਾਂ ਦੇ ਭੇਜੇ ਦੋ ਪਠਾਣਾਂ ਨੇ ਨਾਂਦੇੜ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਡੇਰੇ ਵਿਚ ਹੀ ਵਿਸਾਹਘਾਤ ਕਰ ਕੇ ਗੁਰੂ ਸਾਹਿਬ ਉਤੇ ਛੁਰੇ ਨਾਲ ਵਾਰ ਕਰ ਦਿੱਤਾ। ਛੁਰੇ ਦਾ ਇਕ ਘਾਅ ਗੁਰੂ ਸਾਹਿਬ ਨੂੰ ਛਾਤੀ ਦੇ ਖੱਬੇ ਪਾਸੇ ਦਿਲ ਦੇ ਹੇਠਾਂ ਡੂੰਘਾ ਲੱਗਾ ਸੀ। ਗੁਰੂ ਸਾਹਿਬ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ। ਸਿੱਖਾਂ ਨੇ ਦਵਾ ਦਾਰੂ ਅਤੇ ਉਪਚਾਰ ਵਿਚ ਕੋਈ ਕੋਰ ਕਸਰ ਨ ਛੱਡੀ। ਪਰ ਪ੍ਰਭੂ ਇੱਛਾ ਹੋਰ ਹੀ ਸੀ। ਗੁਰੂ ਸਾਹਿਬ ਨੂੰ ਵੀ ਸੋਝੀ ਸੀ ਕਿ ਉਹਨਾਂ ਦੇ ਅਕਾਲ ਚਲਾਣੇ ਦਾ ਸਮਾਂ ਆ ਗਿਆ ਹੈ। ਉਹਨਾਂ ਨੇ ਆਪਣੇ ਸਿੱਖਾਂ ਨੂੰ ਆਪਣੇ ਆਖਰੀ ਉਪਦੇਸ਼ ਕੀਤੇ ਅਤੇ ਹੁਕਮ ਕੀਤੇ। ਸਿੱਖਾਂ ਨੂੰ ਹੁਕਮ ਕੀਤਾ ਕਿ ਉਹਨਾਂ ਤੋਂ ਬਾਅਦ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਸਿੱਖਾਂ ਦੇ ਗੁਰੂ ਹੋਣਗੇ। ਪੰਜ ਪਿਆਰਿਆਂ ਦੀ ਮਰਿਆਦਾ ਦੀ ਮਹੱਤਤਾ ਬਾਰੇ ਸਿੱਖਾਂ ਨੂੰ ਅਵਗਤ ਕਰਾਇਆ।

ਪਿਛਲੇ ਕੁਝ ਦਿਨਾਂ ਵਿਚ ਹੀ ਗੁਰੂ ਸਾਹਿਬ ਦੀ ਦਿੱਬ ਦ੍ਰਿਸ਼ਟੀ ਅਤੇ ਪਾਰਖੂ ਅੱਖ ਨੇ ਬੰਦਾ ਸਿੰਘ ਨੂੰ ਜਾਂਚ ਪਰਖ ਲਿਆ ਸੀ। ਬੰਦਾ ਸਿੰਘ ਗੁਰੂ ਸਾਹਿਬ ਨਾਲੋਂ ਉਮਰ ਵਿਚ ਸਾਢੇ ਚਾਰ ਸਾਲ ਛੋਟਾ ਸੀ। ਉਸ ਦਾ ਸਰੀਰ ਗੱਠਿਆ ਹੋਇਆ ਤੇ ਹਰ ਪੱਖੋਂ ਤੰਦਰੁਸਤ ਤੇ ਫ਼ੁਰਤੀਲਾ ਸੀ। ਉਹ ਆਚਰਣ ਦਾ ਵੀ ਸਾਫ਼ ਸੁਥਰਾ ਅਤੇ ਪੂਰਾ ਸੀ। ਉਹਨਾਂ ਨੇ ਵੇਖਿਆ ਕਿ ਬੰਦਾ ਸਿੰਘ ਵਿਚ ਉਹ ਸਭ ਗੁਣ ਸਨ ਜੋ ਕਿਸੇ ਆਗੂ, ਰਹਿਨੁਮਾ ਤੇ ਜਰਨੈਲ ਵਿਚ ਹੋਣੇ ਚਾਹੀਦੇ ਹਨ। ਉਹਨਾਂ ਨੇ ਬੰਦਾ ਸਿੰਘ ਵਿਚ ਉਸ ਦੀ ਦੀ ਲੁਕੀ ਪ੍ਰਤਿਭਾ ਨੂੰ ਪਛਾਣਿਆ ਜਿਸ ਤੋਂ ਉਹ ਆਪ ਖੁਦ ਵੀ ਵਾਕਫ਼ ਨਹੀਂ ਸੀ।

ਸੰਨ 1699 ਵਿਚ ਆਨੰਦਪੁਰ ਸਾਹਿਬ ਵਿਖੇ ਖਾਲਸਾ ਪੰਥ ਸਾਜਣ ਤੋਂ ਬਾਅਦ ਸੰਨ 1705-6 ਤੱਕ ਮੁਗਲਾਂ ਅਤੇ ਬਾਈ ਧਾਰ ਦੇ ਹਿੰਦੂ ਰਾਜਿਆਂ ਨੇ ਮਿਲ ਕੇ ਗੁਰੂ ਸਾਹਿਬ ਨਾਲ ਕਈ ਯੁੱਧ ਕੀਤੇ। ਇਹਨਾਂ ਲੜਾਈਆਂ ਵਿਚ ਗੁਰੂ ਸਾਹਿਬ ਦੇ ਸਾਹਿਬਜ਼ਾਦੇ, ਉਹਨਾਂ ਦੇ ਤਿੰਨ ਪਿਆਰੇ, ਚਾਲੀ ਮੁਕਤੇ ਅਤੇ ਬਹੁਤ ਸਾਰੇ ਸਿੱਖ ਸ਼ਹੀਦੀਆਂ ਪਾ ਗਏ ਸਨ। ਗੁਰੂ ਸਾਹਿਬ ਦਾ ਪਰਿਵਾਰ ਖੇਰੂੰ ਖੇਰੂੰ ਹੋ ਗਿਆ ਸੀ। ਇਹ ਹੀ ਸਮਾਂ ਸੀ ਜਦੋਂ ਗੁਰੂ ਸਾਹਿਬ ਨੇ ਮਾਛੀਵਾੜੇ ਦੇ ਜੰਗਲਾਂ ਵਿਚ ਆਪਣਾ ਸ਼ਬਦ "ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ" ਉਚਾਰਣ ਕੀਤਾ। ਖਾਲਸਾ ਪੰਥ ਦੇ ਸਜਿਆਂ ਹਾਲੀ ਅੱਠ ਸਾਲ ਹੀ ਹੋਏ ਸਨ ਅਤੇ ਪਿਛਲਿਆਂ ਦੋ ਸਾਲਾਂ ਵਿਚ ਉਤਰੀ ਹਿੰਦੁਸਤਾਨ ਵਿਚ ਵੱਡੀਆਂ ਸਿਆਸੀ ਤਬਦੀਲੀਆਂ ਹੋਈਆਂ ਸਨ। ਔਰੰਗਜ਼ੇਬ ਮਰ ਗਿਆ ਸੀ। ਨਵਾਂ ਬਾਦਸਾਹ ਬਹਾਦੁਰ ਸ਼ਾਹ ਗੁਰੂ ਸਾਹਿਬ ਦੀ ਉਮੀਦ ਤੇ ਪੂਰਾ ਨਹੀਂ ਉਤਰਿਆ ਸੀ। ਸਿੱਖਾਂ ਵਿਚ ਨਵੇਂ ਆਗੂਆਂ ਦੀ ਲੋੜ ਸੀ। ਜਦੋਂ ਗੁਰੂ ਸਾਹਿਬ ਨਾਂਦੇੜ ਵਿਚ ਸਨ ਤਾਂ ਉਸ ਵੇਲੇ ਉਹਨਾਂ ਨੂੰ ਏਹੋ ਜੇਹੇ ਹੀ ਕਿਸੇ ਵਿਅਕਤੀ ਦੀ ਭਾਲ ਸੀ ਅਤੇ ਬੰਦਾ ਸਿੰਘ ਉਹਨਾਂ ਦੇ ਆਂਕਲਨ ਵਿਚ ਹਰ ਪੱਖੋਂ ਸਹੀ ਸਾਬਤ ਹੋ ਰਿਹਾ ਸੀ।

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਸਿੰਘ ਨੂੰ ਚੁਣ ਲਿਆ, ਉਸ ਨੂੰ ਆਪਣੀ ਥਾਪਣਾ ਦਿੱਤੀ ਅਤੇ ਉਸ ਨੂੰ ਉਤਰੀ ਹਿੰਦੁਸਤਾਨ ਜਾਣ ਦਾ ਹੁਕਮ ਕੀਤਾ ਤੇ ਪੰਜਾਬ ਦੇ ਸਿੱਖਾਂ ਨੂੰ ਜਥੇ ਬੰਦ ਕਰ ਕੇ ਮੁਗਲ ਰਾਜ ਦੇ ਵਿਰੁੱਧ ਸੰਘਰਸ਼ ਅਤੇ ਜੱਦੋਜਹਿਦ ਨੂੰ ਆਪਣੀ ਅਗਵਾਈ ਵਿਚ ਜਾਰੀ ਰੱਖਣ ਦੀ ਹਿਦਾਇਤ ਕੀਤੀ।

ਬੰਦਾ ਸਿੰਘ ਦੀ ਮਦਦ ਲਈ ਗੁਰੂ ਸਾਹਿਬ ਨੇ ਪੰਜ ਸਿੰਘ ਉਸ ਦੇ ਨਾਲ ਕੀਤੇ ਤੇ ਉਹਨਾਂ ਨੂੰ ਪੰਜ ਪਿਆਰਿਆਂ ਵਾਂਗ ਬੰਦਾ ਸਿੰਘ ਦੇ ਨਾਲ ਰਹਿ ਕੇ ਉਸ ਦੀ ਅਗਵਾਈ ਵਿਚ ਮੁਗਲਾਂ ਵਿਰੁੱਧ ਹੱਕ ਦੇ ਸੰਘਰਸ਼ ਵਿਚ ਹਰ ਤਰ੍ਹਾਂ ਦਾ ਯੋਗਦਾਨ ਦੇਣ ਦਾ ਹੁਕਮ ਕੀਤਾ। ਇਹ ਪੰਜ ਸਿੰਘ ਸਨ- ਭਾਈ ਬਿਨੋਦ ਸਿੰਘ, ਕਾਹਨ ਸਿੰਘ, ਬਾਜ ਸਿੰਘ, ਦਇਆ ਸਿੰਘ ਤੇ ਰਣ ਸਿੰਘ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਤੀਰਾਂ ਦੇ ਭੱਥੇ ਵਿਚੋਂ ਪੰਜ ਤੀਰ ਬੰਦਾ ਸਿੰਘ ਨੂੰ ਬਖ਼ਸ਼ੇ। ਇਸ ਤੋਂ ਇਲਾਵਾ ਵੀਹ ਹੋਰ ਸਿੰਘ, ਇਕ ਨਗਾੜਾ ਤੇ ਇਕ ਨਿਸ਼ਾਨ ਸਾਹਿਬ ਵੀ ਦਿੱਤੇ। ਉਤਰੀ ਹਿੰਦੁਸਤਾਨ ਵਿਚ ਸਿੱਖਾਂ ਨੂੰ ਜਥੇਬੰਦ ਕਰਨ ਲਈ ਗੁਰੂ ਸਾਹਿਬ ਨੇ ਉਹਨਾਂ ਦੇ ਨਾਂਅ ਇਕ ਹੁਕਮਨਾਮਾ ਵੀ ਲਿਖ ਕੇ ਬੰਦਾ ਸਿੰਘ ਨੂੰ ਦਿੱਤਾ।

ਗੁਰੂ ਸਾਹਿਬ ਦੇ ਜ਼ਖ਼ਮ ਬਹੁਤ ਗੰਭੀਰ ਸਾਬਤ ਹੋਏ ਤੇ 7 ਅਕਤੂਬਰ 1708 ਈਸਵੀ ਨੂੰ ਉਹ ਸਿੱਖ ਪੰਥ ਨੂੰ ਵਿਛੋੜਾ ਦੇ ਕੇ ਨਾਂਦੇੜ ਸ਼ਹਿਰ ਵਿਚ ਹੀ ਜੋਤੀ ਜੋਤ ਸਮਾ ਗਏ। ਇਹ ਥਾਂ ਹੁਣ ਸੱਚਖੰਡ ਸ਼੍ਰੀ ਹਜ਼ੂਰ ਸਾਹਿਬ ਦੇ ਨਾਂਅ ਨਾਲ ਪ੍ਰਸਿੱਧ ਹੈ ਅਤੇ ਸਿੱਖਾਂ ਦਾ ਪਵਿੱਤਰ ਸਥਾਨ ਹੈ। ਗੁਰੂ ਸਾਹਿਬ ਦੇ ਥਾਪੇ ਖਾਲਸਾ ਪੰਥ ਦੇ ਪਹਿਲੇ ਪੰਜਾਂ ਪਿਆਰਿਆਂ ਵਿਚੋਂ ਪਹਿਲੇ ਦੋ, ਭਾਈ ਦਯਾ ਸਿੰਘ ਅਤੇ ਭਾਈ ਧਰਮ ਸਿੰਘ, ਗੁਰੂ ਸਾਹਿਬ ਦੇ ਨਾਲ ਹੀ ਨਾਂਦੇੜ ਪਹੁੰਚੇ ਸਨ। ਗੁਰੂ ਸਾਹਿਬ ਤੋਂ ਬਾਅਦ ਕੁਝ ਸਮੇਂ ਵਿਚ ਹੀ ਉਹ ਦੋਵੇਂ ਵੀ ਗੁਰੂ ਸਾਹਿਬ ਦਾ ਵਿਛੋੜਾ ਨਾ ਸਹਿ ਸਕੇ ਅਤੇ ਨਾਂਦੇੜ ਵਿਚ ਹੀ ਵਾਰੀ ਵਾਰੀ ਸਵਰਗਵਾਸ ਹੋ ਗਏ। ਗੁਰੂ ਸਾਹਿਬ ਦੇ ਪੰਜਾਂ ਪਿਆਰਿਆਂ ਵਿਚੋਂ ਤਿੰਨ ਭਾਈ ਹਿੰਮਤ

ਸਿੰਘ, ਭਾਈ ਮੋਹਕਮ ਸਿੰਘ ਅਤੇ ਭਾਈ ਸਾਹਿਬ ਸਿੰਘ ਲਗਭਗ ਚਾਰ ਸਾਲ ਪਹਿਲਾਂ ਹੀ 22 ਦਿਸੰਬਰ 1704 ਈਸਵੀ ਵਿਚ ਚਮਕੌਰ ਦੀ ਜੰਗ ਵਿਚ ਸ਼ਹੀਦੀਆਂ ਪਾ ਗਏ ਸਨ। ਮਾਈ ਭਾਗੋ ਜੀ ਵੀ ਗੁਰੂ ਸਾਹਿਬ ਦੇ ਦਲ ਨਾਲ ਨਾਂਦੇੜ ਪਹੁੰਚੇ ਸਨ। ਗੁਰੂ ਸਾਹਿਬ ਦੇ ਜੋਤੀ ਜੋਤ ਸਮਾ ਜਾਣ ਉਪਰੰਤ ਉਹਨਾਂ ਦਾ ਮਨ ਵੀ ਉਪਰਾਮ ਹੋ ਗਿਆ ਅਤੇ ਉਹ ਨਾਂਦੇੜ ਨੂੰ ਛੱਡ ਕੇ ਅਗਾਂਹ ਹੈਦਰਾਬਾਦ ਦੇ ਲਾਗੇ ਬਿਦਰ ਦੇ ਨੇੜੇ ਇਕ ਕੁਟੀ ਬਣਾ ਕੇ ਰਹਿਣ ਲਗ ਪਏ ਅਤੇ ਬਾਅਦ ਵਿਚ ਉਹ ਓਥੇ ਹੀ ਸਵਰਗਵਾਸ ਹੋਏ।

ਸੰਨ 1708 ਦੇ ਅਕਤੂਬਰ ਦੇ ਸ਼ੁਰੂ ਵਿਚ ਬੰਦਾ ਸਿੰਘ ਨੇ ਗੁਰੂ ਸਾਹਿਬ ਤੋਂ ਮਿਲੀ ਪ੍ਰੇਰਣਾ ਨਾਲ ਆਪਣੇ ਛੋਟੇ ਜੇਹੇ ਦਲ ਨਾਲ ਨਾਂਦੇੜ ਤੋਂ ਹਿੰਦੁਸਤਾਨ ਦੇ ਉਤਰ ਵਲ ਕੂਚ ਕੀਤਾ। ਇਸ ਵੇਲੇ ਉਹ ਗੁਰੂ ਗੋਬਿੰਦ ਸਿੰਘ ਜੀ ਦੇ ਰੰਗ ਵਿਚ ਪੂਰੀ ਤਰ੍ਹਾਂ ਰੰਗਿਆ ਹੋਇਆ ਸੀ ਤੇ ਸਿੱਖੀ ਅਸੂਲਾਂ ਅਤੇ ਸਿਧਾਂਤਾਂ ਨੂੰ ਸੰਪੂਰਣ ਤੌਰ ਤੇ ਸਮਰਪਿਤ ਸੀ। ਬੰਦਾ ਸਿੰਘ ਦਾ ਚੋਲਾ ਸਿੱਖੀ ਦੇ ਪਰੰਪਰਾਗਤ ਬਹਾਦੁਰੀ ਅਤੇ ਕੁਰਬਾਨੀ ਦੇ ਬਸੰਤੀ ਰੰਗ ਵਿਚ ਰੰਗਿਆ ਗਿਆ ਸੀ। ਉਸ ਦਾ ਕਾਯਾਕਲਪ ਹੋ ਚੁਕਾ ਸੀ ਅਤੇ ਉਹ ਪੂਰੀ ਤਰ੍ਹਾਂ ਬਦਲ ਚੁਕਾ ਸੀ। ਇਕ ਮਨ ਹੋ ਕੇ, ਦ੍ਰਿੜਤਾ ਅਤੇ ਦਲੇਰੀ ਨਾਲ ਮੁਗਲਾਂ ਨਾਲ ਸੰਘਰਸ਼ ਅਤੇ ਸੰਗਰਾਮ ਕਰਨ ਦਾ ਜਜ਼ਬਾ ਉਸ ਵਿਚ ਠਾਠਾਂ ਮਾਰ ਰਿਹਾ ਸੀ। ਉਸ ਨੂੰ ਗੁਰੂ ਗੋਬਿੰਦ ਸਿੰਘ ਜੀ ਤੋਂ ਸਿੱਖੀ ਦੇ ਮੂਲ ਸਿਧਾਂਤਾਂ ਦੀ ਸਮਝ ਆ ਚੁਕੀ ਸੀ। ਉਸ ਨੂੰ ਲਗ ਰਿਹਾ ਸੀ ਕਿ ਉਸਦਾ ਨਵਾਂ ਜਨਮ ਹੋ ਗਿਆ ਸੀ। ਹੁਣ ਉਸ ਦੇ ਮਨ ਵਿਚ ਵੀ ਪ੍ਰੇਮ ਖੇਡਣ ਦਾ ਚਾਅ ਉਗਮ ਪਿਆ ਸੀ ਅਤੇ ਉਸ ਨੇ ਵੀ ਆਪਣਾ ਸਿਰ ਤਲੀ ਤੇ ਧਰ ਕੇ ਸਿੱਖੀ ਦੀ ਗਲੀ ਵਿਚ ਪੈਰ ਧਰ ਲਿਆ ਸੀ। ਉਸ ਦੇ ਮਨ ਵਿਚੋਂ ਹਰ ਪ੍ਰਕਾਰ ਦਾ ਡਰ ਅਤੇ ਭੈਅ ਜਿਵੇਂ ਖੰਭ ਲਾ ਕੇ ਉਡ ਗਏ ਸਨ।

ਚਲਦੀ ਲੜੀ

(ਜਾ ਤੇਰਾ ਬੰਦਾ : ਇਤਿਹਾਸ ਵਿਚ ਬਾਬਾ ਬੰਦਾ ਸਿੰਘ ਬਹਾਦਰ) ਕਿਤਾਬ ਵਿਚੋਂ

***

– ਕਮੋਡੋਰ ਗੁਰਨਾਮ ਸਿੰਘ
ਰਿਟਾਇਰਡ, ਇੰਡੀਅਨ ਨੇਵੀ
ਮੋਬਾਇਲ : 9818159944

# ਸ੍ਰੀ ਹਰਿਮੰਦਰ ਸਾਹਿਬ ਵਿੱਚ ਸੁਭਾਇਮਾਨ ਹੁੰਦੇ ਗੁਰੂ ਸਰੂਪ

ਜਦ ਸ੍ਰੀ ਹਰਿਮੰਦਰ ਸਾਹਿਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੁਭਾਇਮਾਨ ਹੋ ਜਾਂਦੇ ਹਨ ਤਾਂ ਹਰ ਸਿੱਖ ਇਹੀ ਸਮਝਦਾ ਹੈ ਕਿ ਸ਼ਬਦ ਰੂਪ ਵਿੱਚ ਅਕਾਲਪੁਰਖ ਆਪਣੇ ਸੱਚਖੰਡ ਵਿਖੇ ਬਿਰਾਜਮਾਨ ਹੋ ਕੇ ਹਰ ਕਿਸੇ ਸ਼ਰਧਾਲੂ ਨੂੰ ਆਪਣੀਆਂ ਬਖ਼ਸ਼ਿਸ਼ਾਂ ਨਾਲ ਨਿਹਾਲ ਕਰ ਰਹੇ ਹਨ। ਸ੍ਰੀ ਹਰਿਮੰਦਰ ਸਾਹਿਬ ਵਿੱਚ ਵੱਖ-ਵੱਖ ਸਮਿਆਂ ’ਤੇ ਵੱਖ-ਵੱਖ ਸਰੂਪ ਬਿਰਾਜਮਾਨ ਹੁੰਦੇ ਰਹੇ, ਪਰ ਕਿਸੇ ਵੀ ਹਾਲਤ ਵਿੱਚ ਪਦ ਛੇਦਾਂ ਵਾਲਾ ਸਰੂਪ ਉੱਥੇ ਪ੍ਰਕਾਸ਼ਮਾਨ ਨਹੀਂ ਹੁੰਦਾ। 1604 ਈਸਵੀ ਤੋਂ 1634 ਈਸਵੀ ਤੱਕ ਉਹ ਪ੍ਰਥਮ ਸਰੂਪ ਸੁਭਾਇਮਾਨ ਰਹੇ ਜਿਨ੍ਹਾਂ ਦੀ ਸੰਪਾਦਨਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਖੁਦ ਕੀਤੀ। ਉਨ੍ਹਾਂ ਦੀ ਜਿਲਦਬੰਦੀ ਲਈ ਭਾਈ ਬਨੋ ਨੂੰ ਲਾਹੌਰ ਭੇਜਿਆ ਗਿਆ। ਭਾਈ ਸਾਹਿਬ ਦੇ ਮਨ ਵਿੱਚ ਪਤਾ ਨਹੀਂ ਕੀ ਆਇਆ ਕਿ ਉਨ੍ਹਾਂ ਨੇ ਜਿਲਦ ਤਿਆਰ ਕਰਵਾਂਦਿਆਂ-ਕਰਵਾਂਦਿਆਂ ਉਸ ਪਰਮੇਸ਼ਰ ਨਾਮੀ ਪੋਥੀ ਦਾ ਉਤਾਰਾ ਕਰ ਲਿਆ ਅਤੇ ਆਪਣੀ ਮਰਜ਼ੀ ਨਾਲ ਉਸ ਵਿੱਚ 6 ਸ਼ਬਦਾ ਦਾ ਵਾਧਾ ਕਰ ਦਿੱਤਾ। ਗੁਰੂ ਸਾਹਿਬ ਨੂੰ ਜਦ ਪਤਾ ਲੱਗਾ ਤਾਂ ਉਨ੍ਹਾਂ ਨੇ ਉਸ ਨੂੰ ‘ਖਾਰੀ ਬੀੜ’ ਦਾ ਦਰਜ਼ਾ ਦਿੱਤਾ, ਜਿਹੜੀ ਅੱਜ ਵੀ ਭਾਈ ਬਨੋ ਦੀ ਸੰਤਾਨ ਪਾਸ ਮੌਜੂਦ ਹੈ। ਪ੍ਰਥਮ ਬੀੜ ਦੇ ਸ੍ਰੀ ਹਰਿਮੰਦਰ ਸਾਹਿਬ ਵਿੱਚੋਂ 1634 ਈਸਵੀ ਵਿੱਚ ਲੈ ਜਾਣ ਮਗਰੋਂ ਭਾਈ ਮਨੀ ਸਿੰਘ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਗਿਆ ਨਾਲ 1705 ਈਸਵੀ ਵਿੱਚ ਹੱਥ ਲਿਖਤ ਦਮਦਮੀ ਬੀੜ ਦਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿੱਚ ਕੀਤਾ ਅਤੇ 30 ਸਾਲਾਂ ਮਗਰੋਂ ਉਸ ਬੀੜ ਨੂੰ ਵੀ ਪਹਿਲੀ ਬੀੜ ਵਾਂਗਰਾਂ ਮਜ਼ਬੂਰਨ ਸ੍ਰੀ ਹਰਿਮੰਦਰ ਸਾਹਿਬ ਦੀ ਸੰਗਤ ਛੱਡਣੀ ਪਈ। ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਪਿੱਛੋਂ ਕੌਮ ਨੂੰ ਬੜੀਆਂ ਭੀੜਾਂ ਪਈਆਂ ਅਤੇ ਉਸ ਨੂੰ ਭਾਰੀ ਔਕੜਾਂ ਵਿੱਚੋਂ ਲੰਘਣਾ ਪਿਆ, ਸਿੰਘਾਂ ਨੇ ਨਾਲ-ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਨੂੰ ਅਮਾਨਵੀ ਪਰਹਾਰ ਝਲਣੇ ਪਏ। ਉਸ ਸਮੇਂ ਦਾ ਭਾਰਤੀ ਹਾਕਮ ਵਰਗ ਆਪਣੇ ਜ਼ੁਲਮਾਂ ਸਦਕਾ ਆਪਣੀ ਹੈਂਕੜਬਾਜ਼ੀ ਦੇ ਸਿਖਰਾਂ ’ਤੇ ਸੀ। ......ਚਲਦਾ

ਪੁਸਤਕ : ਹਰਿਮੰਦਰ ਦਰਸ਼ਨ

ਲੇਖਕ : ਡਾ. ਸਰੂਪ ਸਿੰਘ ਅਲੱਗ
ਪੀ.ਐਚ.ਡੀ., ਡੀ.ਲਿਟ., ਯੂ.ਐਸ.ਏ.




# ਤਨ ਮਹਿ ਮਨੂਆ ਮਨ ਮਹਿ ਸਾਚਾ

ਗੁਰਬਾਣੀ ਸਮਝਾਉਂਦੀ ਹੈ ਕਿ ਤਨ ਦੇ ਅੰਦਰ ਮਨ ਹੈ ਅਤੇ ਮਨ ਦੇ ਅੰਦਰ 'ਸਾਚਾ' ਹੈ। ਸਾਚਾ ਤੋਂ ਭਾਵ ਹੈ ਉਹ ਜਿਹੜਾ ਸਦੀਵੀ ਹੈ, ਹਮੇਸ਼ਾ ਹੈ - ਕੱਲ ਵੀ ਸੀ, ਅੱਜ ਵੀ ਹੈ ਅਤੇ ਆਉਂਦੇ ਕੱਲ ਵਿਚ ਵੀ ਹੋਵੇਗਾ। ਇਸੇ ਸਾਚੇ ਦੀ ਵਿਆਖਿਆ ਕਰਦਿਆਂ ਹੋਇਆਂ ਗੁਰੂ ਨਾਨਕ ਦੇਵ ਜੀ ਜਪੁ ਜੀ ਸਾਹਿਬ ਵਿਚ ਦੱਸਦੇ ਹਨ ਕਿ ਪ੍ਰਭੂ ਦਾ ਨਾਮ ਸਤਿ ਹੈ, "ਸਤਿਨਾਮੁ"। ਇਸੇ ਸੱਚ ਬਾਰੇ ਅੱਗੇ ਦੱਸਦੇ ਹਨ -

**ਆਦਿ ਸਚੁ ਜੁਗਾਦਿ ਸਚੁ॥**
**ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥**

**(ਅੰਗ ੧)**

ਸੱਚ ਅਤੇ ਸਾਡੇ ਵਿਚਕਾਰ ਤਨ ਅਤੇ ਮਨ ਦਾ ਇਕ ਉਹਲਾ, ਇਕ ਪਰਦਾ, ਇਕ ਕੰਧ ਹੈ ਜਿਹੜੀ ਕੂੜੀ ਹੈ, ਝੂਠੀ ਹੈ, ਅਸਤਿ ਹੈ। ਤਨ ਅਤੇ ਮਨ ਦਾ ਪਰਦਾ ਹਟਾ ਦਿਉ ਤਾਂ ਸੱਚ ਸਾਹਮਣੇ ਹੀ ਖਲੋਤਾ ਹੈ।

ਤਨ ਅਤੇ ਮਨ ਨਾਲ ਸਾਡਾ ਕਈ ਜਨਮਾਂ ਦਾ ਵਾਸਤਾ ਹੈ। ਅਸਲ ਵਿਚ ਅਸੀਂ ਇਨ੍ਹਾਂ ਨੂੰ ਹੀ ਜਾਣਦੇ ਹਾਂ। ਸਾਚੇ ਦੀ ਗੱਲ ਤਾਂ ਸੁਣੀ ਸੁਣਾਈ ਹੈ, ਪੜ੍ਹੀ ਪੜ੍ਹਾਈ ਹੈ। ਅਸੀਂ ਸਾਚੇ ਨੂੰ ਨਾ ਦੇਖਿਆ, ਨਾ ਜਾਣਿਆ ਅਤੇ ਨਾ ਹੀ ਮਹਿਸੂਸ ਕੀਤਾ ਹੈ। ਪਰ ਉਹ ਹੈ ਤਾਂ ਸਾਡੇ ਨਾਲ ਹੀ।

ਮੰਨ ਲਉ ਇਕ ਸਿੱਖ ਪ੍ਰਦੇਸ ਚਲਾ ਜਾਂਦਾ ਹੈ। ਉਥੇ ਦੀ ਹੀ ਵੇਸ-ਭਾਸ਼ਾ ਅਤੇ ਜੀਵਨ ਜਾਚ ਅਪਨਾਅ ਲੈਂਦਾ ਹੈ। ਆਪਣੀ ਬੋਲੀ ਤੱਕ ਭੁੱਲ ਜਾਂਦਾ ਹੈ। ਫਿਰ ਅਚਾਨਕ ਉਸ ਨੂੰ ਇਕ ਹੋਰ ਸਿੱਖ ਨਜ਼ਰ ਆਉਂਦਾ ਹੈ।

ਤਦ ਉਸ ਨੂੰ ਆਪਣਾ ਪੰਜਾਬ, ਆਪਣੀ ਮਾਂ-ਬੋਲੀ, ਆਪਣਾ ਜੀਵਨ ਅਤੇ ਆਪਣਾ ਗੁਰ ਇਤਿਹਾਸ ਆਦਿ ਸਭ ਯਾਦ ਆ ਜਾਂਦਾ ਹੈ। ਇਹ ਸਭ ਉਸ ਦੇ ਅੰਦਰ ਹੀ ਸੀ ਪਰ ਸਮੇਂ ਦੇ ਗੇੜ ਵਿਚ ਉਹ ਇਹ ਸਭ ਕੁਝ ਭੁੱਲ ਗਿਆ ਸੀ। ਆਪਣੇ ਨਵੇਂ ਸਰੂਪ ਅਤੇ ਪ੍ਰਦੇਸ ਨੂੰ ਹੀ ਆਪਣਾ ਦੇਸ਼ ਸਮਝ ਬੈਠਾ ਸੀ।

ਇਹੀ ਹਾਲ ਸਾਡਾ ਹੈ। ਅਸੀਂ ਤਨ ਅਤੇ ਮਨ ਨਾਲ ਇੰਨੇ ਜਨਮ ਬਤੀਤ ਕਰ ਲਏ ਹਨ ਕਿ ਉਸ ਪ੍ਰਦੇਸੀ ਵਾਂਗ ਅਸੀਂ ਤਨ-ਮਨ ਨੂੰ ਹੀ ਆਪਣਾ ਵਜੂਦ ਸਮਝ ਲਿਆ ਹੈ।

ਸਾਨੂੰ ਯਾਦ ਹੀ ਨਹੀਂ ਕਿ ਤਨ-ਮਨ ਤੋਂ ਪਰ੍ਹੇ ਕੁਝ ਹੋਰ ਵੀ ਹੈ ਅਤੇ ਉਹ ਅਸੀਂ ਹਾਂ। ਗੁਰਬਾਣੀ ਸਾਨੂੰ ਯਾਦ ਦੁਆਉਂਦੀ ਹੈ ਕਿ ਇਹ ਤਨ-ਮਨ ਸਾਡਾ ਨਹੀਂ, ਇਸ ਨੂੰ ਆਪਣਾ ਕਹਿੰਦੇ ਹੋਏ ਸਾਨੂੰ ਸ਼ਰਮ ਆਉਣੀ ਚਾਹੀਦੀ ਹੈ ਕਿਉਂਕਿ ਅਖ਼ੀਰ ਸਮੇਂ ਇਹ ਵੀ ਸਾਡਾ ਸਾਥ ਛੱਡ ਦੇਂਦਾ ਹੈ-

**ਲਾਜ ਨ ਮਰਹੁ ਕਹਹੁ ਘਰੁ ਮੇਰਾ॥**
**ਅੰਤ ਕੀ ਬਾਰ ਨਹੀ ਕਛੁ ਤੇਰਾ॥**

**(ਅੰਗ ੩੨੫)**

ਜਿਸ ਤਰ੍ਹਾਂ ਪ੍ਰਦੇਸ ਵਿਚ ਦੂਸਰਾ ਸਿੱਖ ਸਾਨੂੰ ਆਪਣੇ ਸਿੱਖ ਸਰੂਪ ਦੀ ਯਾਦ ਦਿਵਾ ਦੇਂਦਾ ਹੈ, ਇਸੇ ਤਰ੍ਹਾਂ ਹੀ ਗੁਰੂ ਸਾਹਿਬ ਆਪਣੀ ਬਾਣੀ ਰਾਹੀਂ ਸਾਨੂੰ ਸਾਡੇ ਅਸਲੀ ਸਰੂਪ ਦੀ ਯਾਦ ਦਿਵਾ ਦਿੰਦੇ ਹਨ।

ਗੁਰਬਾਣੀ ਸਪਸ਼ਟ ਕਰਦੀ ਹੈ ਕਿ ਬਾਣੀ ਗੁਰੂ ਦੀ ਨਹੀਂ ਬਲਕਿ ਬਾਣੀ ਧੁਰ ਦੀ ਹੈ, ਉਥੇ ਦੀ ਹੈ ਜਿੱਥੋਂ ਦੇ ਅਸੀਂ ਵਾਸੀ ਹਾਂ। ਗੁਰੂ ਸਿਰਫ਼ ਕਹਿ ਰਿਹਾ ਹੈ। ਜ਼ੁਬਾਨ ਗੁਰੂ ਦੀ ਹੈ, ਭਾਸ਼ਾ ਗੁਰੂ ਦੀ ਹੈ, ਦ੍ਰਿਸ਼ਟਾਂਤ ਗੁਰੂ ਦੇ ਹਨ ਪਰ ਅੰਦਰਲੀ ਸੱਚਾਈ ਸਾਚੇ ਦੀ ਹੈ।

ਮਨ-ਤਨ ਅੰਦਰ ਹੀ ਸਾਚਾ (ਆਤਮਾ, ਪ੍ਰਮਾਤਮਾ, ਪ੍ਰਭੂ) ਹੈ। ਪਰ ਦੋਹਵਾਂ ਦਾ ਮੇਲ ਨਹੀਂ ਹੁੰਦਾ। ਤਨ-ਮਨ ਵੱਲੋਂ ਨਜ਼ਰ ਹਟਾਉਗੇ ਤਾਂ ਹੀ ਸਾਚਾ ਨਜ਼ਰ ਆਏਗਾ ਅਤੇ ਸਾਚੇ ਵੱਲ ਨਜ਼ਰ ਕਰਾਂਗੇ ਤਾਂ ਹੀ ਤਨ-ਮਨ ਨਹੀਂ ਦਿਸੇਗਾ। ਦੂਰ ਜ਼ਮੀਨ ਤੇ ਅਸਮਾਨ ਮਿਲਦੇ ਨਜ਼ਰ ਆਉਂਦੇ ਹਨ ਪਰ ਜਿਉਂ ਜਿਉਂ ਅੱਗੇ ਵੱਧਦੇ ਜਾਉ ਮਿਲਣ ਦੀ ਰੇਖਾ ਵੀ ਅੱਗੇ ਵੱਧਦੀ ਜਾਂਦੀ ਹੈ। ਪੂਰਾ ਅਕਾਸ਼ ਨਜ਼ਰ ਨਹੀਂ ਆਉਂਦਾ, ਕੁਝ ਹਿੱਸਾ ਜ਼ਮੀਨ ਪਿੱਛੇ ਲੁਕਿਆ ਲੱਗਦਾ ਹੈ। ਇਸੇ ਤਰ੍ਹਾਂ ਹੀ ਤਨ-ਮਨ ਤੇ ਆਤਮਾ (ਸਾਚਾ) ਦਾ ਮਿਲਨ ਨਹੀਂ ਹੁੰਦਾ। ਹਾਂ ਜ਼ਮੀਨ ਤੋਂ ਨਜ਼ਰ ਹਟਾ ਦਿਉਗੇ ਤਾਂ ਅਕਾਸ਼ ਹੀ ਅਕਾਸ਼ ਰਹਿ ਜਾਂਦਾ ਹੈ।

ਇਸੇ ਤਰ੍ਹਾਂ ਹੀ ਤਨ-ਮਨ ਤੋਂ ਨਜ਼ਰ ਹਟਾ ਦਿਉਗੇ ਤਾਂ ਆਤਮਾ ਹੀ ਰਹਿ ਜਾਂਦੀ ਹੈ। ਜਿਨ੍ਹਾਂ ਨੇ ਬੰਦ ਬੰਦ ਕਟਵਾ ਲਏ, ਉਨ੍ਹਾਂ ਦੀ ਨਜ਼ਰ ਅੰਤਰ ਆਤਮਾ ਵੱਲ ਸੀ, ਤਨ-ਮਨ ਵੱਲ ਨਹੀਂ ਸੀ। ਧਿਆਨ ਸਰੀਰ ਵਿਚ ਰਹੇ ਤਾਂ ਪੀੜ ਦਾ ਅਸਰ ਹੁੰਦਾ ਹੈ। ਧਿਆਨ ਦਾ ਰਾਜ਼ ਇਹੀ ਹੈ ਕਿ ਨਜ਼ਰ ਸਰੀਰ ਤੋਂ ਹੱਟ ਕੇ ਆਤਮਾ ਵੱਲ ਚਲੀ ਜਾਂਦੀ ਹੈ। ਸਾਡੇ ਦੇਸ਼ਵਾਸੀ ਤਨ ਦੀ ਅਸਥਿਰਤਾ ਨੂੰ ਤਾਂ ਸਮਝ ਗਏ ਸਨ ਪਰ ਇਸ ਵੱਲੋਂ ਧਿਆਨ ਹਟਾਉਣ ਲਈ ਗਲਤ ਰਾਹ ਅਪਨਾ ਬੈਠੇ। ਇਨ੍ਹਾਂ ਨੇ ਸਰੀਰ ਤੋਂ ਧਿਆਨ ਹਟਾਉਣ ਲਈ ਸਰੀਰ ਨੂੰ ਤਪਾਣਾ, ਸਤਾਣਾ, ਦੁਖਾਣਾ ਸ਼ੁਰੂ ਕਰ ਦਿੱਤਾ ਸੀ ਪਰ ਅੰਦਰ ਦੀ ਸੋਝੀ ਬਿਨਾ, ਅੰਦਰ ਵੱਲ ਦੇ ਰਾਹ ਦੀ ਜਾਣਕਾਰੀ ਬਿਨਾ, ਉਨ੍ਹਾਂ ਦਾ ਧਿਆਨ ਸਰੀਰ ਵੱਲੋਂ ਨਾ ਹੱਟ ਸਕਿਆ ਜਾਂ ਹੱਟ ਕੇ ਠੀਕ ਰਾਹ ਨਾ ਲੱਭ ਸਕਿਆ। ਇਸੇ ਕਾਰਣ ਗੁਰਬਾਣੀ ਬਾਰ-ਬਾਰ ਸਾਨੂੰ ਸਰੀਰ ਨੂੰ ਦੁਖਾਣ ਤੋਂ ਵਰਜਦੀ ਹੈ ਅਤੇ ਗੁਰਬਾਣੀ ਦੇ ਹੁਕਮ ਵਿਚ ਠੀਕ ਰਾਹ ਪਹਿਚਾਨਣ ਲਈ ਕਹਿੰਦੀ ਹੈ -

**ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ॥**
**ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਨਿਹਾਲਿ॥**

**(ਅੰਗ ੧੩੮੩)**

**ਅਰਧ ਸਰੀਰੁ ਕਟਾਈਐ ਸਿਰਿ ਕਰਵਤੁ ਧਰਾਇ॥**
**ਤਨੁ ਹੈਮੰਚਲਿ ਗਾਲੀਐ ਭੀ ਮਨ ਤੇ ਰੋਗੁ ਨ ਜਾਇ॥**

**(ਅੰਗ ੬੨)**

ਸਵਾਲ ਸਰੀਰ ਨਾਲ ਲੜਨ ਦਾ ਨਹੀਂ ਹੈ ਬਲਕਿ ਸੱਚ ਨੂੰ ਪਹਿਚਾਨਣ ਦਾ ਹੈ। ਸਵਾਲ ਹਨੇਰੇ ਨਾਲ ਲੜਨ ਦਾ ਨਹੀਂ ਹੈ, ਬਲਕਿ ਰੌਸ਼ਨੀ ਲਿਆਉਣ ਦਾ ਹੈ। ਹਨੇਰੇ ਨਾਲ, ਤਨ-ਮਨ ਨਾਲ, ਲੜਨ ਨਾਲ ਕੁਝ ਪ੍ਰਾਪਤ ਨਹੀਂ ਹੋਏਗਾ। ਤਨ-ਮਨ ਅਤੇ ਆਤਮਾ ਦੇ ਗੁਣ ਧਰਮ ਅਲਗ ਅਲਗ ਹਨ। ਤਨ-ਮਨ ਭੱਜਦੇ ਰਹਿੰਦੇ ਹਨ, ਸ਼ੋਰ ਪਾਈ ਰੱਖਦੇ ਹਨ ਅਤੇ ਨਾਸ਼ਵਾਨ ਹਨ। ਇਸ ਦੇ ਉਲਟ ਆਤਮਾ ਅਡੋਲ ਹੈ, ਸ਼ਾਂਤ ਹੈ ਅਤੇ ਨਾਸ਼ ਰਹਿਤ ਹੈ। ਆਤਮਾ ਅਬਿਨਾਸੀ ਹੈ। ਆਤਮਾ 'ਅਬਿਨਾਸੀ ਅਚਲੁ ਅਜੋਨੀ' ਹੈ। ਦੋਹਾਂ ਦੇ ਗੁਣ ਧਰਮ ਇਨੇ ਵਿਪਰੀਤ ਹਨ ਕਿ ਤਨ, ਮਨ ਅਤੇ ਆਤਮਾ ਦਾ ਮਿਲਨ ਨਹੀਂ ਹੋ ਸਕਦਾ। ਅਸੀਂ ਆਤਮਾ ਨੂੰ ਵਿਸਾਰਿਆ ਹੋਇਆ ਹੈ। ਇਸੇ ਲਈ ਤਨ-ਮਨ ਸਾਨੂੰ ਸਥਾਈ ਮਹਿਸੂਸ ਹੁੰਦਾ ਹੈ। ਜਿਸ ਦਿਨ ਧਿਆਨ ਆਤਮਾ ਵੱਲ ਚਲਾ ਗਿਆ, ਉਸੇ ਦਿਨ (ਤਨ ਦੀ ਅਸਥਿਰਤਾ ਦਿਸਣ ਕਰਕੇ) ਕੂੜ ਦੀ ਪਾਲ (ਕੰਧ) ਵੀ ਟੁੱਟਣ ਲੱਗੇਗੀ।

ਮਨ ਦਾ ਗੁਣ ਹੈ, ਭੱਜਦੇ ਰਹਿਣਾ। ਮਨ ਆਪਣੀ ਇਸ ਕਿਰਿਆ ਵਿਚ ਤਨ ਨੂੰ ਵੀ ਰਲਾ ਲੈਂਦਾ ਹੈ। ਮਨ ਕੀਮਤੀ ਕਾਰ ਪਿੱਛੇ ਭੱਜ ਪਿਆ। ਹੁਣ ਇਸ ਨੂੰ ਮਰਸੀਡੀਜ਼, ਬੀ.ਐਮ.ਡਬਲਯੂ., ਆਡੀ ਆਦਿ ਚਾਹੀਦੀ ਹੈ। ਮਨ ਦੀ ਇਸ ਚਾਹ ਨਾਲ ਸਰੀਰ ਵੀ ਕਾਰ ਦੇਖਣ ਜਾ ਰਿਹਾ ਹੈ। ਮਾਡਲ ਪਸੰਦ

ਕਰ ਰਿਹਾ ਹੈ, ਸਹੂਲਤਾਵਾਂ ਦੇਖ ਰਿਹਾ ਹੈ ਅਤੇ ਪੈਸਿਆਂ ਦੇ ਪ੍ਰਬੰਧ ਲਈ ਦੌੜ ਰਿਹਾ ਹੈ -

**ਇਹੁ ਮਨੁ ਚੰਚਲੁ ਵਸਿ ਨ ਆਵੈ॥**
**ਦੁਬਿਧਾ ਲਾਗੈ ਦਹ ਦਿਸਿ ਧਾਵੈ॥**

**(ਅੰਗ ੧੨੭)**

ਇਸ ਚੰਚਲ ਮਨ ਨੂੰ ਵੱਸ ਕਰਨ ਬਾਅਦ ਹੀ ਆਤਮਾ ਨਾਲ ਸੰਪਰਕ ਹੁੰਦਾ ਹੈ। ਇਸੇ ਲਈ 'ਜਪੁ ਜੀ' ਸਾਹਿਬ ਵਿਚ ਗੁਰੂ ਜੀ ਆਦੇਸ਼ ਦਿੰਦੇ ਹਨ -

**ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ॥**

**(ਅੰਗ ੬)**

ਅਸੀਂ ਜਪੁ ਜੀ ਸਾਹਿਬ ਦਾ ਰੋਜ਼ ਪਾਠ ਕਰੀ ਜਾਂਦੇ ਹਾਂ ਪਰ ਕਦੀਂ ਰੁਕ ਕੇ ਨਹੀਂ ਵਿਚਾਰਿਆ ਕਿ ਗੁਰੂ ਜੀ ਕੀ ਕਹਿ ਰਹੇ ਹਨ। ਅਸੀਂ ਨਹੀਂ ਵਿਚਾਰਿਆ ਕਿ ਮਨ ਕੀ ਹੈ, ਅਸੀਂ ਕੌਣ ਹਾਂ, ਮਨ ਨੂੰ ਕੌਣ ਜਿੱਤੇਗਾ, ਕਿਸ ਤਰ੍ਹਾਂ ਜਿੱਤੇਗਾ, ਮਨ ਦੀ ਕਮਜ਼ੋਰੀ ਅਤੇ ਆਪਣੀ ਸ਼ਕਤੀ ਦਾ ਸਾਨੂੰ ਗਿਆਨ ਨਹੀਂ।

ਜਿੱਤਣ ਲਈ ਸਾਨੂੰ ਇਕੋ ਹੀ ਢੰਗ ਆਉਂਦਾ ਹੈ, ਵੈਰੀ ਨੂੰ ਮਾਰੋ, ਕੁੱਟੋ, ਹੱਥ ਪੈਰ ਭੰਨੋ, ਹੱਡ ਗਿੱਟੇ ਤੋੜੋ ਜਾਂ ਜਾਨ ਹੀ ਕੱਢ ਦਿਉ। ਇਹੀ ਢੰਗ ਅਸੀਂ ਮਨ ਲਈ ਵੀ ਵਰਤਦੇ ਹਾਂ। ਇਸ ਢੰਗ ਨਾਲ ਅਸੀਂ ਸਰੀਰ ਨੂੰ ਹੀ ਨ ਜਿੱਤ ਸਕੇ (ਜਿਹੜਾ ਪੂਰੀ ਤਰ੍ਹਾਂ ਸਾਡੇ ਕੋਲ ਹੈ, ਦ੍ਰਿਸ਼ਟਮਾਨ ਹੈ) ਤਾਂ ਫਿਰ ਅਸੀਂ ਮਨ ਨੂੰ ਕਿਸ ਤਰ੍ਹਾਂ ਜਿਤਾਂਗੇ ਜਿਸ ਦਾ ਪਤਾ ਟਿਕਾਣਾ ਹੀ ਸਾਨੂੰ ਪਤਾ ਨਹੀਂ। ਇਸੇ ਲਈ ਗੁਰਬਾਣੀ ਕਹਿੰਦੀ ਹੈ -

**ਮਾਈ ਮਨੁ ਮੇਰੋ ਬਸਿ ਨਾਹਿ॥**

**(ਅੰਗ ੬੩੨)**

ਪਰ ਗੁਰੂ ਜੀ ਨਾਲ ਹੀ ਸਮਝਾਉਂਦੇ ਹਨ -

**ਬਿਨੁ ਮਨ ਮੂਏ ਕੈਸੇ ਹਰਿ ਪਾਇ॥**

**(ਅੰਗ ੬੬੫)**

ਇਹ ਮਨ ਰੌਸ਼ਨੀ (ਲਾਈਟ) ਦੀ ਸਪੀਡ ਤੋਂ ਵੀ ਤੇਜ਼ ਦੌੜਦਾ ਹੈ। ਲਾਈਟ ਤਿੰਨ ਲੱਖ ਕਿਲੋਮੀਟਰ ਪ੍ਰਤੀ ਸੈਕਿੰਡ ਦੀ ਸਪੀਡ ਨਾਲ ਦੌੜਦੀ ਹੈ। ਇਤਨੇ ਤੇਜ਼ ਦੌੜਨ ਵਾਲੇ ਮਨ ਨੂੰ ਅਸੀਂ ਕਿਸ ਤਰ੍ਹਾਂ ਜਿਤਾਂਗੇ ਕਿਉਂਕਿ -

**ਮਨੁ ਅਸਾਧੁ ਸਾਧੈ ਜਨੁ ਕੋਇ॥**

**(ਅੰਗ ੧੫੯)**

ਗੁਰੂ ਜੀ ਕਹਿੰਦੇ ਹਨ ਕਿ ਜੇ ਮਨ ਨੂੰ ਜਿੱਤਣਾ ਹੈ ਤਾਂ ਪਹਿਲਾਂ ਇਸ ਨੂੰ ਸਥਿਰ ਕਰੋ ਅਤੇ ਦੌੜਨ ਤੋਂ ਰੋਕੋ-

**ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ॥**

**(ਅੰਗ ੫੯੮)**

ਪਰ ਇਸ ਨੂੰ ਥਿਰ ਕਿਵੇਂ ਕਰੀਏ, ਇਸ ਦੀ ਦੌੜ ਕਿਵੇਂ ਰੋਕੀਏ? ਗੁਰਬਾਣੀ ਰਾਹ ਦਰਸਾਉਂਦੀ ਹੈ ਕਿ ਪ੍ਰਭੂ ਦੇ ਦਰ 'ਤੇ ਪ੍ਰਵਾਨਗੀ ਪਾਉਣ ਲਈ, ਮਾਣ ਪਾਉਣ ਲਈ, ਧਿਆਨ ਹੀ ਗੁਰ ਹੈ, ਧਿਆਨ ਹੀ ਢੰਗ ਹੈ-

**ਪੰਚ ਪਰਵਾਣ ਪੰਚ ਪਰਧਾਨੁ**
**ਪੰਚੇ ਪਾਵਹਿ ਦਰਗਹਿ ਮਾਨੁ॥**
**ਪੰਚੇ ਸੋਹਹਿ ਦਰਿ ਰਾਜਾਨੁ॥**
**ਪੰਚਾ ਕਾ ਗੁਰੁ ਏਕੁ ਧਿਆਨੁ॥**

**(ਅੰਗ ੩)**

ਗੁਰਬਾਣੀ ਧਿਆਨ ਕਰਨ ਲਈ ਕਹਿੰਦੀ ਹੈ ਪਰ ਦੁਰਭਾਗ-ਵੱਸ ਸਾਡਾ ਧਿਆਨ ਧਿਆਨ ਵੱਲ ਨਹੀਂ ਜਾਂਦਾ। ਅਸੀਂ ਸਾਰੇ ਕਰਮ-ਕਾਂਡ ਕਰੀ ਜਾਵਾਂਗੇ, ਲੇਕਿਨ ਧਿਆਨ ਨਹੀਂ ਕਰਾਂਗੇ। ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰਿਆ ਜਾਣਾ ਹੈ। ਆਪ ਜੀ ਸਿਰ ਆਰੇ ਹੇਠ ਰੱਖ ਕੇ ਇਕੋ ਬੇਨਤੀ ਕਰਦੇ ਹਨ ਕਿ ਮੇਰਾ ਮੁਖ ਗੁਰੂ ਤੇਗ ਬਹਾਦਰ ਜੀ ਵੱਲ ਰਹਿਣ ਦਿਓ। ਇਸ ਤਰ੍ਹਾਂ ਦੀ ਮੰਗ ਕਿਉਂ?

ਗੁਰੂ ਇਕ ਚੁੰਬਕ ਹੈ ਜਿਸ ਵੱਲ ਵੇਖਣ ਨਾਲ ਪੂਰਾ ਧਿਆਨ ਗੁਰੂ ਵੱਲ ਖਿੱਚਿਆ ਜਾਂਦਾ ਹੈ। ਜਿਸ ਤਰ੍ਹਾਂ ਚੁੰਬਕ ਵੱਲ ਲੋਹਾ ਖਿੱਚਿਆ ਚਲਾ ਜਾਂਦਾ ਹੈ ਅਤੇ ਉਸ ਨਾਲ ਹੀ ਚਿੰਮੜ ਜਾਂਦਾ ਹੈ, ਇਹੀ ਦਸ਼ਾ ਗੁਰਸਿੱਖ ਦੀ ਹੋ ਜਾਂਦੀ ਹੈ। ਜਦੋਂ ਪੂਰਾ ਧਿਆਨ ਗੁਰੂ ਵੱਲ ਚਲਾ ਜਾਂਦਾ ਹੈ ਤਾਂ ਮਨ-ਤਨ ਵੱਲ ਧਿਆਨ ਜਾਂਦਾ ਹੀ ਨਹੀਂ। ਸਰੀਰ ਨਾਲ ਕੀ ਹੋ ਰਿਹਾ ਹੈ - ਇਸ ਨੂੰ ਕੱਟਿਆ ਜਾ ਰਿਹਾ ਹੈ ਜਾਂ ਸਾੜਿਆ ਜਾ ਰਿਹਾ ਹੈ, ਇਸ ਘਟਨਾ ਦੀ ਕੋਈ ਲਹਿਰ ਗੁਰਸਿੱਖ ਵੱਲ ਨਹੀਂ ਜਾਂਦੀ। ਮਨ ਗੁਰੂ ਦੀ ਹਜ਼ੂਰੀ ਵਿਚ ਜਾਣ ਨਾਲ ਹੀ ਟਿੱਕ ਸਕਦਾ ਹੈ।

ਕੰਪਨ ਮਨ ਦਾ ਸੁਭਾਉ ਹੈ। ਇਸ ਉਪਰ ਵਿਚਾਰਾਂ ਦੀਆਂ ਤਰੰਗਾਂ ਸਦਾ ਚਲਦੀਆਂ ਰਹਿੰਦੀਆਂ ਹਨ। ਸੁੱਤੇ ਜਾਗਦੇ ਵਿਚਾਰ ਮਨ ਨੂੰ ਡਾਵਾਂਡੋਲ ਕਰਦੇ ਰਹਿੰਦੇ ਹਨ। ਇਸ ਤਰ੍ਹਾਂ ਸਮਝੋ। ਸਾਡਾ ਸਰੀਰ ਇਕ ਝੀਲ ਹੈ। ਮਨ ਇਸ ਝੀਲ ਉਪਰ ਉਠ ਰਹੀਆਂ ਤਰੰਗਾਂ ਹਨ।

ਝੀਲ ਉਪਰ ਪੈਂਦੀ ਚੰਦ ਦੀ ਪਰਛਾਈਂ ਨੂੰ ਸਾਡੀ ਆਤਮਾ (ਪ੍ਰਮਾਤਮਾ ਦੀ ਪਰਛਾਈਂ) ਜਾਣੋ। ਕਿਉਂਕਿ ਮਨ ਹਮੇਸ਼ਾ ਡੋਲਦਾ ਰਹਿੰਦਾ ਹੈ, ਇਸ ਲਈ ਸਰੀਰ ਰੂਪੀ ਝੀਲ ਉਪਰ ਚੰਦ ਰੂਪੀ

ਪ੍ਰਮਾਤਮਾ ਦੀ ਪਰਛਾਈਂ ਨਹੀਂ ਦਿੱਸਦੀ। ਮਨ ਦੀਆਂ ਲਹਿਰਾਂ ਚੰਦ ਦੀ ਛਵੀ ਬਣਨ ਨਹੀਂ ਦਿੰਦੀਆਂ। ਲਹਿਰਾਂ ਨਾ ਹੋਣ ਤਾਂ ਚੰਨ ਦਾ ਰੂਪ ਸਾਫ਼ ਦਿੱਸਣ ਲੱਗਦਾ ਹੈ। ਇੱਦਾਂ ਹੀ ਮਨ ਦੀਆਂ ਤਰੰਗਾਂ ਨਾ ਰਹਿਣ ਤਾਂ ਪ੍ਰਮਾਤਮਾ ਦਾ ਪ੍ਰਤੀਬਿੰਬ ਸਾਫ਼ ਉਭਰ ਆਉਂਦਾ ਹੈ। ਉਹ ਤਾਂ ਹੈ ਹੀ, ਉਹ ਤਾਂ ਸਦਾ ਚਮਕ ਰਿਹਾ ਹੈ। ਪਰ ਸਾਨੂੰ ਇਸ ਦੇ ਦਰਸ਼ਨ ਨਹੀਂ ਹੁੰਦੇ। ਆਤਮਾ ਪ੍ਰਮਾਤਮਾ ਦਾ ਹੀ ਸਰੂਪ ਹੈ, ਇਹ ਪ੍ਰਮਾਤਮਾ ਵਾਂਗ ਅਡੋਲ ਹੈ, ਇਸੇ ਵਿਚ ਹੀ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ। ਗੁਰਬਾਣੀ ਦੱਸਦੀ ਹੈ -

**ਆਤਮਾ ਅਡੋਲੁ ਨ ਡੋਲਈ ਗੁਰ ਕੈ ਭਾਇ ਸੁਭਾਇ॥**
**(ਅੰਗ ੮੭)**

**ਆਤਮਾ ਪਰਾਤਮਾ ਏਕੋ ਕਰੈ॥**
**ਅੰਤਰ ਕੀ ਦੁਬਿਧਾ ਅੰਤਰਿ ਮਰੈ॥**
**(ਅੰਗ ੬੬੧)**

**ਆਤਮ ਮਹਿ ਪਾਰਬ੍ਰਹਮੁ ਲਹੰਤੇ॥**
**(ਅੰਗ ੨੭੫)**

ਸਰੀਰ ਤੇ ਆਤਮਾ ਦੇ ਵਿਚਕਾਰ ਮਨ ਇਕ ਪੁੱਲ ਵਾਂਗ ਹੈ। ਮਨ ਨੂੰ ਸਰੀਰ ਵੱਲ ਮੋੜ ਦਿਉ ਤਾਂ ਅਸੀਂ ਸੰਸਾਰ ਵਿਚ ਫੱਸ ਜਾਂਦੇ ਹਾਂ, ਦੁੱਖਾਂ ਸੁੱਖਾਂ ਦੇ ਗੇੜ ਵਿਚ ਫੱਸ ਜਾਂਦੇ ਹਾਂ, ਜਨਮ ਮਰਣ ਦੇ ਚੱਕਰ ਵਿਚ ਘੁੰਮਦੇ ਰਹਿੰਦੇ ਹਾਂ। ਇਸ ਦੇ ਉਲਟ ਜੇ ਮਨ ਨੂੰ ਆਤਮਾ ਵੱਲ ਕਰ ਲਈਏ, ਯਾਨੀ ਧਿਆਨ ਪ੍ਰਮਾਤਮਾ ਵੱਲ ਲਾ ਲਈਏ ਤਾਂ ਅਸੀਂ ਦੁੱਖ ਸੁੱਖ ਤੋਂ ਪਰ੍ਹੇ ਅਨੰਦ ਦੀ ਅਵਸਥਾ ਨੂੰ ਪ੍ਰਾਪਤ ਹੋ ਜਾਂਦੇ ਹਾਂ। ਸੰਸਾਰ ਵਿਚ ਰਹਿੰਦੇ ਹੋਏ ਵੀ ਅਸੀਂ ਇਸ ਦੀ ਪਕੜ ਵਿਚ ਨਹੀਂ ਰਹਿੰਦੇ ਅਤੇ ਜੀਵਨ ਮੁਕਤ ਹੋ ਜਾਂਦੇ ਹਾਂ।

ਸਾਡਾ ਮਰਣ ਤਾਂ ਹੁੰਦਾ ਹੈ ਪਰ ਫਿਰ ਜਨਮ ਨਹੀਂ। ਇਸ ਅਵਸਥਾ ਵਿਚ ਪੁੱਜ ਕੇ ਹੀ ਅਸੀਂ ਆਪਣੇ ਅਨੁਭਵ ਤੋਂ ਕਹਿ ਸਕਦੇ ਹਾਂ ਕਿ ਅਸੀਂ ਤਨ-ਮਨ ਤੋਂ ਪਾਰ ਜਾ ਕੇ ਸਾਚੇ ਦੇ ਧਿਆਨ ਨੂੰ, ਅਨੰਦ ਨੂੰ, ਮਹਿਸੂਸ ਕੀਤਾ, ਸਾਡੇ ਸਾਰੇ ਸੰਤਾਪ ਚਲੇ ਗਏ ਅਤੇ ਭਰਮ ਭੁਲੇਖੇ ਦੂਰ ਹੋ ਗਏ -

**ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ॥**
**ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ॥**
**(ਅੰਗ ੯੨੨)**

❊❊❊

- ਜੋਗਿੰਦਰ ਸਿੰਘ ਸੇਠੀ
ਮੋਬਾਇਲ : 9833393536

# ਗੰਜਿ ਸ਼ਹੀਦਾਂ
ਅਰਥਾਤ
## ਸਾਕਾ ਚਮਕੌਰ ਸਾਹਿਬ

- 10 -

"ਜਬ ਡੇਢ ਘੜੀ ਰਾਤ ਗਈ ਜ਼ਿਕਰਿ-ਖ਼ੁਦਾ ਮੇਂ।
ਖ਼ੈਮੇ ਸੇ ਨਿਕਲ ਆਏ ਸੁਕਾਰ[1] ਹਵਾ ਮੇਂ।
ਕਦਮੋਂ ਸੇ ਟਹਿਲਤੇ ਥੇ ਮਗਰ ਦਿਲ ਥਾ ਦੁਆ ਮੇਂ।
ਬੋਲੇ : "ਐ ਖੁਦਾਵੰਦ! ਹੂੰ ਖੁਸ਼ ਤੇਰੀ ਰਜ਼ਾ ਮੇਂ।"
ਕਰਤਾਰ ਸੇ ਕਹਿਤੇ ਥੇ ਗੋਯਾ ਰੂ-ਬ-ਰੂ ਹੋ ਕਰ!
'ਕੱਲ ਜਾਊਂਗਾ ਚਮਕੌਰ ਸੇ ਮੈਂ ਸੁਰਖਰੂ ਹੋ ਕਰ!

- 11 -


"ਮੈਂ ਤੇਰਾ ਹੂੰ, ਬੱਚੇ ਭੀ ਮੇਰੇ ਤੇਰੇ ਹੈਂ ਮੌਲਾ!
ਥੇ ਤੇਰੇ ਹੀ, ਹੈਂ ਤੇਰੇ, ਰਹੇਂਗੇ ਤੇਰੇ ਦਾਤਾ!
ਜਿਸ ਹਾਲ ਮੇਂ ਰੱਖੇਂ ਤੂ, ਵੁਹੀ ਹਾਲ ਹੈ ਅੱਛਾ!
ਜੁਜ਼[2] ਸ਼ੁਕਰ ਕੇ ਆਨੇ ਕਾ ਜ਼ਬਾਂ ਪ੍ਰ ਨਹੀਂ ਸ਼ਿਕਵਾ![3]
ਲੇਟੇ ਹੂਏ ਹੈਂ ਖਾਲਸਾ ਜੀ ਆਜ ਜ਼ਮੀਂ ਪਰ।
ਕਿਸ ਤਰਹ ਸੇ ਚੈਨ ਆਏ ਹਮੇਂ ਸ਼ਾਹਿ-ਨਸ਼ੀ[4] ਪਰ!"

- 12 -

ਯਿਹ ਕਹਿ ਕੇ ਗੁਰੂ ਲਸ਼ਕਰਿ ਖ਼ੁੱਫ਼ਤਾ[5] ਮੇਂ ਦਰ ਆਏ।
ਪਹਰੇ ਪਿ ਜਵਾਂ ਊਂਘਤੇ ਅਕਸਰ ਨਜ਼ਰ ਆਏ।
ਯੂੰ ਹਰ ਜਗਾ ਖਾਮੋਸ਼ ਗਏ ਬੇਖਬਰ ਆਏ।
ਸੋਏ ਹੂਏ ਬੱਚੇ ਕੇ ਕਰੀਂ[6] ਜੂੰ ਪਦਰ[7] ਆਏ।
ਗ਼ਰਜ਼ਿ ਕਿ ਦਬੇ ਪਾਉਂ ਟਹਿਲਨੇ ਲਗੇ ਸਤਿਗੁਰ।
ਭਗਤੀ ਸੇ ਮੁਰੀਦੋਂ ਕੀ ਬਹਿਲਨੇ[8] ਲਗੇ ਸਤਿਗੁਰ।

ਲੇਖਕ -
ਹਕੀਮ ਮਿਰਜ਼ਾ ਅਲਹ ਯਾਰ ਖਾਂ 'ਜੋਗੀ' ਰਹਿਮਾਨੀ
'ਨੈਸ਼ਨਲ ਪੋਇਟ'

1. ਗੁਰੂ ਜੀ । 2. ਸਿਵਾਇ, ਬਿਨਾ । 3. ਗਿਲਾ, ਨਿਹੋਰਾ । 4. ਬਾਦਸ਼ਾਹ ਦੇ ਬੈਠਣ ਦੀ ਥਾਂ, ਗੁਦੈਲੀ ਸੇਜ, ਕੂਲਾ ਬਿਸਤਰਾ । 5. ਸੁਤੇ ਹੋਏ ਲਸ਼ਕਰ ਵਿਚ । 6. ਨੇੜੇ । 7. ਪਿਤਾ ਬਾਪੂ । 8. ਪਰਚਣ ।



# ਪੁਰਾਤਨ ਕੀਰਤਨ ਸ਼ੈਲੀ ਦੀ ਸੰਭਾਲ ਸਮੇਂ ਦੀ ਮੁੱਖ ਲੋੜ

ਭਗਤੀ ਦੀਆਂ ਸਭ ਸਟੇਜਾਂ ਤੇ ਜੁਗਤੀਆਂ ਵਿੱਚੋਂ ਗੁਰੂ ਸਾਹਿਬਾਨ ਨੇ ਕੀਰਤਨ ਕਰਨ ਅਤੇ ਸੁਣਨ ਨੂੰ ਪ੍ਰਧਾਨਤਾ ਦਿੱਤੀ ਹੈ "**ਕਲਜੁਗ ਮਹਿ ਕੀਰਤਨੁ ਪਰਧਾਨਾ॥ ਗੁਰਮੁਖਿ ਜਪੀਐ ਲਾਇ ਧਿਆਨਾ॥**" ਜਿਸ ਅਸਥਾਨ ਉੱਤੇ ਰੱਬੀ ਬਾਣੀ ਦਾ ਕੀਰਤਨ ਹੁੰਦਾ ਹੈ ਜਾਂ ਪ੍ਰਮਾਤਮਾ ਦੀ ਉਸਤਤਿ ਗਾਇਨ ਕੀਤੀ ਜਾਂਦੀ ਹੈ, ਉਹ ਅਸਥਾਨ ਬੈਕੁੰਠ ਬਣ ਜਾਂਦਾ ਹੈ। ਗੁਰੂ ਨਾਨਕ ਦੇਵ ਜਦੋਂ ਵਿਸ਼ੇ-ਵਿਕਾਰਾਂ ਵਿੱਚ ਸੜਦੇ ਸੰਸਾਰ ਨੂੰ ਰੂਹਾਨੀ ਸ਼ੀਤਲਤਾ ਮੁਹੱਈਆ ਕਰਨ ਹਿਤ ਚਾਰ ਉਦਾਸੀਆਂ ਲਈ ਰਵਾਨਾ ਹੋਏ ਤਾਂ ਉਨ੍ਹਾਂ ਦੇ ਨਾਲ ਦੋ ਸਾਥੀ, ਭਾਈ ਬਾਲਾ ਤੇ ਭਾਈ ਮਰਦਾਨਾ ਸਨ। ਭਾਈ ਮਰਦਾਨਾ ਰਬਾਬ ਛੇੜਦੇ ਤੇ ਗੁਰੂ ਸਾਹਿਬ ਕੀਰਤਨ ਗਾਇਨ ਕਰਦੇ। ਸਤਿਗੁਰਾਂ ਦੀ ਰਸੀਲੀ ਆਵਾਜ਼ ਤੇ ਭਾਈ ਮਰਦਾਨੇ ਦੀ 'ਤੂੰ ਤੂੰ' ਕਰਦੀ ਰਬਾਬ ਦੀ ਟੁਣਕਾਰ ਨਾਲ ਅਜਿਹਾ ਅਲੌਕਿਕ ਸਮਾਂ ਬੱਝਦਾ ਕਿ ਸਰੋਤੇ ਵਿਸਮਾਦ ਵਿੱਚ ਆ ਕੇ ਪ੍ਰਭੂ ਧਿਆਨ ਵਿੱਚ ਲੀਨ ਹੋ ਜਾਂਦੇ। ਇਹ ਕੀਰਤਨ ਦਾ ਅਸਰ ਹੀ ਸੀ ਕਿ ਸੱਜਣ ਵਰਗੇ ਠੱਗ, ਨੂਰਸ਼ਾਹ ਵਰਗੀਆਂ ਜਾਦੂਗਰਨੀਆਂ , ਕੌਡੇ ਵਰਗੇ ਰਾਖ਼ਸ਼ ਅਤੇ ਵਲੀ ਕੰਧਾਰੀ ਵਰਗੇ ਹੰਕਾਰੀ ਵੀ ਨੇਕ ਤੇ ਕਾਮਿਲ ਇਨਸਾਨ ਬਣ ਗਏ। ਗੁਰੂ ਜੀ ਨੇ ਲੋਕਾਈ ਨੂੰ ਪ੍ਰਭੂ ਚਰਨਾਂ ਨਾਲ ਜੋੜਨ ਲਈ ਕੀਰਤਨ ਨੂੰ ਮਾਧਿਅਮ ਬਣਾਇਆ। ਗੁਰੂ ਸਾਹਿਬ ਦੀ ਸ਼ਾਹਕਾਰ ਰਚਨਾ (ਜਪੁਜੀ) ਨੂੰ ਛੱਡ ਕੇ ਬਾਕੀ ਲਗਭਗ ਸਾਰੀ ਬਾਣੀ ਰਾਗਾਂ ਵਿੱਚ ਹੈ। ਬਾਕੀ ਪੰਜ ਗੁਰੂ ਸਾਹਿਬਾਨ ਤੇ ਭਗਤਾਂ ਦੀ ਬਾਣੀ ਵੀ ਰਾਗਾਂ ਵਿੱਚ ਦਰਜ ਹੈ। ਇਸ ਪਰੰਪਰਾ ਨੂੰ ਅੱਗੇ ਤੋਰਦਿਆਂ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਖ਼ੁਦ ਸਾਰੰਦੇ ਸਾਜ਼ ਨਾਲ ਸ੍ਰੀ ਹਰਿਮੰਦਰ ਸਾਹਿਬ ਵਿੱਚ ਕੀਰਤਨ ਦੀ ਸੇਵਾ ਨਿਭਾਈ। ਗੁਰੂ ਹਰਗੋਬਿੰਦ ਸਾਹਿਬ ਜੀ ਨੇ ਢਾਡੀ ਰਾਗ ਦੀ ਸ਼ੁਰੂਆਤ ਕੀਤੀ, ਜੋ ਸਮੇਂ ਦੀ ਮੁੱਖ ਲੋੜ ਸੀ। ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਰਾਗ ਸੰਗੀਤ ਦੇ ਵੱਡੇ ਗਿਆਤਾ ਤੇ ਖ਼ੁਦ ਕੀਰਤਨਕਾਰ ਸਨ। ਉਨ੍ਹਾਂ ਨੇ (ਤਾਊਸ) ਸਾਜ਼ ਈਜਾਦ ਕੀਤਾ ਅਤੇ ਸੰਗੀਤ ਵੰਨਗੀਆਂ 'ਹੋਰੀ' ਤੇ 'ਤਰਾਨਾ' ਦੀਆਂ ਬੰਦਿਸ਼ਾਂ ਬਣਾਈਆਂ। ਉਨ੍ਹਾਂ ਦੀ ਮਹਾਨ ਰਚਨਾ 'ਮਿਤ੍ਰ ਪਿਆਰੇ ਨੂੰ' ਖ਼ਿਆਲ ਅੰਗ ਵਿੱਚ ਰਚੀ ਗਈ ਹੈ।

ਗੁਰੂ ਕਾਲ ਤੋਂ ਲੈ ਕੇ ਮੁਲਕ ਦੀ ਵੰਡ ਤੀਕ ਪੰਥ ਵਿੱਚ ਗ਼ੈਰ ਸਿੱਖ ਰਬਾਬੀਆਂ ਦਾ ਬੜਾ ਸਤਿਕਾਰ ਸੀ। ਭਾਈ ਸੱਤਾ ਬਲਵੰਡ, ਭਾਈ ਚਾਂਦ, ਭਾਈ ਅਰੂੜਾ, ਭਾਈ ਮਹਿਤਾਬ, ਭਾਈ ਗੁਲਾਮ ਹੈਦਰ (ਮਗਰੋਂ ਫਿਲਮ ਇੰਡਸਟਰੀ ਦੇ ਪ੍ਰਸਿੱਧ ਸੰਗੀਤਕਾਰ), ਭਾਈ ਦੇਸਾ ਤੇ ਭਾਈ ਲਾਲ ਜੀ (ਵੱਡੇ), ਨਾਮਵਰ ਰਾਗੀ ਹੋਏ ਹਨ, ਜਿਨ੍ਹਾਂ ਨੇ ਲੰਮਾ ਸਮਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿੱਚ ਕੀਰਤਨ ਦੀ ਸੇਵਾ ਕੀਤੀ। ਭਾਈ ਲਾਲ (ਛੋਟੇ) ਕੁਝ ਸਮਾਂ ਪਹਿਲਾਂ ਹੀ ਵਿਛੋੜਾ ਦੇ ਗਏ ਹਨ ਪਰ ਅਫ਼ਸੋਸ ਕਿ ਕੁਝ ਕਾਰਨਾਂ ਕਰ ਕੇ ਹੁਣ ਰਬਾਬੀਆਂ ਦੀ ਗਿਣਤੀ ਉਂਗਲਾਂ 'ਤੇ ਗਿਣਨ ਜੋਗੀ ਰਹਿ ਗਈ ਹੈ। ਰਬਾਬੀਆਂ ਤੋਂ ਇਲਾਵਾ ਪੁਰਾਣੇ

ਸਮੇਂ ਵਿੱਚ ਭਾਈ ਹੀਰਾ ਸਿੰਘ, ਭਾਈ ਜਵਾਲਾ ਸਿੰਘ, ਭਾਈ ਸਮੁੰਦ ਸਿੰਘ, ਭਾਈ ਗਿਆਨ ਸਿੰਘ ਅਲਮਸਤ, ਉਸਤਾਦ ਦਰਸ਼ਨ ਸਿੰਘ ਕੋਮਲ, ਉੱਤਮ ਸਿੰਘ ਪਤੰਗ, ਭਾਈ ਧਰਮ ਸਿੰਘ ਜ਼ਖ਼ਮੀ, ਸੰਤ ਸਰਵਣ ਸਿੰਘ ਗੰਧਰਬ (ਡੁਮੇਲੀ), ਭਾਈ ਬਖਸ਼ੀਸ਼ ਸਿੰਘ, ਭਾਈ ਹਰੀ ਸਿੰਘ, ਸੰਤ ਸੁਜਾਨ ਸਿੰਘ, ਭਾਈ ਬਹਾਦਰ ਸਿੰਘ, ਭਾਈ ਪੂਰਨ ਸਿੰਘ, ਭਾਈ ਪਿਆਰਾ ਸਿੰਘ, ਭਾਈ ਬਲਬੀਰ ਸਿੰਘ ਤੇ ਪ੍ਰੋਫ਼ੈਸਰ ਹਰਚੰਦ ਸਿੰਘ (ਲੁਧਿਆਣਾ) ਨੇ ਲੰਮਾ ਸਮਾਂ ਰਾਗਬੱਧ ਸ਼ੈਲੀ ਰਾਹੀਂ ਕੀਰਤਨ ਦੀ ਸੇਵਾ ਕੀਤੀ ਹੈ। ਸੰਤ ਸਰਵਣ ਸਿੰਘ, ਪ੍ਰੋ. ਕਰਤਾਰ ਸਿੰਘ ਲੁਧਿਆਣਾ, ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ (ਦਿੱਲੀ) ਨੇ ਕੀਰਤਨ ਬਾਰੇ ਵਡਮੁੱਲੀਆਂ ਪੁਸਤਕਾਂ ਲਿਖੀਆਂ ਹਨ। ਕੀਰਤਨ ਦੇ ਮਹਾਨ ਗਿਆਤਾ ਡਾ. ਗੁਰਨਾਮ ਸਿੰਘ (ਪਟਿਆਲਾ) ਨੇ ਬਹੁਮੁੱਲੇ ਖੋਜ ਕਾਰਜ ਕੀਤੇ ਹਨ। ਗੁਰੂ ਗ੍ਰੰਥ ਸਾਹਿਬ ਸੰਸਾਰ ਦਾ ਇੱਕੋ-ਇੱਕ ਗ੍ਰੰਥ ਹੈ, ਜਿਹੜਾ ਲਗਭਗ ਰਾਗ ਆਧਾਰਿਤ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਕੁੱਲ 31 ਰਾਗ ਹਨ। ਗਉੜੀ ਰਾਗ ਦੇ ਅੱਠ ਪ੍ਰਕਾਰ ਹਨ। ਮਾਝ ਰਾਗ ਸਿਰਫ਼ ਗੁਰੂ ਗ੍ਰੰਥ ਸਾਹਿਬ ਵਿੱਚ ਹੈ। ਇਸ ਦੀ ਈਜਾਦ ਗੁਰੂ ਸਾਹਿਬਾਨ ਨੇ ਕੀਤੀ। ਰਾਗ ਦੀ ਮਹੱਤਤਾ ਨੂੰ ਉਜਾਗਰ ਕਰਦਿਆਂ ਗੁਰਬਾਣੀ ਦਾ ਫਰਮਾਨ ਹੈ:


**ਰਾਗ ਰਤਨ ਪਰੀਆ ਪਰਵਾਰ ॥**

ਮੁਲਕ, ਖ਼ਾਸਕਰ ਪੰਜਾਬ ਵਿੱਚ ਕੀਰਤਨ ਦਰਬਾਰਾਂ ਦੀ ਪਰੰਪਰਾ 60ਵਿਆਂ ਦੇ ਦਹਾਕੇ ਵਿੱਚ ਸ਼ੁਰੂ ਹੋਈ। ਸ੍ਰੀ ਦਰਬਾਰ ਸਾਹਿਬ ਦੇ ਦੀਵਾਨ ਹਾਲ ਮੰਜੀ ਸਾਹਿਬ ਵਿੱਚ ਉੱਚ ਕੋਟੀ ਦਾ ਕੀਰਤਨ ਦਰਬਾਰ ਹੁੰਦਾ ਆ ਰਿਹਾ ਹੈ ਪਰ ਜਿੱਥੇ ਸੰਗੀਤ ਦੇ ਹੋਰ ਖੇਤਰਾਂ ਵਿੱਚ ਤਬਦੀਲੀਆਂ ਆਈਆਂ ਹਨ, ਉੱਥੇ ਗੁਰਬਾਣੀ ਕੀਰਤਨ ਦੇ ਖੇਤਰ ਵਿੱਚ ਵੀ ਵੀਡੀਓ ਐਲਬਮ ਸੱਭਿਆਚਾਰ ਤੇ ਕੁਝ ਹੋਰ ਕਾਰਨਾਂ ਕਰ ਕੇ ਮੋੜਾ ਆਇਆ ਹੈ। ਪ੍ਰਸਿੱਧ ਤਰਜ਼ਾਂ ਅਤੇ ਇੱਕੋ ਹੀ ਤਾਲ (ਕਹਿਰਵਾ) ਉੱਤੇ ਲਗਭਗ ਸਾਰਾ ਕੀਰਤਨ ਹੋਣ ਲੱਗ ਪਿਆ ਹੈ। ਮੋਬਾਈਲ ਮੂਹਰੇ ਰੱਖ ਕੇ ਉਸ ਤੋਂ ਸ਼ਬਦ ਪੜ੍ਹਨ ਦੀ ਪਿਰਤ ਚੱਲ ਪਈ ਹੈ। ਕਈ ਰਾਗੀ ਜਥੇ ਹਰ ਥਾਂ ਕੁਝ ਚੋਣਵੇਂ ਸ਼ਬਦ ਹੀ ਗਾਉਂਦੇ ਹਨ। ਗੁਰੂ ਗ੍ਰੰਥ ਸਾਹਿਬ ਸ਼ੁੱਧ ਰਾਗਾਂ, ਪੁਰਾਤਨ ਰੀਤਾਂ-ਬੰਦਿਸ਼ਾਂ, ਤਾਲਾਂ, ਛੰਤਾਂ, ਵਾਰਾਂ, ਅਲਾਹੁਣੀਆਂ ਭਾਵ ਹਰ ਸੰਗੀਤ ਵੰਨਗੀ ਦਾ ਬੇਜੋੜ ਖ਼ਜ਼ਾਨਾ ਹੈ। ਪੁਰਾਤਨ ਰਾਗੀ, ਫਰੋਦਸਤ, ਦੀਪਚੰਦੀ, ਆੜਾ ਚੌਤਾਲ, ਇੱਕ ਤਾਲ, ਝਪਤਾਲ, ਪੜਤਾਲ, ਧਰੁਪਦ, ਧਮਾਰ ਆਦਿ ਬਿਖੜੇ ਤਾਲਾਂ ਦੀ ਵਰਤੋਂ ਨਾਲ ਸਮਾਂ ਬੰਨ੍ਹ ਦਿੰਦੇ ਸਨ। ਕੀਰਤਨ ਦੇ ਚਾਰੇ ਅੰਗਾਂ, ਸ਼ਾਨ, ਵਿਲੰਬਤ ਵਿੱਚ ਮੰਗਲਾਚਰਨ, ਸਮੇਂ ਦੇ ਰਾਗ ਤੇ ਪੁਰਾਤਨ ਬੰਦਿਸ਼ਾਂ ਦੇ ਗਾਇਨ ਕਰ ਕੇ ਹੀ ਕੀਰਤਨ ਨੂੰ ਸ਼ਬਦ ਚੌਕੀ ਦਾ ਨਾਂ ਦਿੱਤਾ ਗਿਆ ਹੈ। ਹੁਣ ਜਿੱਥੇ ਸੰਗਤਾਂ ਵਿੱਚ ਰਾਗਬੱਧ ਕੀਰਤਨ ਪ੍ਰਤੀ ਉਦਾਸੀਨਤਾ ਹੈ, ਉੱਥੇ ਰਾਗੀਆਂ ਨੇ ਵੀ ਮਿਹਨਤ ਕਰਨੀ ਛੱਡ ਦਿੱਤੀ ਹੈ। ਗੁਣੀਜਨ ਪੱਛੜ ਗਏ ਹਨ। ਕੀਰਤਨ ਵਿਰਸੇ ਨੂੰ ਸੰਭਾਲਣ ਹਿੱਤ ਪਿੰਡ ਢਿਲਵਾਂ ਦੀ ਸੰਗਤ ਨੇ 1976 ਤੋਂ 1981 ਤੀਕ ਤੰਤੀ ਸਾਜ਼ਾਂ ਉੱਤੇ ਆਧਾਰਿਤ 6 ਕਲਾਸੀਕਲ ਤੇ ਨੀਮ ਕਲਾਸੀਕਲ ਅਲੌਕਿਕ ਕੀਰਤਨ ਦਰਬਾਰ ਕਰਵਾ ਕੇ ਪੁਰਾਤਨ ਸ਼ੈਲੀ ਨੂੰ ਸੁਰਜੀਤ ਕਰਨ ਦਾ ਉਪਰਾਲਾ ਕੀਤਾ ਸੀ। ਉਸ ਪਿੱਛੋਂ 1991 ਵਿੱਚ ਸੰਤ ਸੁੱਚਾ ਸਿੰਘ (ਜਵੱਦੀ ਕਲਾਂ) ਨੇ ਲੁਧਿਆਣਾ ਵਿੱਚ ਅਦੁੱਤੀ ਗੁਰਮਤਿ ਸੰਗੀਤ ਸੰਮੇਲਨਾਂ ਦੀ ਸ਼ੁਰੂਆਤ ਕੀਤੀ, ਜਿਸ ਨੂੰ ਹੁਣ ਸੰਤ ਅਮੀਰ ਸਿੰਘ ਜਾਰੀ ਰੱਖ ਰਹੇ ਹਨ। ਨਾਮਧਾਰੀ ਪੰਥ ਨੇ ਕੀਰਤਨ ਦੇ ਇਸ ਪੁਰਾਤਨ ਵਿਰਸੇ ਨੂੰ ਸਾਂਭਿਆ ਹੋਇਆ ਹੈ। ਸ੍ਰੀ ਅਨੰਦਪੁਰ ਸਾਹਿਬ ਵਿੱਚ ਪ੍ਰੋ. ਕਰਤਾਰ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਡਾ. ਗੁਰਨਾਮ ਸਿੰਘ ਅਤੇ ਦੌਧਰ ਟਕਸਾਲ ਦੇ ਉੱਦਮ ਵੀ ਪ੍ਰਸ਼ੰਸਾਯੋਗ ਹਨ। ਡਾ. ਗੁਰਨਾਮ ਸਿੰਘ ਨੇ 31 ਰਾਗਾਂ ਨੂੰ ਸ਼ੁੱਧ ਰੂਪ ਵਿੱਚ ਗਾਇਨ ਕਰ ਕੇ, ਕੈਸੇਟਾਂ ਦੇ ਸੈੱਟ ਰਾਹੀਂ ਰਿਕਾਰਡ ਕਰਵਾ ਕੇ ਸੇਵਾ ਕੀਤੀ ਹੈ। ਅਜੋਕੇ ਦੌਰ ਵਿੱਚ ਵੀ ਭਾਈ ਨਿਰਮਲ ਸਿੰਘ ਖ਼ਾਲਸਾ, ਭਾਈ ਰਣਧੀਰ ਸਿੰਘ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ), ਹਜ਼ੂਰੀ ਰਾਗੀ ਭਾਈ ਸਰਬਜੀਤ ਸਿੰਘ, ਭਾਈ ਨਰਿੰਦਰ ਸਿੰਘ (ਬਨਾਰਸ), ਡਾ ਗੁਰਨਾਮ ਸਿੰਘ, ਪ੍ਰੋ. ਕਰਤਾਰ ਸਿੰਘ, ਡਾ. ਗੁਰਿੰਦਰ ਸਿੰਘ ਬਟਾਲਾ, ਸ਼੍ਰੋਮਣੀ ਰਾਗੀ ਭਾਈ ਜਸਵੰਤ ਸਿੰਘ, ਭਾਈ ਮਨਜੀਤ ਸਿੰਘ ਸਾਬਕਾ ਹਜ਼ੂਰੀ ਰਾਗੀ ਅਤੇ ਭਾਈ ਗੁਰਮੀਤ ਸਿੰਘ ਸ਼ਾਂਤ ਆਦਿ ਚੋਣਵੇਂ ਜਥਿਆਂ ਨੇ, ਸਾਬਤ ਕਦਮੀ ਨਾਲ ਪਰੰਪਰਾ 'ਤੇ ਪਹਿਰਾ ਦਿੱਤਾ ਹੈ। ਭਾਈ ਦਿਲਬਾਗ ਸਿੰਘ, ਗੁਲਬਾਗ਼ ਸਿੰਘ ਦੇ ਜਥੇ ਵੱਲੋਂ ਸ਼ੁੱਧ ਰਾਗਾਂ ਵਿੱਚ ਕੀਤੇ ਕੀਰਤਨ ਨੂੰ ਸੰਗਤ ਭੁੱਲ ਨਹੀਂ ਸਕਦੀ। ਪੁਰਾਤਨ ਕੀਰਤਨ ਸ਼ੈਲੀ ਨੂੰ ਅਲੋਪ ਹੋਣ ਤੋਂ ਬਚਾਉਣਾ ਸਮੇਂ ਦੀ ਮੁੱਖ ਲੋੜ ਹੈ, ਜਿਸ ਲਈ ਸਭ ਨੂੰ ਉਪਰਾਲੇ ਕਰਨੇ ਚਾਹੀਦੇ ਹਨ।

❋❋❋

- ਤੀਰਥ ਸਿੰਘ ਢਿੱਲੋਂ
ਮੈਂਬਰ ਕੀਰਤਨ ਸਬ-ਕਮੇਟੀ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਮੋਬਾਈਲ : 9815461710

# ਜ਼ਫ਼ਰਨਾਮਾਹ



ਕਿਸੇ ਵੀ ਸੰਘਰਸ਼ ਵਿਚ ਵਿਚਾਰ ਅਤੇ ਹੱਥਿਆਰ ਇਕ ਦੂਜੇ ਦੇ ਪੂਰਕ ਹੁੰਦੇ ਹਨ। ਦੇਖਣ ਵਿਚ ਆਇਆ ਕਿ ਅਕਸਰ,ਵਿਚਾਰਾਂ ਦੇ ਟਕਰਾਅ ਕਾਰਨ ਹੀ ਸੰਘਰਸ਼ ਦਾ ਜਨਮ ਹੁੰਦਾ ਹੈ। ਫ਼ਰਕ ਇਤਨਾ ਹੈ ਕਿ ਵਿਚਾਰ ਆਹਿਸਤਾ -ਅਹਿਸਤਾ ਅਸਰ ਦਿਖਾਉਂਦੇ ਹਨ ਜਦਕਿ ਹੱਥਿਆਰ ਤੇਜ਼ ਗਤੀ ਨਾਲ ਪਰਹਾਰ ਕਰਨ ਦਾ ਸਮਰੱਥ ਹੈ।

ਪਹਾੜੀ ਰਾਜਿਆਂ ਅਤੇ ਮੁਗਲ ਕਮਾਂਡਰਾਂ ਦੁਆਰਾ ਕਸਮਾਂ ਖਾ ਕੇ ਸਿੰਘਾਂ ਦੀ ਸਲਾਮਤੀ ਦਾ ਵਿਸ਼ਵਾਸ ਦੁਆਣ ਤੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਆਨੰਦਪੁਰ ਸਾਹਿਬ ਦਾ ਤਿਆਗ ਕਰਨ ਮਗਰੋਂ ਚਮਕੌਰ ਦੇ ਰਣ-ਖੇਤਰ ਵਿਚ ਦੋਵੇਂ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ, ਤਿੰਨ ਪਿਆਰੇ ਅਤੇ ਪੈਂਤੀ ਸਿੰਘਾਂ ਦੁਆਰਾ ਵੀਰਤਾ ਦੇ ਕਮਾਲ ਦਿਖਾ ਕੇ ਸ਼ਹਾਦਤਾਂ ਦੇ ਬਾਟੇ ਛੱਕਣ ਵਰਗੇ ਸਾਕੇ ਦੇ ਚਸ਼ਮਦੀਦ ਗੁਰੂ ਨੇ ਗੜ੍ਹੀ ਵਿਚ ਮੌਜੂਦ ਖਾਲਸਾ ਪੰਥ ਦੇ ਪ੍ਰਤੀਨਿਧ ਸਿੰਘਾਂ ਦੇ ਹੁਕਮ ਦੀ ਪਾਲਣਾ ਵਿਚ ਗੜ੍ਹੀ ਦਾ ਨੰਗੇ-ਪੈਰੀਂ ਤਿਆਗ ਕਰਨ ਵਰਗੀਆਂ ਮਹਾਨ ਕਠਿਨ ਅਜ਼ਮਾਇਸ਼ਾਂ ਚੋਂ ਗੁਜ਼ਰ ਕੇ ਪਿੰਡ ਦਿਆਲਪੁਰੇ ਦੀ ਕਾਂਗੜ ਪੱਤੀ ਵਿਖੇ ਸੰਮਤ 1763ਬਿ :1706ਈ) ਵਿੱਚ ਰਾਯਜੋਧ ਦੇ ਪੁੱਤਰਾਂ (ਤਿੰਨ ਭਰਾਵਾਂ ਸ਼ਮੀਰਾ, ਲਖ਼ਮੀਰਾ ਅਤੇ ਤਖਤ ਮੱਲ) ਦੇ ਘਰ ਨਿਵਾਸ ਕਰਨ ਵੇਲੇ, ਫ਼ਾਰਸੀ ਜ਼ੁਬਾਨ ਵਿਚ ਲਿਖੀ ਚਿੱਠੀ ਸਿੱਖ ਇਤਿਹਾਸ ਵਿਚ ਜ਼ਫ਼ਰਨਾਮਾ ਨਾਮ ਨਾਲ ਜਾਣੀ ਜਾਂਦੀ ਹੈ।

ਜ਼ਫ਼ਰਨਾਮਾ (ਭਾਵ ਈਨ ਨਾ ਮੰਨਣੀ ਅਤੇ ਆਪਣੇ ਅਕੀਤੇ ਤੇ ਦ੍ਰਿੜ ਰਹਿਣਾ- ਅਰਥਾਤ ਜਿੱਤ ਦੀ ਚਿੱਠੀ) ਇਹ ਫ਼ਾਰਸੀ ਜ਼ੁਬਾਨ ਵਿਚ 115 ਸ਼ੇਅਰਾਂ ਵਿਚ ਲਿੱਖੀ ਕਵਿਤਾ ਰੂਪੀ ਚਿੱਠੀ ਹੈ, ਜਿਸ ਦਾ ਆਰੰਭ ਬੇਖ਼ੌਫ਼ ਗੁਰੂ ਗੋਬਿੰਦ ਸਿੰਘ ਜੀ ਨੇ ਫ਼ਾਰਸੀ ਜ਼ੁਬਾਨ ਵਿਚ ਅਕਾਲਪੁਰੱਖ ਦੀ ਸਿਫਤ ਸਲਾਹ (ਮੰਗਲਾਚਰਨ)

**ੴ ਵਾਹਿਗੁਰੂ ਜੀ ਕੀ ਫ਼ਤਹ**
**ਕਮਾਲੇ ਕਰਾਮਾਤ ਕਾਯਿਮ ਕਰੀਮ**
**ਰਜ਼ਾ ਬਖ਼ਸ਼ੋ ਰਾਜ਼ਿਕ ਰਿਹਾਕੋ ਰਹੀਮ॥**
**ਅਮਾਂ ਬਖ਼ਸ਼ੋ ਬਖ਼ਸ਼ਿੰਦਾ ਓ ਦਸਤਗੀਰ**
**ਰਜ਼ਾ ਬਖ਼ਸ਼ ਰੋਜ਼ੀ ਦਿਹੋ ਦਿਲ ਪਜ਼ੀਰ॥**

ਸ਼ੇਅਰ ਨਾਲ ਕੀਤਾ ਹੈ। ਜਿਸ ਦਾ ਭਾਵ ਹੈ ਕਿ ਐ ਕਾਮਲ, ਕਾਇਮ-ਦਾਇਮ ਅਤੇ ਕਰਾਮਾਤਾਂ ਦੇ ਖ਼ਜ਼ਾਨੇ ਪਰਵਾਦਿਗਾਰ। ਐ ਅਮਨ-ਪਿਆਰ ਅਤੇ ਦਿਆ ਦੇ ਪੁੰਜ ਤੂੰ ਹੀ ਮੁਸ਼ਕਿਲ ਵਿਚ ਹਰ ਇੱਕ ਦੀ ਬਾਂਹ ਫੜਨ ਦਾ ਸਮਰੱਥ ਹੈਂ। ਤੂੰ ਹੀ ਹੈਂ ਜੋ ਆਪਣੇ ਬੰਦਿਆਂ ਨੂੰ ਰੋਜ਼ੀ ਦੇਣ ਵੇਲੇ ਵੀ ਰੱਤਾ ਵਿਤਕਰਾ ਨਹੀਂ ਕਰਦਾ। ਇਸ ਚਿੱਠੀ ਦੇ ਹਰ ਸ਼ੇਅਰ ਚੋਂ ਗੁਰੂ ਗੋਬਿੰਦ ਸਿੰਘ ਦੀ ਚੜ੍ਹਦੀਕਲਾ, ਨਿਡਰਤਾ, ਸ੍ਵੈ-ਵਿਸ਼ਵਾਸ, ਆਦਰਸ਼ ਅਤੇ ਮਨੋ-ਅਵਸਥਾ ਦਾ ਸਹਿਜੇ ਹੀ ਗਿਆਨ ਹੋ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਚਿੱਠੀ ਵਿਚ ਮਨੁੱਖਤਾ ਤੋਂ ਪਤਿਤ ਹੋ ਚੁੱਕੇ ਮੁਗਲ ਕਮਾਂਡਰਾਂ ਅਤੇ ਪਹਾੜੀ ਰਾਜਿਆਂ ਦੁਆਰਾ ਕਸਮਾਂ ਖਾ ਕੇ ਕੀਤੇ ਵਿਸ਼ਵਾਸਘਾਤ ਨੂੰ ਪੂਰੀ ਨਿਡਰਤਾ ਨਾਲ ਨੰਗਿਆਂ ਕੀਤਾ।

ਗੁਰੂ ਸਾਹਿਬ ਨੇ ਇਹ ਚਿੱਠੀ, ਲਿਖ ਕੇ ਆਪਣੇ ਭਰੋਸੇ ਦੇ ਦੋ ਸਿੰਘਾਂ, ਭਾਈ ਦਇਆ ਸਿੰਘ ਜੀ ਅਤੇ ਭਾਈ ਧਰਮ ਸਿੰਘ ਜੀ ਦੇ ਹੱਥੀਂ ਔਰੰਗਜ਼ੇਬ ਨੂੰ ਭੇਜੀ ਸੀ। ਜਿਸ ਸਥਾਨ ਤੇ ਇਹ ਚਿੱਠੀ ਲਿਖੀ ਗਈ, ਉਸ ਸਥਾਨ ਤੇ ਹੁਣ ਗੁਰਦਵਾਰਾ ਜ਼ਫ਼ਰਨਾਮਾ ਸਾਹਿਬ ਸੁਭਾਇਮਾਨ ਹੈ। ਭਾਈ ਦਇਆ ਸਿੰਘ ਜੀ ਅਤੇ ਭਾਈ ਧਰਮ ਸਿੰਘ ਜੀ, ਔਰੰਗਜ਼ੇਬ ਨੂੰ ਜ਼ਫ਼ਰਨਾਮਾ ਦੇਣ ਜਾਣ ਲਗਿਆਂ, ਅਹਿਮਦਾਬਾਦ ਨਿਵਾਸੀ ਸਿੱਖ ਵਪਾਰੀ ਭਾਈ ਜੇਠਾ ਸਿੰਘ ਦੇ ਘਰ ਠਹਿਰੇ ਸਨ। (ਮਹਾਨ ਕੋਸ਼ ਪੰਨਾ 398, ਐਡੀਸ਼ਨ 2004 ਈ)

ਚਿੱਠੀ ਵਿਚ ਚਮਕੌਰ ਯੁੱਧ ਵਲ ਇਸ਼ਾਰਾ ਕਰਦਿਆਂ, ਗੁਰੂ ਜੀ ਨੇ ਔਰੰਗਜ਼ੇਬ ਨੂੰ ਲਿਖਿਆ :

**ਗੁਰਿਸਨੇਹ ਚਿ-ਕਾਰੇ ਕੁਨਦ ਚਿਹਲ ਨਰ॥**
**ਕਿ ਦਹ ਲਖ ਬਰਆਯਦ ਬਰੋ ਬੇਖਬਰ॥੧੯॥**

ਭਾਵ : ਭੁੱਖੇ-ਭਾਣੇ 40 ਆਦਮੀ, ਉਸ ਸਮੇਂ ਕੀ ਕਰ ਸਕਦੇ ਸਨ, ਜਦੋਂ ਬੇਖ਼ਬਰੀ ਦੀ ਹਾਲਤ ਵਿਚ 10 ਲੱਖ ਫ਼ੌਜੀ ਉਨ੍ਹਾਂ ਤੇ ਆ ਚੜ੍ਹੇ।

ਜ਼ਫ਼ਰਨਾਮਾ ਵਿੱਚ ਜਿਨ੍ਹਾਂ ਘਟਨਾਵਾਂ ਦਾ ਜ਼ਿਕਰ ਕੀਤਾ ਗਿਆ ਹੈ, ਉਹ ਸਾਰੀਆਂ ਇਤਿਹਾਸਕ ਮਾਨਤਾ ਪ੍ਰਾਪਤ ਘਟਨਾਵਾਂ ਹਨ। ਗੁਰਮਤਿ ਪ੍ਰਕਾਸ਼ ਦਸੰਬਰ 2008 ਈਸਵੀ ਵਿਚ ਛਪੇ ਇੱਕ ਲੇਖ ਰਾਹੀਂ, ਜਨਾਬ ਬਸ਼ੀਰ ਮੁਹੰਮਦ 'ਜ਼ਫ਼ਰਨਾਮਾ' ਬਾਰੇ ਲਿਖਦੇ ਹਨ ਕਿ ਭਾਈ ਦਇਆ ਸਿੰਘ ਜੀ ਅਤੇ ਭਾਈ ਧਰਮ ਸਿੰਘ ਜੀ ਦੋ ਵਾਰ ਔਰੰਗਜ਼ੇਬ ਨੂੰ ਚਿੱਠੀ ਦੇਣ ਲਈ ਗਏ। ਦੋਵੇਂ ਵਾਰ ਉਨ੍ਹਾਂ ਦੀ ਮੁਲਾਕਾਤ ਨਹੀਂ ਹੋ ਸਕੀ। ਦੂਜੀ ਵਾਰ ਉਹ ਚਿੱਠੀ ਔਰੰਗਜ਼ੇਬ ਦੀ ਧੀ ਜ਼ੇਬਉਲਨਿਸਾ ਨੂੰ ਦੇ ਆਏ। ਔਰੰਗਜ਼ੈਬ ਦੀ ਵਾਪਸੀ ਤੇ ਉਸ ਦੀ ਲੜਕੀ ਜ਼ੈਬਉਲਨਿਸਾ ਨੇ ਚਿੱਠੀ ਬਾਰੇ ਔਰੰਗਜ਼ੇਬ ਨੂੰ ਦਸਿਆ ਅਤੇ ਪੜ੍ਹ ਕੇ ਸੁਣਾਈ। ਲੇਖ ਜ਼ਫ਼ਰਨਾਮਾ- ਇਕ ਕ੍ਰਿਸ਼ਮਾ- ਗੁਰਮਿਤ ਪ੍ਰਕਾਸ਼, ਦਸੰਬਰ 2008)

ਅੰਗ੍ਰੇਜ਼ ਇਤਿਹਾਸਕਾਰ ਵਿਲਿਅਮ ਇਰਵਾਇਨ ਅਨੁਸਾਰ,"Of Alamgir's daughters, the eldest was Zeb-ul-nissa Begum, born on the 10th Shawwal 1047 (26th Feb, 1637) She died in Dihli, a State prisioner, in 1702 unmarried." page 2 of the book 'Later Moghuls' by Williams Irvine, first printed in 1904." ਅਰਥਾਤ, ਔਰੰਗਜ਼ੇਬ ਦੀ ਧੀ ਜ਼ੇਬੁਲਨਿਸਾ ਦੀ, ਦਿੱਲੀ ਬੰਦੀਖਾਨੇ ਵਿਚ, ਰਾਜਸੀ ਕੈਦੀ ਦੀ ਹੈਸੀਅਤ ਵਿਚ ਸੰਨ 1702ਈ ਵਿਚ ਮੌਤ ਹੋਈ ਸੀ। ਉਪ੍ਰੋਕਤ ਟਿਪਣੀ ਅਨੁਸਾਰ, ਜ਼ੁਬੁਲਨਿਸਾ ਦੀ ਸੰਨ 1702 ਈ ਵਿਚ ਮੌਤ ਹੋ ਚੁੱਕੀ ਸੀ, ਇਸ ਲਈ ਇਹ ਚਿੱਠੀ ਜ਼ੇਬੁਲਨਿਸਾ ਦੀ ਥਾਂ ਕਿਸੇ ਹੋਰ ਨੂੰ ਚੌਂਪੀ ਗਈ ਲਗਦੀ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ ਇਿਸ ਚਿੱਠੀ ਰਾਹੀਂ ਇਹ ਵੀ ਕਿਹਾ ਕਿ ਜੇ ਕਿਸੇ ਸੂਰਤ, ਮੈਂ (ਗੁਰੂ ਜੀ) ਪਰਦੇ ਦੇ ਅੰਦਰ, ਕਿਸੇ ਨੂੰ ਪਤਾ ਲਗੇ ਬਿਨਾ ਜਾਂ ਚੋਰੀ ਛੁਪੇ ਵੀ ਕੁਰਾਨ ਦੀ ਸੌਂਹ ਖਾ ਲੈਂਦਾ, ਤਾਂ ਮੈਂ ਉਸ ਸੌਂਹ ਦੀ ਹਰ ਹੀਲੇ ਪਾਲਣਾ ਕਰਦਾ ਸੌਂਹ ਨੂੰ ਕਿਸੇ ਸੂਰਤ ਵੀ ਨਾ ਤੋੜਦਾ।

**ਕਸਮ ਮਸਹਫੇ ਖ਼ੁਫ਼ੀਯਹ ਗਰ ਈਂ ਖ਼ੁਰਮ॥**
**ਨ ਫ਼ੌਜੌਂ ਅਜ਼ੀਂ ਜ਼ੇਰ ਸੁਮ ਅਫਕੁਨਮ॥੦੭॥**

ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਦੇ ਚਰਿਤ੍ਰ ਨੂੰ ਧਰਮ ਦੇ ਨਾਮ ਤੇ ਜ਼ੁਲਮ ਕਰਨ ਕਾਰਨ, ਨੰਗਾ ਕਰਦਿਆਂ ਲਾਹਨਤਾਂ ਅਤੇ ਮਲਾਮਤਾਂ ਪਾਉਂਦਿਆਂ ਅੰਰੌਗਜ਼ੇਬ ਨੂੰ ਖੁਦਾ ਦੀ ਸ਼ਾਨ ਦਾ ਅਹਿਸਾਸ ਦਿਵਾਉਣ ਲਈ ਲਿਖਿਆ ਸੀ ਕਿ ਤੂੰ ਪਵਿੱਤਰ ਕੁਰਾਨ ਦੀ ਸੌਂਹ ਖਾ ਕੇ ਮੁਕਰ ਗਿਆ ਹੈਂ, ਜਿਸ ਧੋਖਾਧੜੀ ਲਈ, ਰੱਬ ਦੇ ਦਰਬਾਰ ਵਿਚ ਤੈਨੂੰ ਆਪਣੇ ਕੀਤੇ ਦੀ ਸਜ਼ਾ ਜ਼ਰੂਰ ਮਿਲੇਗੀ।

ਜ਼ਫ਼ਰਨਾਮਾ ਵਿਚ ਨਿਡਰ ਅਤੇ ਬਹਾਦੁਰ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਦੀ ਧਰਮ ਦੇ ਨਾਮ ਤੇ ਝੂਠੀ ਇਮਾਨਦਾਰੀ ਨੂੰ ਵੀ ਨਕਾਰਦਿਆਂ ਲਿਖਿਆ ਕਿ ਜੇਕਰ ਨੀਅਤ ਹੋਵੇ ਤਾਂ, ਗੱਲਬਾਤ ਅਤੇ ਆਪਸੀ ਪਿਆਰ ਝਗੜਿਆਂ ਨੂੰ ਸੁਝਾਉਣ ਲਈ ਕਾਫ਼ੀ ਹੈ, ਹਥਿਆਰ ਚੁਕਣ ਦੀ ਲੋੜ ਨਹੀਂ ਪੈਣੀ ਚਾਹੀਦੀ।

**ਚੂਕਾਰ ਅਜ਼ ਹਮਹ ਹੀਲਤੇ ਦਰਗੁਜ਼ਸਤ।**
**ਹਲਾਲ ਅਸਤੁ ਬੁਰਦਨ ਬ ਸ਼ਮਸ਼ੀਰ ਦਸਤ॥੨੨॥**

ਗੁਰੂ ਸਾਹਿਬ ਨੇ ਫਰਮਾਇਆ ਕਿ ਜਦੋਂ ਇਨਸਾਫ਼ ਪਾਣ ਲਈ ਸਾਰੇ ਹੀਲੇ ਮੁੱਕ ਜਾਣ, ਉਸ ਸਮੇਂ ਤਲਵਾਰ ਚੁਕਣੀ ਜਾਇਜ਼ ਹੁੰਦੀ ਹੈ। ਮੈਨੂੰ ਵੀ ਹੱਥਿਆਰ ਤਾਂ ਹੀ ਚੁਕਣੇ ਪਏ, ਜਦੋਂ ਤੇਰੇ ਫੌਜੀ ਅਤੇ ਆਹੁਦੇਦਾਰ ਬੰਦੂਕਾਂ ਅਤੇ ਤਲਵਾਰਾਂ ਲੈ ਕੇ ਸਿਰ ਤੇ ਆ ਚੜ੍ਹੇ।

**ਬਾਯਦ ਕਿ ਯਜ਼ਦਾਂ ਸਨਾਨੀ ਕੁਨੀ॥**
**ਨ ਗੁਫ਼ਤਹ ਕਸੇ ਕਸ ਖ਼ਰਾਸ਼ੀ ਕੁਨੀ॥੫੪॥**

ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ ਆਪਣੇ ਅੰਦਰ ਝਾਤੀ ਮਾਰਨ ਦੀ ਪ੍ਰੇਰਨਾ ਦਿੱਤੀ। ਗੁਰੂ ਸਾਹਿਬ ਨੇ ਉਸ ਨੂੰ ਦਸਿਆ ਕਿ ਜਿਸ ਕਿਸੇ ਦੇ ਮਨ ਵਿਚ ਧ੍ਰੋਹ ਹੋਏ, ਉਹ ਬਾਹਰੋਂ ਜਿੰਨੀ ਮਰਜ਼ੀ ਮਾਲਾ ਫੇਰਦਿਆਂ, ਰੱਬ ਦਾ ਭਗਤ ਹੋਣ ਦਾ ਪ੍ਰਗਟਾਵਾ ਜਾਂ ਸ੍ਵਾਂਗ ਕਰੇ, ਉਹ ਕਦੇ ਵੀ ਰੱਬ ਦੇ ਨੇੜੇ ਨਹੀਂ ਹੋ ਸਕਦਾ। ਧਾਰਮਿਕ ਵਿਚਾਰਾਂ ਵਾਲਾ ਆਦਮੀ ਤਾ ਨਿਮਾਣਿਆਂ ਅਤੇ ਨਿਤਾਣਿਆਂ ਪ੍ਰਤੀ ਦਇਆ ਭਾਵ ਰਖਦਾ ਹੈ। ਇੱਕ ਰਾਜੇ ਦਾ ਧਰਮ ਹਰ ਧਰਮ ਦੇ ਮੰਨਣ ਵਾਲੀ ਪਰਜਾ ਪ੍ਰਤੀ ਸਮਾਨ ਰੂਪ ਵਿਚ ਦੇਖ-ਰੇਖ ਕਰਨਾ ਹੁੰਦਾ ਹੈ ਨਾ ਕਿ ਉਨ੍ਹਾਂ ਉੱਤੇ ਜ਼ੁਲਮ, ਅਨਿਆਂ ਅਤੇ ਜਬਰ ਕਰਨਾ। ਤੈਨੂੰ ਚਾਹੀਦਾ ਹੈ ਤੂੰ ਸੱਚੇ ਰੱਬ ਨੂੰ ਖ਼ੁੱਦ ਪਛਾਣੇਂ, ਨਾ ਕਿ ਕਿਸੇ ਹੋਰ ਦੀ ਚੁਕ ਵਿਚ ਆ ਕੇ ਜ਼ੁਲਮ ਦੀ ਰਾਹ ਤੇ ਚਲੇਂ। ਗੁਰੂ ਜੀ ਨੇ ਔਰੰਗਜ਼ੇਬ ਨੂੰ ਇਹ ਵੀ ਕਿਹਾ ਕਿ ਮੇਰਾ( ਗੁਰੂ ਗੋਬਿੰਦ ਸਿੰਘ ਜੀ ਦਾ) ਇਸ ਜਗ ਵਿਚ ਜਨਮ ਲੈਣ ਦਾ ਮਨੋਰਥ ਪੂਰਾ ਹੋ ਚੁੱਕਾ ਹੈ, ਇਸ ਲਈ ਉਨ੍ਹਾਂ ਨੂੰ ਹੁਣ ਕਿਸੇ ਗੱਲ ਦੀ ਫ਼ਿਕਰ ਜਾਂ ਡਰ ਨਹੀਂ।

❊❊❊

- ਰਜਿੰਦਰ ਸਿੰਘ ਜੌਲੀ
ਫ਼ੋਨ : 703-327-1528

# ਕਲਜੁਗ ਅੰਦਰ ਮਨੁੱਖ ਦਾ ਸਰੂਪ

ਗੁਰਬਾਣੀ ਵਿੱਚ ਸਤਿਜੁਗ, ਤ੍ਰੇਤਾ, ਦੁਆਪਰ ਅਤੇ, ਕਲਜੁਗ ਦਾ ਵਰਣਨ ਮਿਲਦਾ ਹੈ। ਪਹਿਲੇ ਤਿੰਨ ਜੁਗਾਂ ਦਾ ਘਟ ਹੀ ਉਲੇਖ ਹੋਇਆ ਹੈ। ਇੱਥੇ ਕਲਜੁਗ ਦਾ ਜ਼ਿਕਰ ਬਰਾਬਰ ਆਇਆ ਹੈ, ਸ਼ਾਇਦ ਇਸਦਾ ਇਹੀ ਕਾਰਨ ਹੋਵੇ ਕਿ ਅਸੀ ਸਾਰੇ ਕਲਜੁਗ ਨਾਲ ਸੰਬਧਿਤ ਹਾਂ। ਪਹਿਲੇ ਤਿੰਨ ਜੁਗਾਂ ਦਾ ਕਿਤੇ ਕਿਤੇ ਤੁਲਨਾਤਮਿਕ ਵਰਣਨ ਵੀ ਮਿਲਦਾ ਹੈ। ਕਈ ਥਾਂਈ ਤਾਂ ਕਲਜੁਗ ਦੀ ਜਿਥੇ ਗਿਰੀ ਹੋਈ ਦਸ਼ਾ ਦਾ ਵਰਣਨ ਹੈ, ਉਥੇ ਮਨੁੱਖ ਨੂੰ ਨਾਲ ਹੀ ਸੁਚੇਤ ਕੀਤਾ ਹੈ ਕਿ ਇਸ ਜੁਗ ਦੀ ਭੈੜੀ ਸਥਿਤੀ ਤੋਂ ਬਚਣ ਦੇ ਉਪਾਅ ਕਰੇ।

ਸਤਿਜੁਗ ਅੰਦਰ ਲੋਕ ਸਤਿਵਾਦੀ ਸਨ। ਸਤਿ-ਸੰਤੋਖੀ ਬਣਨਾ ਉਨਾਂ ਦਾ ਜੀਵਨ ਮਨੋਰਥ ਸੀ। ਤ੍ਰੇਤੇ ਅੰਦਰ ਜਤ-ਸਤ ਧਾਰਨ ਕਰਨਾ ਤੇ ਸੂਰਬੀਰ ਬਣਨਾ ਹੀ ਜੀਵਨ ਮਨੋਰਥ ਸੀ। ਦੁਆਪਰ ਵਿੱਚ ਤਪ ਅਤੇ ਕਈ ਪ੍ਰਕਾਰੀ ਕਰਮ-ਕਾਂਡ ਕਰਨੇ ਹੀ ਜੀਵਨ ਦਾ ਆਦਰਸ਼ ਰਹਿ ਗਿਆ ਸੀ। ਇਹ ਸਾਰੇ ਆਦਰਸ਼ ਵਿਅਕਤੀਗਤ ਪੱਧਰ ਤੇ ਮਨੁੱਖ ਦੇ ਬਾਹਰਲੇ ਆਪੇ ਨਾਲ ਹੀ ਸੰਬੰਧਿਤ ਸਨ। ਕਲਜੁਗ ਵਿਚ ਹਰ ਪਾਸੇ ਤ੍ਰਿਸ਼ਨਾ, ਮੋਹ, ਕਾਮ, ਕ੍ਰੋਧ, ਅਹੰਕਾਰ ਦੀ ਅਗਨੀ ਦਾ ਧੁੰਦੂਕਾਰ ਹੈ (ਕੂੜ ਪ੍ਰਧਾਨ ਹੈ। ਇਸ ਧੁੰਦੂਕਾਰ ਤੇ ਕੂੜ ਦੀ ਸਥਿਤੀ ਅੰਦਰ 'ਸਚਿਆਰਾ' ਬਣਨਾ ਜੀਵਨ ਦਾ ਮਨੋਰਥ ਹੈ। ਸਚਿਆਰ ਪਦ ਲਈ ਕਈ ਹੋਰ ਸਮਾਨ ਅਰਥੀ ਸ਼ਬਦ ਗੁਰਬਾਣੀ ਵਿਚ ਮਿਲਦੇ ਨੇ ਜਿਨਾਂ ਬਾਰੇ ਇਥੇ ਚਰਚਾ ਬੇਲੋੜੀ ਹੋਵੇਗੀ।

ਇਹ ਜੁਗ ਕਦੋਂ ਅਰੰਭ ਹੋਏ ਤੇ ਕਦੋਂ ਖਤਮ ਹੋਏ ਅਤੇ ਕਦੋਂ ਖਤਮ ਹੋਣਗੇ ਗੁਰਬਾਣੀ ਇਸ ਝੂਠੇ ਵਾਦ-ਵਿਵਾਦ ਵਿਚ ਯਕੀਨ ਨਹੀਂ ਰੱਖਦੀ। ਗੁਰਬਾਣੀ ਵਿਚ ਇਤਨਾ ਜਰੂਰ ਆਇਆ ਹੈ ਕਿ ਪਹਿਲੇ ਤਿੰਨ ਜੁਗਾਂ ਦੇ ਕਰਮ-ਧਰਮ ਦਸਕੇ ਵਰਤਮਾਨ ਕਲਜੁਗ ਵਿਚ ਇਨ੍ਹਾਂ ਕਰਮਕਾਂਡਾਂ ਨਕਾਰਆਤਮਕ ਪੱਖ ਦਾ ਪ੍ਰਗਟਾਵਾ ਕੀਤਾ ਹੈ ਅਤੇ ਨਾਲ ਹੀ ਕਲਜੁਗ ਅੰਦਰ ਕਰੇ ਜਾਣ ਵਾਲੇ ਉਤਮ ਕਰਮਾਂ ਦੀ ਪ੍ਰਧਾਨਤਾ ਦਰਸਾਈ ਹੈ। ਕਲਜੁਗ ਦਾ ਕਰਮ ਅਤੇ ਇਸਦੀ ਜੀਵਨ ਅੰਦਰ ਮਹੱਤਤਾ ਦਰਸਾਉਣ ਤੋਂ ਪਹਿਲਾਂ ਇਸ ਦੇ ਭਿਆਨਕ ਸਰੂਪ ਦਾ ਵਰਣਨ ਕਰਨਾ ਜ਼ਰੂਰੀ ਹੈ।

ਸਾਰੇ ਜੁਗ ਅਕਾਲ ਪੁਰਖ ਦੇ ਥਾਪੇ ਹੋਏ ਹਨ। ਜੁਗ ਤੋਂ ਭਾਵ ਸਮਾਂ ਹੈ ਇਨਾਂ ਦੀ ਵੰਡ ਮਨੁੱਖ ਦੇ ਆਪਣੇ ਕਰਮਾਂ ਅਨੁਸਾਰ ਕੀਤੀ ਗਈ ਹੈ। ਇਨਾਂ ਜੁਗਾਂ ਦੀ ਸਥਾਪਨਾ ਉਪਰੰਤ ਵੀ ਪ੍ਰਭੂ ਨਿਰਗੁਣ, ਨਿਰਵੈਰ ਤੇ ਇੱਕ ਰਸ ਰਹਿੰਦਾ ਹੈ। ਇਹ ਉਸ ਦੀ ਕਰਤਾਰੀ ਰੁਚੀ ਹੈ। ਉਸ ਦੇ ਹੁਕਮ ਦੀ ਖੇਡ ਹੈ। ਉਸਦੀ ਇੱਛਾ ਹੈ। ਯਥਾ :

**ਸਭਿ ਜੁਗ ਤੇਰੇ ਕੀਤੇ ਹੋਏ॥**

**(ਅੰਗ ੧੧੭੬)**

**ਜੁਗਿ ਜੁਗਿ ਥਾਪਿ ਸਦਾ ਨਿਰਵੈਰੁ॥**
**ਜਨਮਿ ਮਰਣਿ ਨਹੀ ਧੰਧਾ ਧੈਰੁ॥**

**(ਅੰਗ ੯੩੧)**

**ਜੁਗ ਜੁਗ ਏਕੋ ਵੇਸੁ॥**

**(ਅੰਗ ੬)**

ਭਾਰਤੀ ਧਾਰਮਿਕ ਪਰੰਪਰਾ ਅੰਦਰ ਧਰਮ ਦੇ ਚਾਰ ਪੈਰ ਮੰਨੇ ਗਏ ਹਨ। ਸਤਿ, ਤਪੁ, ਯੱਗ ਤੇ ਦਾਨ। ਇਨ੍ਹਾਂ ਨੂੰ ਚੌਹੰ ਜੁਗਾਂ ਨਾਲ ਸੰਬੰਧਿਤ ਕੀਤਾ ਗਿਆ ਹੈ। ਸਤਿਜੁਗ ਵਿੱਚ ਧਰਮ ਦੇ ਚਾਰ ਪੈਰ ਸਨ ਭਾਵ ਧਰਮ ਪੂਰਨ ਸੀ ਲੋਕਾਂ ਅੰਦਰ ਧਰਮ ਦੇ ਸਾਰੇ ਗੁਣ ਮੌਜੂਦ ਸਨ। ਲੋਕ ਸਤਿਵਾਦੀ ਸਨ।

ਤ੍ਰੇਤਾ ਜੁਗ ਆਉਣ ਤੇ ਦਇਆ ਜੋ ਧਰਮ ਦਾ ਪੈਰ ਸੀ, ਟੁੱਟ ਗਿਆ ਇਸ ਦੀ ਥਾਂ ਦੁਬਿਧਾ ਮਾੜੇ ਕਰਮਾਂ ਵਾਲਾਂ ਪੈਰ ਆ ਲੱਗਾ। ਯਥਾ:

**ਤ੍ਰੇਤੈ ਧਰਮ ਕਲਾ ਇਕ ਚੂਕੀ॥**
**ਤੀਨਿ ਚਰਣ ਇਕ ਦੁਬਿਧਾ ਸੂਕੀ॥**

**(ਅੰਗ ੧੦੨੩)**

ਦੁਆਪਰ ਅੰਦਰ ਜੱਗ ਤੇ ਕਰਮ ਕਾਂਡੀ ਵਿਰਤੀ ਪ੍ਰਧਾਨ ਹੋ ਗਈ। ਅਗਿਆਨਤਾ ਵਿੱਚ ਹੋਰ ਵਾਧਾ ਹੋ ਗਿਆ। ਧਰਮ ਅੱਧਾ ਰਹਿ ਗਿਆ, ਅੱਧਾ ਅਧਰਮ ਫੈਲ ਗਿਆ। ਧਰਮ ਦੇ ਦੋ ਅਸਲ ਪੈਰ ਟੁੱਟ ਕੇ ਦੋ ਨਕਲੀ ਪੈਰ ਲਗ ਗਏ। ਯਥਾ :

**ਦਇਆ ਦੁਆਪੁਰਿ ਅਧੀ ਹੋਈ॥**
**ਗੁਰਮੁਖਿ ਵਿਰਲਾ ਚੀਨੈ ਕੋਈ॥**

**(ਅੰਗ ੧੦੨੩)**

ਕਲਜੁਗ ਤੱਕ ਪਹੁੰਚਦਿਆਂ ਧਰਮ ਦੇ ਤਿੰਨ ਅਸਲ ਪੈਰ ਟੁੱਟ ਗਏ ਅਤੇ ਇਨ੍ਹਾਂ ਦੀ ਜਗ੍ਹਾਂ ਤਿੰਨ ਪੈਰ ਨਕਲੀ (ਕ੍ਰੋਧ, ਕਪਟ ਤੇ ਝੂਠ) ਲਗ ਗਏ। ਧਰਮ ਨੇ ਪਾਖੰਡ ਦਾ ਬੁਰਕਾ ਪਾ ਲਿਆ। ਦਿਖਾਵਾ ਵਧ ਗਿਆ, ਅਸਲੀਅਤ ਛੁਪ ਗਈ। ਦਇਆ (ਧਰਮ ਦਾ ਮੂਲ) ਅਲੋਪ ਹੋ ਗਈ, ਕਰਮ ਕਾਂਡੀ ਰੁਚੀ ਪ੍ਰਧਾਨ ਹੋ ਗਈ, ਅਸੁਰੀ ਸ਼ਕਤੀਆਂ ਨੇ ਗਲਬਾ ਪਾ ਲਿਆ। ਸਭ ਪਾਸੇ ਕੂੜ ਹੀ ਪ੍ਰਧਾਨ ਹੋ ਗਿਆ। ਪ੍ਰਭੂ ਤੋਂ ਬਿਨਾਂ ਸਭ ਝੂਠ ਦਾ ਪਸਾਰਾ ਹੀ ਦਿਸਣ ਲੱਗ ਪੈਂਦਾ ਹੈ।

**ਤੁਧੁ ਬਾਝੁ ਕੂੜੋ ਕੂੜੁ॥**

ਦੰਭੀ ਲੋਕ ਕਈ ਪ੍ਰਕਾਰ ਦੇ ਦਿਖਾਵੇ ਕਰਨ ਲੱਗ ਪੈਂਦੇ ਹਨ।

**ਨਾਰਦੁ ਨਾਚੈ ਕਲਿ ਕਾ ਭਾਉ॥**

**(ਅੰਗ ੩੪੯)**

ਇਸ ਭਿਆਨਕ ਸਥਿਤੀ ਵਿੱਚ ਭਗਤਾਂ ਲਈ ਵੀ ਕਰਤਾਰੀ ਪੁਰਸ਼ਾਂ ਦਾ ਵਿਛੋੜਾ ਕਲਜੁਗ (ਭੈੜਾ ਸਮਾਂ) ਜਾਪਣ ਲਗਾ । ਯਥਾ :

**ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥**

**(ਅੰਗ ੯੬)**

### ਕਲਿਜੁਗ ਦੀ ਨਿਸ਼ਾਨੀ

ਕਲਜੁਗ ਦੇ ਸ਼ੁਰੂ ਹੋਣ ਦਾ ਕੋਈ ਸਮਾਂ ਨਿਸ਼ਚਤ ਨਹੀਂ, ਗੁਰਬਾਣੀ ਅਨੁਸਾਰ ਇਸਦਾ ਕੋਈ ਦਿਨ ਤੇ ਮਹੂਰਤ ਨਹੀਂ ਹੈ ਨਾ ਹੀ ਇਸ ਦੀ ਪਹਿਲੇ ਜੁਗਾਂ ਨਾਲੋਂ ਕੋਈ ਖਾਸ ਲਾਈਨ ਹੀ ਖਿਚੀ ਹੋਈ ਮਿਲਦੀ ਹੈ। ਗੁਰੂ ਨਾਨਕ ਦੇਵ ਜੀ ਨੇ ਰਾਮਕਲੀ ਰਾਗ ਵਿਚ ਕਲਜੁਗ ਦੀ ਪਰਿਭਾਸ਼ਾ ਕਰਦੇ ਹੋਏ ਲਿਖਿਆ ਹੈ।

ਸੂਰਜ, ਚੰਦਰਮਾ, ਧਰਤੀ ਪਾਉਣ ਤੇ ਪਾਣੀ ਆਦਿ ਸਾਰੇ ਕੁਦਰਤੀ ਤੱਤ ਪਹਿਲੇ ਤਿੰਨ ਜੁਗਾਂ ਵਾਂਗ ਇਸ ਜੁਗ ਅੰਦਰ ਵੀ ਮੌਜੂਦ ਹਨ ਕਲਜੁਗ ਕਿਸੇ ਥਾਂ ਤੇ ਆਕੇ ਬੈਠਾ ਨਹੀਂ ਸੁਣਿਆ, ਨਾ ਹੀ ਕੋਈ ਆਪਣੇ ਮਹਿਲ ਉਸਾਰ ਕੇ ਬੈਠਾ ਹੋਇਆ ਦਿਸਦਾ ਹੈ। ਕਿਸੇ ਤੀਰਥ ਅਸਥਾਨ ਤੇ ਵੀ ਨਹੀਂ ਆਇਆ ਦੇਖਿਆ। ਭਾਵ ਇਸਦੇ ਆਉਣ ਦਾ ਨਾ ਖਾਸ ਸਮਾਂ ਹੈ ਨਾ ਸਥਾਨ ਅਤੇ ਨਾ ਹੀ ਕੋਈ ਹੋਰ ਕੁਦਰਤ ਦੀ ਤਬਦੀਲੀ ਆਉਂਦੀ ਹੈ। ਤਾਂ ਫਿਰ ਇਹ ਕਲਜੁਗ ਹੈ ਕੀ?

### ਪਰਿਭਾਸ਼ਾ

ਗੁਰਬਾਣੀ ਦੀ ਪਰਿਭਾਸ਼ਾ ਅਨੁਸਾਰ ਕਲਜੁਗ ਸਾਡੇ ਮਨ ਦੀ ਇਕ ਸਥਿਤੀ ਹੈ ਇੱਕ ਅਵਸਥਾ ਹੈ। ਇਸ ਅਵਸਥਾ ਵਿਚ, ਮਨ ਵਿਕਾਰਾਂ ਨਾਲ ਭਰਿਆ ਹੋਇਆ ਹੁੰਦਾ ਹੈ। ਮਨੁੱਖ ਕੂੜੀਆਂ ਵਸਤਾਂ ਨਾਲ ਪਿਆਰ ਕਰਦਾ ਹੈ। ਮਨੁੱਖ ਦੀ ਪਦਾਰਥਾਂ ਪ੍ਰਤੀ ਭੁੱਖ ਮਿਟਦੀ ਨਹੀਂ ਸਗੋਂ ਇਨ੍ਹਾਂ ਪਦਾਰਥਾਂ ਨੂੰ ਭੋਗਣ ਤੇ ਇੱਕਠਾ ਕਰਨ ਉਪਰੰਤ ਭੁੱਖ ਹੋਰ ਵਧਦੀ ਹੈ। ਉਹ ਹਲਕੇ ਕੁੱਤੇ ਵਾਂਗ ਭਟਕਦਾ ਰਹਿੰਦਾ ਹੈ। ਉਸਦਾ ਮਨ ਪੰਜ ਕਮਾਦਿਕਾਂ ਅਧੀਨ ਭੈੜੇ ਕਰਮ ਕਰਦਾ ਹੈ।

ਮਨੁੱਖ ਦੀ ਅਕਲ ਉਤੇ ਮਾਇਆ ਦੇ ਭਰਮ ਦਾ ਪੜਦਾ ਪੈ ਜਾਂਦਾ ਹੈ। ਬੁੱਧੀ ਆਪਣੇ ਅਸਲ ਸੁਭਾਅ (ਬਿਬੇਕ) ਨੂੰ ਛੱਡ ਜਾਂਦੀ ਹੈ। ਭ੍ਰਸ਼ਟੀ ਹੋਈ ਬੁੱਧੀ ਨੂੰ ਖਰੇ ਦੀ ਸਾਰ ਨਹੀਂ ਰਹਿੰਦੀ ਮਨੁੱਖ ਖੋਟੇ ਨੂੰ ਖਰਾ ਕਹਿਣ ਲਗ ਪੈਂਦਾ ਹੈ। ਨੈਤਿਕ ਕਦਰਾਂ ਕੀਮਤਾਂ ਉਲਟ ਹੋ ਜਾਂਦੀਆ ਹਨ। ਮਨੁੱਖ ਮਾਇਆ ਦੇ ਪ੍ਰਭਾਵ ਅਧੀਨ ਅੰਨਾ ਤੇ ਬੋਲਾ ਹੋ ਜਾਂਦਾ ਹੈ। ਉਹ ਅਨਿਆਂ ਕਰਨ ਲਗਾ ਕੁੱਝ ਸੋਚਦਾ ਨਹੀਂ ਅਤੇ ਕਿਸੇ ਚੰਗੇ ਖਿਆਲ ਨੂੰ ਸੁਣਨ ਲਈ ਤਿਆਰ ਨਹੀਂ ਹੁੰਦਾ ਹੈ।

**ਮਾਇਆਧਾਰੀ ਅਤਿ ਅੰਨਾ ਬੋਲਾ॥**

**(ਅੰਗ ੩੧੩)**

ਕਲਜੁਗੀ ਮਨੁੱਖ ਦੇ ਅੰਦਰੋਂ ਪਰਉਪਕਾਰੀ ਭਾਵਨਾ ਖਤਮ ਹੋ ਜਾਂਦੀ ਹੈ। ਉਹ ਕਿਸੇ ਦਾ ਸਤਿਕਾਰ ਨਹੀਂ ਕਰਦਾ, ਕਿਸੇ ਨੂੰ ਆਗੂ ਨਹੀਂ ਮੰਨਦਾ। ਉਸਦੇ ਮਨ ਵਿਚੋਂ ਰਾਸ਼ਟਰ ਦਾ ਸਤਿਕਾਰ ਤੇ ਸ਼ਾਸਨ ਦਾ ਭੈਅ ਖਤਮ ਹੋ ਜਾਂਦਾ ਹੈ। ਉਹ ਸਮਾਜ ਦਾ ਖਿਆਲ ਨਹੀਂ ਕਰਦਾ। ਰਾਸ਼ਟਰੀ ਹਿਤਾਂ ਨੂੰ ਜਾਤੀ ਹਿਤਾਂ ਲਈ ਕੁਰਬਾਨ ਕਰ ਦਿੰਦਾ ਹੈ।

ਸੰਸਾਰ ਵਿਚ ਅਜਾਰਾਦਾਰੀ, ਖੁਦਗਰਜੀ, ਭ੍ਰਸ਼ਟਾਚਾਰਾ, ਰਿਸ਼ਵਤਖੋਰੀ, ਕਾਲੇਧਨ ਦੀ ਕਮਾਈ ਵਧ ਜਾਂਦੀ ਹੈ। ਨੇਕ, ਸਤਿਵਾਦੀ ਲੋਕਾਂ ਦਾ ਜਿਉਂਣਾ ਮੁਸ਼ਕਲ ਹੋ ਜਾਂਦਾ ਹੈ। ਪਰਮਾਰਥ ਦੇ ਰਸਤੇ 'ਤੇ ਚਲਣ ਵਾਲੇ ਪੁਰਸ਼ਾਂ ਦੀ ਬਦਨਾਮੀ ਹੋਣੀ ਆਦਿ ਸਭ ਕਲਜੁਗੀ ਨਿਸ਼ਾਨੀਆਂ ਹੀ ਤਾਂ ਹਨ।

**ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ ॥**
**ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ ॥**

**(ਅੰਗ ੯੦੨)**

ਕਲਜੁਗ ਅੰਦਰ ਸੱਚ ਦਾ ਸਤਿਕਾਰ ਨਹੀਂ ਰਹਿੰਦਾ। ਨੇਕ ਕਮਾਈ ਦਾ ਅਹਿਸਾਸ ਉਠ ਜਾਂਦਾ ਹੈ। ਸਾਂਝੀ ਮਨੁੱਖਤਾ ਤੇ ਵਿਸ਼ਵ ਭਰਾਤਰੀ ਭਾਵ ਦਾ ਉਦੇਸ਼ ਅਲੋਪ ਹੋ ਜਾਂਦਾ ਹੈ। ਪ੍ਰੇਮ ਦੀਆਂ ਕੀਮਤਾਂ ਅਲੋਪ ਹੋ ਜਾਂਦੀਆਂ ਹਨ। ਅਣਖ ਤੇ ਸਰਮਾਇਆ ਆਦਿ ਨੈਤਿਕ ਕੀਮਤਾਂ ਦੀ ਕੋਈ ਕਦਰ ਨਹੀਂ

ਰਹਿੰਦੀ। ਲੋਕ ਜਬਤ ਤੇ ਜੁਗਤ ਆਦਿ ਸਦਾਚਾਰਕ ਕੀਮਤਾਂ ਤੋਂ ਦੂਰ ਚਲੇ ਜਾਂਦੇ ਹਨ। ਗੁਰਬਾਣੀ ਨੇ ਇਸ ਸਿਧਾਂਤ ਦੀ ਪੁਸ਼ਟੀ ਹੇਠ ਲਿਖੇ ਅਨੁਸਾਰ ਕੀਤੀ ਹੈ।

**ਸਰਮੁ ਗਇਆ ਘਰਿ ਆਪਣੈ**
**ਪਤਿ ਉਠਿ ਚਲੀ ਨਾਲਿ॥**

**(ਅੰਗ ੧੨੪੩)**

ਕਲਜੁਗੀ ਮਨੁੱਖ (ਮਨਮੁਖ) ਨੂੰ ਪਰਮਾਰਥ ਦੇ ਰਸਤੇ ਤੇ ਚਲਣ ਵਾਲੇ ਗੁਰਮੁਖ ਚੰਗੇ ਨਹੀਂ ਲਗਦੇ। ਭੈੜੇ ਕਰਮਾਂ ਵਾਲੇ ਮਨੁੱਖ ਸਤਿਵਾਦੀ ਲੋਕਾਂ ਦੇ ਰਸਤੇ ਵਿਚ ਰੁਕਾਵਟ ਬਣਦੇ ਹਨ ਭਾਵੇਂ ਇਹ ਵਕਤੀ ਰੁਕਾਵਟ ਹੁੰਦੀ ਹੈ। ਮਨਮੁਖਾਂ ਨੂੰ ਗੁਰਮੁਖ ਗੁਆਚੇ ਹੋਏ, ਸੁੱਤੇ ਹੋਏ ਲਗਦੇ ਹਨ। ਮਨੁੱਖ ਪਰਮਾਰਥ ਦੇ ਰਾਹੀਆਂ ਨੂੰ ਪਿਛਾਂਹ ਖਿਚੂ ਗਿਣਦਾ ਹੈ। ਜਦ ਕੇ ਐਸਾ ਹੁੰਦਾ ਨਹੀਂ। ਮਨਮੁਖ, ਗੁਰਮੁਖ ਦੇ ਰਹੱਸ ਨੂੰ ਸਮਝਣ ਤੋਂ ਅਸਮਰਥ ਹੁੰਦਾ ਹੈ। ਮਨਮੁਖ ਨੂੰ ਸੰਸਾਰੀ ਪੁਰਸ਼ ਕਿਹਾ ਹੈ ਗੁਰਮੁਖ (ਭਗਤ) ਤੇ ਸੰਸਾਰੀ ਪੁਰਸ਼ਾਂ ਦੀ ਇਕਸਾਰਤਾ ਤੇ ਇਕਸੁਰਤਾ ਨਹੀਂ ਹੁੰਦੀ।

ਕਲਜੁਗੀ ਮਨੁੱਖ ਹਮੇਸ਼ਾ ਜਾਤੀ ਹਿਤਾਂ ਲਈ ਹੀ ਸੋਚਦਾ ਤੇ ਕਰਦਾ ਹੈ ਉਸ ਦੀ ਸੋਚਣੀ, ਕਹਿਣੀ ਤੇ ਕਥਨੀ ਵਿੱਚ ਅੰਤਰ ਹੁੰਦਾ ਹੈ। ਜਦ ਕਿ ਗੁਰਮੁਖ ਦੀ ਭਾਵਨਾ ਹਮੇਸ਼ਾ ਪਰਉਪਕਾਰ ਦੀ ਹੁੰਦੀ ਹੈ ਉਸ ਦੀ ਕਹਿਣੀ ਤੇ ਕਥਨੀ ਵਿੱਚ ਇਕਸਾਰਤਾ ਹੁੰਦੀ ਹੈ।

**ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ॥**

**(ਅੰਗ ੮੩੧)**

**ਕਲਜੁਗੀ ਮਨੁੱਖ ਤੇ ਧਾਰਮਕ ਖੇਤਰ :**

ਕਲਜੁਗੀ ਜਾਂ ਕਰਮ-ਕਾਂਡੀ ਮਨੁੱਖ ਪੂਜਾ ਤਾਂ ਕਰੀ ਜਾਂਦਾ ਹੈ। ਪਰ ਬਾਹਰਲੇ ਹਮਲਾਵਰਾ' ਤੋਂ ਆਪਣੇ ਦੇਸ਼ ਦੀ ਪਤਿ ਨਹੀਂ ਬਚਾ ਸਕਦਾ। ਸੰਜਮ ਦਾ ਦਾਹਵਾ ਤਾਂ ਕਰਦਾ ਹੈ ਪਰ ਸਚ ਦੀ ਰਾਖੀ ਕਰਨ ਤੋਂ ਅਸਮਰਥ ਹੁੰਦਾ ਹੈ। ਉਸਨੇ ਜਨੇਉ ਵਰਗੇ ਕਥਿਤ ਧਾਰਮਕ ਚਿੰਨ ਤਾਂ ਜਰੂਰ ਧਾਰਨ ਕੀਤੇ ਹੋਏ ਹਨ ਪਰ ਆਪਣੇ ਆਪ ਤੇ ਜਬਤ ਨਹੀਂ ਹੈ। ਭਾਵ ਅਜਿਹੇ ਫੋਕਟ ਕਰਮੀ ਦੇ ਸਾਰੇ ਕਰਮ, ਵਿਖਾਵੇ ਵਾਲੇ ਹੁੰਦੇ ਹਨ।

ਕਲਜੁਗੀ ਮਨੁੱਖ ਤੀਰਥਾਂ ਦੇ ਇਸ਼ਨਾਨ ਤਾਂ ਕਰੀ ਜਾਂਦਾ ਹੈ ਪਰ ਇਸ਼ਨਾਨ ਉਸਦੇ ਅੰਦਰ ਸੁਚ ਨਹੀਂ ਪੈਦਾ ਕਰਦੇ। ਉਹ ਆਪਣੀਆਂ ਧਾਰਮਰ ਪੁਸਤਕਾਂ ਦੇ ਸਤਿਕਾਰ ਨੂੰ ਕਾਇਮ ਰੱਖਣ ਦੇ ਅਸਮਰੱਥ ਹੈ। ਹਰ ਪਾਸੇ ਗਿਰਾਵਟ ਹੋਣ ਕਾਰਨ ਕਥਿਤ ਸਤਿਵਾਦੀ ਮਨੁੱਖ ਪਾਪ ਕਰਕੇ ਕਥਿਤ ਸਤਿ ਪ੍ਰਮਾਣ ਦੀ ਗਲ ਕਰਦਾ ਹੈ। ਪਾਪ ਦੀ ਕਮਾਈ ਵਿਚੋਂ ਦਾਨ ਕਰਕੇ ਉਚਾ ਨਾਮ ਹਾਸਲ ਕਰਨ ਦੀ ਖਾਹਸ਼ ਰਖਦਾ ਹੈ। ਅਜਿਹੇ ਫੋਕਟ ਕਰਮਕਾਂਡੀ ਵਖਾਵੇ ਦੀ ਜਿਦਗੀ ਜੀਉਣ ਵਾਲਾ ਕਲਜੁਗੀ ਮਨੁੱਖ ਆਪਣਾ ਹਲਤ ਤੇ ਪਲਤ ਦੋਵੇਂ ਗੁਆ ਲੈਂਦਾ ਹੈ। ਯਥਾ :

**ਹਲਤਿ ਨ ਸੋਭਾ ਪਲਤਿ ਨ ਢੋਈ**
**ਅਹਿਲਾ ਜਨਮੁ ਗਵਾਇਆ॥**

**(ਅੰਗ ੧੫੫)**

ਕਲਜੁਗ ਅੰਦਰ ਕਰਮ-ਕਾਂਡੀ ਜੋਗੀ ਵੀ ਜੁਗਤ ਸਾਧਨਾ ਕਰ ਕਰ ਕੇ ਥਕ ਗਿਆ ਸਤੁ ਜੁਗਤ ਉਸਦੇ ਹੱਥ ਨਾ ਆਈ, ਨਕਲੀ ਤੇ ਭੇਖੀ ਗੁਰੂ ਕਥਿਤ ਸੇਵਕਾਂ ਦੇ ਘਰ ਘਰ ਜਾਂ ਕੇ ਗੁਰੂ ਦੀਖਿਆ ਦਿੰਦੇ ਹਨ। ਚੇਲਿਆਂ ਪਾਸੋਂ ਮੰਗ ਮੰਗ ਕੇ ਖਾਂਦੇ ਹਨ ਅਜਿਹੇ ਗੁਰੂ ਆਪ ਤਾ ਡੁਬਣਗੇ ਹੀ ਨਾਲ ਚੇਲਿਆਂ ਨੂੰ ਵੀ ਡਬੋ ਦੇਣਗੇ। ਇਸ ਤਰ੍ਹਾਂ ਘਰ ਘਰ ਪੈਦਾ ਹੋਣ ਵਾਲੇ ਭੇਖੀ ਗੁਰੂਆਂ ਤੋਂ ਇੱਕ ਵੀ ਕੰਮ ਸਿਰੇ ਨਹੀਂ ਚੜ੍ਹੇਗਾ।

**ਘਰਿ ਘਰਿ ਹੋਇ ਬੈਠਿ ਹੈ ਰਾਮਾ॥**

ਇਹ ਸਭ ਐਸਾ ਵਾਤਾਵਰਣ ਕਿਉ ਪੈਂਦਾ ਹੋਇਆ ਹੈ ਇਸਦਾ ਉਤਰ ਇਕ ਹੀ ਹੈ ਕਲਜੁਗ ਅੰਦਰ ਮਾਇਆ ਨੇ ਐਸਾ ਭਰਮ ਜਾਲ ਤਾਣਿਆ ਹੋਇਆ ਹੈ ਕਿ ਮਨੁੱਖ ਨੇ ਕਰਮ ਕਾਂਡ ਨੂੰ ਹੀ ਅਸਲ ਧਰਮ ਸਮਝ ਲਿਆ। ਪ੍ਰਭੂ ਤਾਂ ਹਰ ਜੁਗ ਅੰਦਰ ਇਕੋ ਹੀ ਰਿਹਾ ਹੈ ਤੇ ਰਹੇਗਾ। ਕਲਜੁਗੀ ਮਨੁੱਖ ਨੇ ਇਸ ਨੂੰ ਕਈ ਰੂਪਾਂ ਵਿਚ ਪੂਜਣਾਂ ਸੁਰੂ ਕਰ ਦਿੱਤਾ। ਉਹ ਤਾਂ ਰੇਖ ਭੇਖ, ਰੂਪ, ਰੰਗ ਤੋਂ ਨਿਆਰਾ ਹੈ। ਇਹੀ ਕਾਰਨ ਹੈ ਕਿ ਅਜਿਹੀ ਵਿਧੀ ਅਨੁਸਰ ਲੋਕ ਪੂਜਾ, ਕਥਾ, ਵਖਿਆਨ ਕਰ ਕਰ ਕੇ ਥਕ ਗਏ ਪਰ ਮਨ ਦਾ ਭਰਮ ਨਾ ਗਿਆ ਸਗੋਂ ਹੋਰ ਦੁਬਿਧਾ ਵਧਦੀ ਗਈ ਹਰ ਇਕ ਮਨੁੱਖ ਆਪੋ ਆਪਣੇ ਸਤਿ ਨੂੰ ਹੀ ਚੰਗਾ ਕਹਿਣ ਲੱਗਾ। ਭਾਈ ਗੁਰਦਾਸ ਜੀ ਲਿਖਦੇ ਹਨ :

**ਕਲਿਜੁਗਿ ਧੰਧੂਕਾਰੁ ਹੈ**
**ਭਰਮਿ ਭੁਲਾਈ ਬਹੁ ਬਿਧਿ ਭੇਖੈ॥**

**(ਵਾਰ ੧, ਪਉੜੀ ੨੫)**

ਕਲਜੁਗ ਦੇ ਪਸਾਰੇ ਅੰਦਰ ਹਉਮੈ ਨੇ ਆਪਣਾ ਪਰਬਲ ਰੂਪ ਧਾਰਨ ਕਰ ਲਿਆ। ਮਨੁੱਖ ਪ੍ਰਭੂ ਤੋਂ ਹੋਰ ਦੂਰ ਚਲਾ ਗਿਆ। ਉਸਦਾ ਜੀਵਨ ਪੱਧਰ ਗਿਰ ਗਿਆ, ਕਰਮ ਹੋਰ ਭੈੜੇ ਹੁੰਦੇ ਗਏ। ਧਾਰਮਕ ਮਨੁੱਖਾਂ ਦਾ ਕਥਿਤ ਕਰਮ ਵੀ ਅਧਰਮੀਆਂ ਵਾਲਾ ਹੁੰਦਾ ਗਿਆ। ਕਾਜੀ ਇਕ ਪਾਸੇ ਤਾਂ ਤਸਬੀ ਫੇਰਦਾ

ਹੈ ਦੂਸਰੇ ਪਾਸੇ ਵੱਢੀ ਲੈਕੇ ਸੱਚ ਨੂੰ ਝੂਠ ਬਣਾਂ ਦਿੰਦਾ ਹੈ ਫਿਰ ਆਪਣੇ ਝੂਠ ਨੂੰ ਸੱਚ ਸਾਬਤ ਕਰਨ ਲਈ ਧਰਮ ਗ੍ਰੰਥਾਂ ਦੀ ਝੂਠੀ ਆੜ ਲੈਂਦਾ ਹੈ। ਅਜਿਹਾ ਉਸਦਾ ਬਾਹਰਮੁੱਖੀ ਦਿਖਾਵਾਂ ਸਿਰਫ ਲੋਕਾਂ ਨਾਲ ਹੀ ਧੋਖਾ ਨਹੀਂ ਸਗੋਂ ਆਪਣੇ ਆਪ ਤੇ ਖੁਦਾ ਦੇ ਲਈ ਵੀ ਇੱਕ ਬਹੁਤ ਵੱਡਾ ਫਰੇਬ ਹੈ। ਕਲਜੁਗ ਦਾ ਇਹ ਮਾਪਦੰਡ ਹੈ। ਆਪੇ ਆਖਣ ਵਾਲੇ ਆਪੇ ਜਾਨਣਹਾਰ ਬਣ ਬੈਠਦੇ ਹਨ।

**ਨਾਨਕ ਕਲਿ ਕਾ ਏਹੁ ਪਰਵਾਣੁ॥**
**ਆਪੇ ਆਖਣੁ ਆਪੇ ਜਾਣੁ ॥**

**(ਅੰਗ ੯੫੨)**

**ਕਲਜੁਗੀ ਮਨੁੱਖ ਦੀ ਮਾਨਸਿਕ ਦਸ਼ਾ :**

ਇਸ ਪੱਖ ਬਾਰੇ ਭਾਵੇਂ ਪਹਿਲਾਂ ਕੁਝ ਦੱਸਿਆ ਜਾ ਚੁੱਕਾ ਹੈ ਤੇ ਇਥੇ ਕੁਝ ਹੋਰ ਤੱਤ ਜੋ ਮਨੁੱਖੀ ਮਨ ਨਾਲ ਸੰਬੰਧਿਤ ਹਨ ਦਸਣੇ ਜਰੂਰੀ ਸਮਝਦੇ ਹਾਂ। ਜਿਸਦਾ ਵਰਣਨ ਗੁਰੂ ਨਾਨਕ ਦੇਵ ਜੀ ਨੇ "ਬਿਹਾਗੜਾ ਦੀ ਵਾਰ ਵਿਚ ਸ਼ਰਾਬ ਦੀ ਮੱਟੀ ਅਤੇ ਪੰਜ ਕਮਾਦਕਾਂ ਦੇ ਅਲੰਕਾਰਾਂ ਰਾਹੀਂ ਕੀਤਾ ਹੈ।

ਕਲਜੁਗੀ ਮਨੁੱਖ ਦਾ ਸੁਭਾਓ ਸ਼ਰਾਬ ਕੱਢਣ ਵਾਲੀ ਮੱਟੀ ਹੈ। ਪੀਣ ਵਾਲਾ, ਮਨੁੱਖ ਦਾ (ਸ਼ੈਤਾਨ) ਮਨ ਹੈ। ਮੋਹੁ ਨਾਲ ਭਰੀ ਹੋਈ ਕ੍ਰੋਧ ਦੀ ਕਟੋਰੀ ਹੈ। ਅਹੰਕਾਰ ਪਿਲਾਉਣ ਵਾਲਾ ਹੈ। ਕੂੜ ਲਬ ਦੀ ਮਜਲਸ ਹੈ ਜਿਸ ਵਿਚ ਬਹਿ ਕੇ ਮਨ ਕਾਮ ਦੀ ਸ਼ਰਾਬ ਨੂੰ ਪੀ ਪੀ ਕੇ ਖੁਆਰ ਹੁੰਦਾ ਹੈ।

**ਕਲਿ ਕਲਵਾਲੀ ਕਾਮੁ ਮਦੁ ਮਨੂਆ ਪੀਵਣਹਾਰੁ॥**
**ਕ੍ਰੋਧ ਕਟੋਰੀ ਮੋਹਿ ਭਰੀ ਪੀਲਾਵਾ ਅਹੰਕਾਰੁ॥**

**(ਅੰਗ ੫੫੩)**

ਅਜਿਹੀ ਸ਼ਰਾਬ ਪੀਣ ਵਾਲਾ ਕਲਜੁਗੀ ਮਨੁੱਖ ਕੁੱਤਿਆਂ ਵਾਂਗ ਸੰਸਾਰ ਵਿਚ ਭਟਕਦਾ ਫਿਰਦਾ ਹੈ। ਉਹ ਮੁਰਦਾਰ (ਹਰਾਮ) ਖਾਣਾ ਹੀ ਪਸੰਦ ਕਰਦਾ ਹੈ। ਸਦਾ ਝੂਠ ਬੋਲਦਾ ਹੈ। ਅਜਿਹੇ ਭੈੜੇ ਕਰਮ ਕਰਨ ਨਾਲ ਅਜਿਹੇ ਮਨੁੱਖਾਂ ਅੰਦਰ ਬਚੀ-ਖੁਚੀ ਨੇਕੀ ਵੀ ਖਤਮ ਹੋ ਜਾਂਦੀ ਹੈ। ਜੀਉਂਦਿਆਂ ਅਜਿਹੇ ਮਨੁੱਖ ਦੀ ਕੋਈ ਇਜ਼ਤ ਨਹੀਂ ਰਹਿੰਦੀ ਮਰਨ ਤੇ ਬਾਅਦ ਭੈੜੇ ਬੰਦੇ ਕਹਿਕੇ ਯਾਦ ਕੀਤਾ ਜਾਂਦਾ ਹੈ:-

**ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ॥**
**ਕੂੜ ਬੋਲਿ ਬੋਲਿ ਭਉਕਣਾ ਚੂਕਾ ਧਰਮੁ ਬੀਚਾਰੁ॥**

**(ਅੰਗ ੧੨੪੩)**

ਕਲਜੁਗੀ ਮਨੁੱਖ ਨੂੰ ਨਾਮ ਤੋਂ ਸੱਖਣਾ ਹੋਣ ਕਰਕੇ ਗੁਰਬਾਣੀ ਵਿਚ ਭੂਤਨਾ ਕਿਹਾ ਹੈ, ਇਸਦੇ ਧੀਆਂ ਪੁੱਤਰ ਵੀ ਇਸ ਤਰ੍ਹਾਂ ਦੇ ਹਨ। ਅਜਿਹੇ ਲੋਕ ਸਭ ਮਾਨਸਿਕ ਅੰਧੇਰੇ ਵਿਚ ਭਟਕ ਰਹੇ ਹੁੰਦੇ ਹਨ ਇਨ੍ਹਾਂ ਨੂੰ ਕੋਈ ਰਾਹ ਨਹੀਂ ਸੁੱਝਦੀ, ਇਨ੍ਹਾਂ ਨੂੰ ਅੰਤਰ ਆਤਮੇ ਦੀ ਸੋਝੀ ਨਹੀਂ ਹੁੰਦੀ, ਨਾ ਹੀ ਜੀਵਨ ਮਨੋਰਥ ਦੀ ਸੋਝੀ ਹੁੰਦੀ ਹੈ ਆਪਣੇ ਆਲੇ ਦੁਆਲੇ ਵਸ ਰਹੇ ਸਮਾਜ ਦੀ ਸੋਝੀ ਨਹੀਂ ਹੁੰਦੀ। ਅਜਿਹੇ ਲੋਕਾਂ ਦਾ ਸੰਸਾਰ ਵਿਚ ਆਉਣਾ ਵਿਅਰਥ ਗਿਣਿਆ ਗਿਆ ਹੈ।

**ਕਲਿਜੁਗ ਮਹਿ ਘੋਰ ਅੰਧਾਰ ਹੈ**
**ਮਨਮੁਖ ਰਾਹੁ ਨ ਕੋਇ॥**

**(ਅੰਗ ੧੨੮੫)**

ਕਲਿਜੁਗ ਅੰਦਰ ਵਰਣ ਵੰਡ ਨੇ ਲੋਕਾਂ ਵਿਚ ਹੋਰ ਖਿਚੋਤਾਣ ਪੈਦਾ ਕਰ ਦਿੱਤੀ। ਆਸੀ ਤੇ ਵਿਸ਼ਵ ਭਰਾਤਰੀ ਭਾਵ ਖਤਮ ਹੋ ਗਿਆ। ਲਿਵ (ਆਤਮਿਕ) ਤੇ ਧਾਂਤ (ਪਦਾਰਥ) ਦੇ ਰਾਹਾਂ ਵਿਚੋਂ ਮਨੁੱਖ ਨੇ ਪਦਾਰਥ ਦਾ ਰਾਹ ਲੱਭ ਲਿਆ। ਨੈਤਿਕ ਕੀਮਤਾਂ ਦਾ ਤਿਆਗ ਕਰਕੇ ਪਦਾਰਥਕ ਕੀਮਤਾਂ ਦੀ ਪ੍ਰਾਪਤੀ ਤੇ ਭੋਗਣ ਨੂੰ ਜੀਵਨ ਮਨੋਰਥ ਸਮਝ ਲਿਆ। ਇਨ੍ਹਾਂ ਪਦਾਰਥਾਂ ਵਿਚ ਹੀ ਖਚਤ ਹੋ ਗਿਆ। ਇਹ ਪਦਾਰਥ ਤਾਂ ਕੇਵਲ ਸਾਧਨ ਮਾਤਰ ਸਨ ਨਿਸ਼ਾਨਾ ਨਹੀਂ। ਨਤੀਜਾ ਇਹ ਹੋਇਆ ਮਨੁੱਖ ਪ੍ਰਭੂ ਤੋਂ ਹੋਰ ਦੂਰ ਚਲਾ ਗਿਆ। ਭਾਈ ਗੁਰਦਾਸ ਨੇ ਅਜਿਹੀ ਵਿਰਤੀ ਨੂੰ ਸੂਦਰ (ਨੀਚ) ਕਿਹਾ ਹੈ।

**ਚਉਥਾ ਕਲਿਜੁਗ ਥਾਪਿਆ**
**ਚਾਰ ਵਰਨਿ ਚਾਰੋਂ ਕੇ ਰਾਜੇ॥**

**(ਵਾਰ ੧, ਪਉੜੀ ੫)**

**ਕਲਜੁਗ ਚਉਥਾ ਥਾਪਿਆ**
**ਸੂਦ੍ਰ ਬਿਰਤਿ ਜਗ ਮਹਿ ਵਰਤਾਈ॥**

**(ਵਾਰ ੧, ਪਉੜੀ ੭)**

**ਕਲਜੁਗ ਮਨੁੱਖ ਤੇ ਰਾਜਸੀ ਖੇਤਰ :**

ਗੁਰੂ ਜੀ ਨੇ ਰਾਜਸੀ ਖੇਤਰ ਅੰਦਰ ਕਲਜੁਗੀ ਰਾਜੇ ਤੇ ਹੋਰ ਮੁਖੀਆਂ ਦਾ ਜੀਵਨ ਇਤਨੇ ਦੁਰ-ਵਿਵਹਾਰ ਵਾਲਾਂ ਚਿਤਰਿਆ ਹੈ ਸ਼ਾਇਦ ਹੀ ਪਹਿਲਾਂ ਕਦੀ ਕਿਸੇ ਚਿਤਰਿਆ ਹੋਵੇ। ਰਾਜਸੀ ਆਗੂਆਂ ਦਾ ਧਰਮ ਫਰਜ਼ ਹੁੰਦਾ ਹੈ ਕਿ ਪਰਜਾ ਦੀ ਸੇਵਾ ਕੀਤੀ ਜਾਵੇ, ਨਿਆ ਦਿੱਤਾ ਜਾਵੇ ਤੇ ਰਖਸ਼ਾ ਪ੍ਰਦਾਨ ਕੀਤੀ ਜਾਵੇ।

**ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ॥**

**(ਅੰਗ ੧੨੪੦)**

ਕਲਜੁਗ ਦੇ ਭੈੜੇ ਪ੍ਰਭਾਵ ਅੰਦਰ ਰਾਜਸੀ ਆਗੂ ਆਪਣੇ

ਫਰਜ ਨੂੰ ਭੁਲ ਗਏ। ਉਨ੍ਹਾਂ ਹੀ ਲੋਕਾਂ ਦਾ ਖੂਨ ਚੂਸਣ ਵਾਲੇ ਸ਼ੇਰ ਤੇ ਕੁੱਤਿਆ ਕਾ ਰੂਪ ਧਾਰ ਲਿਆ। ਪਾਪ ਕਰਨਾ ਆਪਣਾ ਧਰਮ ਸਮਝ ਲਿਆ। ਆਪਣੇ ਧਰਮ ਤੇ ਅਤਿਆਚਾਰ ਨੂੰ ਲੋਕਾਂ ਤੇ ਜ਼ਬਰਦਸਤੀ ਥਾਪਣਾ ਆਪਣਾ ਕਰਮ ਬਣਾ ਲਿਆ। ਇਸ ਤਰ੍ਹਾਂ ਆਪਣੇ ਵਿਸਵਾਸ਼ ਨੂੰ ਤਲਵਾਰ ਦੇ ਜ਼ੋਰ ਨਾਲ ਲੋਕਾਂ ਤੇ ਠੋਸਣਾ ਸਭ ਕਲਜੁਗ ਦੀਆ ਨਿਸ਼ਾਨੀਆਂ ਹਨ ।

**ਕਲਿ ਪਰਵਾਣੁ ਕਤੇਬ ਕੁਰਾਣੁ॥**

**(ਅੰਗ ੯੦੩)**

**ਕਲਿ ਮਹਿ ਬੇਦੁ ਅਥਰਬਣੁ ਹੂਆ**
**ਨਾਉ ਖੁਦਾਈ ਅਲਹੁ ਭਇਆ ॥**

**(ਅੰਗ ੪੭੦)**

ਖਤਰੀਆਂ ਨੂੰ ਸੂਰਬੀਰ ਸਮਝਿਆ ਜਾਂਦਾ ਹੈ ਇਨਾਂ ਭੀ ਜੁਲਮ ਤੇ ਜ਼ਾਲਮ ਹਕੂਮਤ ਦੇ ਪ੍ਰਭਾਵ ਅਧੀਨ ਆਪਣੇ ਧਰਮ-ਕਰਮ ਦਾ ਤਿਆਗ ਕਰ ਦਿੱਤਾ, ਇਹ ਸਭ ਕਲਜੁਗ ਦੀ ਉਲਟੀ ਰੀਤ ਸੀ। ਆਮ ਜਨਤਾ ਜਾਲਮ ਹਕੂਮਤ ਦੇ ਪ੍ਰਭਾਵ ਅਧੀਨ ਆਪਣਾ ਸਭਿਆਚਾਰ ਤੇ ਬੋਲੀ ਦਾ ਤਿਆਗ ਕਰ ਰਹੀ ਸੀ ਕੁਝ ਲੋਕ ਲਾਲਚ ਦੀ ਖਾਤਰ ਜ਼ਾਲਮ ਦੀ ਬੋਲੀ ਤੇ ਧਰਮ ਨੂੰ ਅਪਣਾ ਰਹੇ ਸਨ ਇਹ ਸਭ ਕਿਉਂ? ਇਹ ਗਿਰਾਵਟਾਂ ਆਪਣੇ ਫਰਜ਼ਾਂ ਨੂੰ ਭੁੱਲਨ ਕਾਰਨ ਹੀ ਆਉਂਦੀਆਂ ਹਨ। ਆਪਣਾ ਫਰਜ਼ ਦਾ ਭੁਲਣਾ ਕਲਜੁਗ ਦੀ ਨਿਸ਼ਾਨੀ ਹੈ।

**ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥**

**(ਅੰਗ ੬੬੩)**

**ਘਰਿ ਘਰਿ ਮੀਆ ਸਭਨਾਂ ਜੀਆਂ**
**ਬੋਲੀ ਅਵਰ ਤੁਮਾਰੀ॥**

**(ਅੰਗ ੧੧੯੧)**

**ਅੰਤਰਿ ਪੂਜਾ ਪੜਹਿ ਕਤੇਬਾ ਸੰਜਮ ਤੁਰਕਾ ਭਾਈ॥**
**ਨੀਲ ਬਸਤ੍ਰ ਲੇ ਕਪੜੇ ਪਹਿਰੇ**
**ਤੁਰਕ ਪਠਾਣੀ ਅਮਲੁ ਕੀਆ॥**

**(ਅੰਗ ੪੭੦)**

**ਕਲਜੁਗ ਤੇ ਗੁਰਮਤਿ ਦਾ ਦ੍ਰਿਸ਼ਟੀਕੋਨ :**

'ਗੁਰਮਤਿ', ਦਸ ਗੁਰੂ ਸਾਹਿਬਾਨ ਦੀ ਆਤਮਿਕ ਜੋਤਿ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਰਾਹੀਂ ਦਿੱਤਾ ਗਿਆ ਗਿਆਨ ਹੈ। ਗੁਰਮਤਿ ਦੀ ਧਾਰਨਾ ਅਨੁਸਾਰ ਜੀਉਣ ਵਾਲੇ ਮਨੁੱਖ ਨੂੰ 'ਗੁਰਮੁਖ' ਦਾ ਨਾਮ ਦਿੱਤਾ ਗਿਆ ਹੈ। 'ਗੁਰਮੁਖ' ਨਾਮ ਵਿਚ ਰਤਿਆ ਹੋਇਆ ਜੀਵ ਹੁੰਦਾ ਹੈ। ਪਰ ਉਪਕਾਰੀ ਉਸਦਾ ਸੁਭਾ ਹੁੰਦਾ ਹੈ। ਗੁਰਮੁਖ ਦੇ ਅਨੁਭਵੀ ਜੀਵਨ ਦੀ ਬਰਕਤ ਨਾਲ ਕਈ ਭੁੱਲੇ ਭਟਕੇ ਲੋਕਾਂ ਨੂੰ ਜੀਵਨ ਸੇਧ ਮਿਲਦੀ ਹੈ।

**ਤਿਨਕੀ ਬਰਕਤਿ ਖਾਹਿ ਅਸੰਖ ਕਰੋੜੇ॥**

'ਗੁਰਮਤਿ', ਸਾਧਕ ਨੂੰ ਆਸ਼ਾਵਾਦੀ ਨਜ਼ਰੀਆਂ ਪਰਦਾਨ ਕਰਦੀ ਹੈ। ਗੁਰੂ ਆਪਣੇ ਸਿੱਖ ਨੂੰ ਨਾਮ ਦੀ ਦਾਤ ਬਖਸ਼ਦਾ ਹੈ। ਨਾਮ ਬਾਕੀ ਸਾਰੇ ਕਰਮ ਕਾਂਡਾਂ, ਜਪ, ਤਪ ਪੂਜਾ-ਅਰਚਾ, ਡੰਡਉਤ ਬੰਦਨਾ ਆਦਿ ਸਭ ਤੋਂ ਉਤਮ ਕਰਮ ਹੈ। ਕਰਮ ਕਾਂਡਾਂ ਵਿਚ ਤਾਂ ਕਲਜੁਗੀ ਜੀਵ ਆਪਣੇ ਸੁਆਸ ਦੀ ਪੂੰਜੀ (ਮੂਲ) ਵੀ ਗੁਆ ਦਿੰਦਾ ਹੈ ਉਸ ਨੂੰ ਲਾਹਾ ਕਿਥੋਂ ਪ੍ਰਾਪਤ ਹੋਣਾ ਹੋਇਆ ਕਿਉਂਕਿ ਇਹ ਸਭ ਕਰਮ ਧਰਮ ਕਲਜੁਗ ਨਾਲ ਸੰਬੰਧਿਤ ਨਹੀਂ ਹਨ ਇਹ ਸਾਧਕ ਨੂੰ ਸਚਿਆਰਾ ਨਹੀਂ ਬਣਾ ਸਕਦੇ। ਜਤੁ ਸੰਜਮ ਤੀਰਥ ਓਨਾਂ ਜੁਗਾ ਦਾ ਧਰਮ ਹੈ :

**ਕਲਿ ਮਹਿ ਕੀਰਤਿ ਹਰਿਨਾਮਾ॥**

**(ਅੰਗ ੭੯੭)**

**ਕਲਿਜੁਗਿ ਬੀਜੁ ਬੀਜੇ ਬਿਨੁ ਨਾਵੈ**
**ਸਭੁ ਲਾਹਾ ਮੂਲੁ ਗਵਾਇਆ॥**

**(ਅੰਗ ੪੪੬)**

ਇਨਾਂ ਫੋਕਟ ਕਰਮਾਂ ਦੇ ਕਰਨ ਨਾਲ ਸੁਚਮ ਨਹੀਂ ਪੈਦਾ ਹੁੰਦਾ ਸਗੋਂ ਉਲਟੀ ਹੋਰ ਮੈਲ ਲੱਗਦੀ ਹੈ।

**ਕੋਟਿ ਤੀਰਥ ਮਜਨ ਇਸਨਾਨਾ**
**ਇਸੁ ਕਲਿ ਮਹਿ ਮੈਲੁ ਭਰੀਜੈ॥**

**(ਅੰਗ ੭੪੮)**

ਕਲਜੁਗ ਅੰਦਰ ਸੋਭਾ ਜਾਂ ਤਾਂ ਨਾਮ ਕਰਕੇ ਹੁੰਦੀ ਹੈ ਜਾਂ ਫਿਰ ਮਾਇਆ ਕਰਕੇ। ਮਾਇਆ, ਧਨ ਪਦਾਰਥ ਅਉਣ ਨਾਲ ਸੋਭਾ ਵਧ ਤਾਂ ਜਾਂਦੀ ਹੈ ਪਰ ਇਹ ਸਭ ਵਕਤੀ ਹੁੰਦੀ ਹੈ ਅਤੇ ਦੁਖ ਤੇ ਕਲਪਣਾ ਦਾ ਕਾਰਨ ਬਣਦੀ ਹੈ। ਮਾਇਆ ਚਲੀ ਜਾਣ ਨਾਲ ਵਕਤੀ ਸੋਭਾ ਵੀ ਨਾਲ ਹੀ ਚਲੀ ਜਾਂਦੀ ਹੈ। ਇਸਦੇ ਜਾਂਦਿਆਂ ਪਤਾ ਨਹੀਂ ਲਗਦਾ। ਇਹ ਮਾਇਆ ਤਾਂ ਸਭ ਕਰਤੇ ਦਾ ਖੇਲ ਹੈ। ਕਲਜੁਗੀ ਮਨੁੱਖ ਇਸ ਨੂੰ ਸਮਝ ਨਹੀਂ ਸਕਦਾ।

**ਮਾਇਆ ਸੁਆਦ ਸਭਿ ਫਿਕਿਆ ਹਰ ਮਨਿ ਭਾਵੰਦੁ॥**
**ਇਹੁ ਧਨੁ ਕਰਤੇ ਕਾ ਖੇਲੁ ਹੈ ਕਦੇ ਆਵੈ ਕਦੇ ਜਾਇ॥**

**(ਅੰਗ ੧੨੮੩)**

ਕਲਜੁਗ ਅੰਦਰ ਦੂਸਰੀ ਸੋਭਾ ਨਾਮ ਤੋਂ ਪ੍ਰਾਪਤ ਹੁੰਦੀ ਹੈ। ਨਾਮ ਸਿਧਾਂਤ ਦੀ ਗੁਰਮਤਿ ਅੰਦਰ ਵਿਲੱਖਣਤਾ ਇਹ ਹੈ

ਕਿ ਇਹ ਨਾ ਤਾਂ ਨਿਰਾ ਗਿਆਨ ਹੈ। ਨਿਰਾ ਗਿਆਨ ਖੁਸ਼ਕ ਤੇ ਦਲੀਲ ਜੁਗਤ ਹੁੰਦਾ ਹੈ। ਨਾਮ ਨਿਰਾ ਕਰਮ ਵੀ ਨਹੀਂ। ਗਿਆਨ ਤੋਂ ਬਿਨਾ ਸਹੀ ਕਰਮ ਕਰਨ ਦੀ ਸੋਝੀ ਨਹੀਂ ਆਉਂਦੀ ਅਤੇ ਨਾ ਹੀ ਯੋਗ ਹੈ। ਯੋਗ ਸਾਧਨਾ ਸ਼ਰੀਰ ਨੂੰ ਤਾਂ ਤੰਦਰੁਸਤ ਬਣਾ ਸਕਦੀ ਹੈ ਪ੍ਰੰਤੂ ਆਤਮਾ ਦੇ ਪ੍ਰਕਾਸ਼ ਲਈ ਸਹਾਈ ਨਹੀਂ ਹੋ ਸਕਦੀ। ਗੁਰਮਤਿ ਨਾਮ ਅੰਦਰ ਇਹ ਤਿੰਨੇ ਸਿਧਾਂਤ ਸਮਾਏ ਹੋਏ ਹਨ। ਨਾਮ ਇਕ ਮਾਰਗ ਹੈ। ਜਿਸ ਵਿਚ ਨਿਸ਼ਕਾਮਨਾ ਦੀ ਪ੍ਰਵਿਰਤੀ ਪ੍ਰਧਾਨ ਹੈ। ਵਿਦਵਾਨਾਂ ਕਿਤੇ ਕਿਤੇ ਇਸ ਨੂੰ 'ਸਹਿਜ ਮਾਰਗ' ਵੀ ਕਿਹਾ ਹੈ।

ਨਾਮ ਪ੍ਰਭੂ ਦੀ ਦਾਤ ਹੈ। ਆਤਮਾ ਅਮੀਰੀ ਹੈ। ਅਤੁੱਟ ਖਜਾਨਾ ਹੈ। ਦੁਨਿਆਵੀ ਧਨ ਦਾ ਅੰਤ ਕੰਗਾਲੀ, ਕਲਪਣਾਂ ਤੇ ਕਸ਼ਟ ਹੁੰਦਾ ਹੈ। ਨਾਮ ਧਨ ਵੰਡਿਆਂ ਘਟਦਾ ਨਹੀਂ, ਸਗੋਂ ਵਧਦਾ ਹੈ। ਇਹ ਹਲਤ ਪਲਤ ਦੋਹਾ ਦਾ ਰਾਖਾ ਹੈ। ਕਲਜੁਗ ਅੰਦਰ ਗੁਰਮਤਿ ਨਾਮ ਦੀ ਹੀ ਸੋਭਾ ਹੁੰਦੀ ਹੈ।

**ਇਸੁ ਜੁਗ ਮਹਿ ਸੋਭਾ ਨਾਮ ਕੀ**
**ਬਿਨੁ ਨਾਵੈ ਸੋਭ ਨ ਹੋਇ ॥**

**(ਅੰਗ ੪੨੯)**

ਇਹ ਸਰੀਰ ਰੂਪੀ ਰੱਥ ਤ੍ਰੇਤਾ ਦੁਆਪਰ ਤੋਂ ਹੁੰਦਾ ਹੋਇਆ ਕਲਜੁਗ ਵਿਚ ਪ੍ਰਵੇਸ਼ ਹੋਇਆ। ਗੁਰਬਾਣੀ ਅਨੁਸਾਰ ਕਲਜੁਗ ਅੰਦਰ ਸਰੀਰ ਰੂਪੀ ਰੱਥ ਤ੍ਰਿਸ਼ਨਾ ਦਾ ਭਰਿਆ ਹੋਇਆ ਦੱਸਿਆ ਹੈ। ਕੂੜ ਇਸਦਾ ਰਥਵਾਨ ਹੈ। ਨਾਮ ਤੋਂ ਬਿਨਾਂ ਸਭ ਕੁਝ ਹੀ ਕੂੜ ਹੈ, ਅਸਥਿਰ ਹੈ। ਚਲਾਏ ਮਾਨ ਹੈ।

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਜਿਸ ਮੁਕਤੀ ਨੂੰ ਸਤਿਜੁਗ ਅੰਦਰ ਸੰਤੋਖੀ ਤੇ ਧਰਮੀ ਮਨੁੱਖ ਪ੍ਰਾਪਤ ਨਹੀਂ ਕਰ ਸਕੇ, ਜਤੀ ਸੂਰਮੇ ਵਿਰਵੇ ਰਹੇ ਅਤੇ ਦੁਆਪਰ ਦੇ ਤਪੀਆਂ ਦੇ ਵਸ ਤੋਂ ਬਾਹਰ ਦੀ ਗਲ ਸੀ। ਕਲਜੁਗਿ ਦੇ ਨਿਘਰੇ ਹੋਏ ਸਮੇਂ ਅੰਦਰ ਤਦ ਹੀ ਸੰਭਵ ਹੋ ਸਕਦਾ ਹੈ ਜੇ ਅਸੀਂ ਸਤਿਗੁਰ ਦੇ ਦਿਤੇ ਨਾਮ ਧਨ ਦੀ ਕਮਾਈ ਕਰੀਏ। ਗੁਰੂ ਜੀ ਨੇ ਸਤਿਜੁਗ ਤੋਂ 'ਸਤਿ', ਤ੍ਰੇਤੇ ਦਾ 'ਸੰਤੋਖ', ਦੁਆਪਰ ਦਾ 'ਵੀਚਾਰ' ਲੈਕੇ, ਕਲਜੁਗ ਅੰਦਰ ਚੋਥਾ 'ਨਾਮ' ਕਾਇਮ ਕੀਤਾ। ਨਾਮ ਨਾਲ ਹੀ ਸਤਿ ਗਿਆਨ ਦੀ ਪ੍ਰਾਪਤੀ ਸੰਭਵ ਹੈ, ਇਹ ਪ੍ਰਾਪਤ ਕੀਤਾ ਗਿਆਨ ਸੰਤੋਖ ਨਾਲ ਅਹਿਲ ਬਣਿਆ ਰਹਿੰਦਾ ਹੈ। ਵੀਚਾਰ ਨਾਲ ਸੰਤੋਖ ਵਾਲਾ ਗਿਆਨ ਪਾਖੰਡ ਤੋਂ ਬਚ ਜਾਂਦਾ ਹੈ। ਇਹ ਚਾਰੇ ਪਦਾਰਥ ਕਲਜੁਗ ਅੰਦਰ ਚਾਰ ਪੁਰਸ਼ਾਰਥ (ਧਰਮ ਅਰਥ ਕਾਮ ਤੇ ਮੋਕਸ਼) ਪ੍ਰਦਾਨ ਕਰਨ ਵਾਲੇ ਹਨ।

**ਕਲ ਮਹਿ ਮੁਕਤਿ ਨਾਮ ਤੇ ਪਾਵਤ**
**ਗੁਰੁ ਯਹ ਭੇਦੁ ਬਤਾਵੈ॥**

**(ਅੰਗ ੮੩੧)**

**ਕਲ ਮੈ ਏਕੁ ਨਾਮੁ ਕਿਰਪਾ ਨਿਧਿ**
**ਜਾਹਿ ਜਪੈ ਗਤਿ ਪਾਵੈ॥**
**ਅਉਰ ਧਰਮ ਤਾ ਕੈ ਸਮਿ ਨਾਹਨਿ**
**ਇਹ ਬਿਧਿ ਬੇਦੁ ਬਤਾਵੈ॥**

**(ਅੰਗ ੬੩੨)**

ਨਾਮ ਜੀਵ ਦੇ ਅੰਦਰ ਹੈ। ਜਿਹੜਾ ਇਸ ਨੂੰ ਬਾਹਰ ਢੂੰਡਦਾ ਹੈ ਉਹ ਭਰਮ ਵਿਚ ਹੈ। ਸਰੀਰ ਅੰਦਰ ਨਾਮ ਦਾ ਵਾਸਾ ਹੈ ਇਸ ਲਈ ਕੰਚਨ ਵਰਗੀ ਕਾਇਆ ਨੂੰ ਯੋਗ ਸਾਧਨਾਂ ਦੇ ਕਠਨ ਤੱਪਾਂ ਰਾਹੀ ਕਸ਼ਟ ਦੇਣਾ ਗੁਰਮਤਿ ਦੇ ਅਨਕੂਲ ਨਹੀਂ ਹੈ।

ਗੁਰੂ ਨਾਨਕ ਦੇਵ ਜੀ ਨੇ 'ਰਾਮਕਲੀ ਰਾਗ' ਵਿਚ ਕਲਜੁਗ ਦੀ ਸਾਰੀ ਤਸਵੀਰ ਖਿਚ ਕੇ ਅੰਤ ਵਿੱਚ ਮਨੁੱਖ ਨੂੰ ਸੁਚੇਤ ਕੀਤਾ ਹੈ ਕਿ ਨਾਮ ਅੰਦਰ ਵਸਦਾ ਹੈ ਇਸਨੂੰ ਪਾਉਣਾ ਅਤੇ ਨਾਮ ਅਨੁਸਾਰ ਅਨੁਭਵੀ ਜੀਵਨ ਜੀਉਣਾ ਕਲਜੁਗ ਅੰਦਰ ਮੁੱਖ ਕਰਮ ਤੇ ਜੀਵਨ ਦਾ ਨਿਸ਼ਾਨਾ ਇਹ ਹੈ ਕਿ ਇਸ ਤੋਂ ਉੱਪਰ ਕੋਈ ਹੋਰ ਕਰਮ ਨਹੀਂ ਹੈ। ਜੇਕਰ ਵਸਤ ਘਰ ਵਿਚ ਹੋਵੇ ਫਿਰ ਬਾਹਰੋਂ ਮੰਗਣ ਜਾਏ ਤਾਂ ਉਸ ਨੂੰ ਉਲਾਮਾ ਮਿਲਦਾ ਹੈ।

**ਨਾਨਕ ਨਾਮੁ ਮਿਲੈ ਵਡਿਆਈ**
**ਏਦੂ ਉਪਰਿ ਕਰਮੁ ਨਹੀ॥**
**ਜੇ ਘਰਿ ਹੋਂਦੈ ਮੰਗਣਿ ਜਾਈਐ**
**ਫਿਰਿ ਓਲਾਮਾ ਮਿਲੈ ਤਹੀ॥**

**(ਅੰਗ ੯੦੩)**

ਕਲਜੁਗ ਦਾ ਸਮਾਂ ਭੈੜੇ ਮਨੁੱਖਾਂ ਦੇ ਨੀਚ ਕਰਮਾਂ ਦੇ ਫਲ ਕਾਰਨ ਅੱਗ ਵਾਂਗ ਤਪ ਰਿਹਾ ਹੈ। ਇਸੇ ਲਈ ਗੁਰਬਾਣੀ ਵਿਚ ਕਲਜੁਗ ਨੂੰ ਅਗਨ ਦਾ ਰੱਥ ਤੇ ਕੂੜ ਰਥਵਾਨ ਨਾਲ ਉਪਮਾ ਦਿੱਤੀ ਹੈ। ਇਸ ਤਪਸ਼ ਨੂੰ ਨਾਮ ਹੀ ਠੰਡਾ ਕਰ ਸਕਦਾ ਹੈ। ਨਾਮ ਸਿਮਰਨ ਨਾਲ ਹੀ ਜੀਵ ਨੂੰ ਮੋਖ ਪ੍ਰਾਪਤ ਹੋ ਸਕਦਾ ਹੈ।

**ਕਲਿ ਤਾਤੀ ਠਾਂਢਾ ਹਰਿਨਾਉ॥**
**ਸਿਮਰਿ ਸਿਮਰਿ ਸਦਾ ਸੁਖ ਪਾਉ॥**

**(ਅੰਗ ੨੮੯)**

ਕਲਜੁਗ ਦੇ ਭਰਮ ਰੂਪੀ ਅੰਧੇਰੇ ਅੰਦਰ ਨਾਮ ਇਕ

ਆਤਮਕ ਪ੍ਰਕਾਸ਼ ਹੈ। ਇਹ ਪ੍ਰਕਾਸ਼ ਇਕ ਐਸਾ ਹੈ ਇਕ ਵਾਰ ਪ੍ਰਗਟ ਹੋਣ ਨਾਲ ਮੁੜ ਧੁੰਦਲਾ ਨਹੀਂ ਹੁੰਦਾ ਅਤੇ ਨਾ ਹੀ ਇਸਦੀ ਜੋਤ ਮੱਧਮ ਪੈਂਦੀ ਹੈ। ਇਸ ਪ੍ਰਕਾਸ਼ ਮਈ ਜੋਤ ਦਾ ਉਜਾਲਾ ਕੋਟ ਸੂਰਜਾਂ ਦੇ ਬਰਾਬਰ ਹੁੰਦਾ ਹੈ।

**ਨਾਮੁ ਜਪਤ ਕੋਟਿ ਸੂਰ ਉਜਾਰਾ**
**ਬਿਨਸੈ ਭਰਮੁ ਅੰਧੇਰਾ॥**

**(ਅੰਗ ੭੦੦)**

ਅਸੀ ਪਹਿਲਾਂ ਕਲਜੁਗੀ ਜੀਵ ਦਾ ਮਨਮੁਖ ਦੇ ਰੂਪ ਵਿਚ ਵਰਣਨ ਕੀਤਾ ਹੈ, ਕਲਜੁਗ ਅੰਦਰ ਨਾਮ ਇਕ ਅਜਿਹੀ ਸ਼ਕਤੀ ਹੈ ਕਿ ਇਸਦੇ ਅਰਾਧਣ ਨਾਲ ਮੂਰਖ, ਮੁਗਧ ਤੇ ਮੂੜ ਸਭ ਸਿਆਣੇ ਹੋ ਜਾਂਦੇ ਹਨ। ਨਾਮ ਦੀ ਇਕ ਕਣੀ ਅਸੰਖ ਪਾਪਾਂ ਦਾ ਨਾਸ਼ ਕਰ ਦਿੰਦੀ ਹੈ। ਨਾਮ ਤੋਂ ਬਗੈਰ ਸਭ ਕਿਛ ਮੈਲਾ ਹੈ।

**ਕਟੈ ਪਾਪ ਅਸੰਖ ਨਾਵੈ ਇਕ ਕਣੀ॥**

**(ਅੰਗ ੧੨੮੩)**

ਸਾਰਾ ਸੰਸਾਰ ਕਲਜੁਗ ਦੇ ਪ੍ਰਭਾਵ ਕਾਰਨ ਰੋਗੀ ਹੈ ਕਿਸੇ ਨੂੰ ਬਿਆਧਿ (ਸਰੀਰ) ਅਤੇ ਕਿਸੇ ਨੂੰ ਉਪਾਧਿ (ਭਰਮ) ਦੇ ਰੋਗ ਲੱਗੇ ਹੋਏ ਹਨ। ਨਾਮ ਸਾਰੇ ਰੋਗਾਂ ਦੀ ਦਾਰੂ ਹੈ : ਕੇਵਲ ਸਤਿਗੁਰੂ ਇਨ੍ਹਾਂ ਰੋਗਾਂ ਤੋਂ ਮੁਕਤ ਹੈ। ਸਤਿਗੁਰੂ ਦੁਆਰਾ ਦਿੱਤਾ ਗਿਆ ਨਾਮ ਧਾਰਨ ਕਰਨ ਨਾਲ ਜੀਵ ਇਨ੍ਹਾਂ ਰੋਗਾਂ ਤੋਂ ਮੁਕਤ ਹੋ ਸਕਦਾ ਹੈ।

**ਜੋ ਜੋ ਦੀਸੈ ਸੋ ਸੋ ਰੋਗੀ॥**
**ਰੋਗ ਰਹਿਤ ਮੇਰਾ ਸਤਿਗੁਰੁ ਜੋਗੀ॥**

**(ਅੰਗ ੧੧੪੧)**

ਕਲਜੁਗ ਅੰਦਰ ਦੁਨਿਆਵੀ ਪਦਾਰਥਾਂ ਦਾ ਮੋਹ, ਬਿਖ ਰੂਪ ਹੈ। ਮਨੁੱਖ ਮੱਖੀ ਵਾਂਗ ਇਨਾਂ ਗੁੜ ਰੂਪੀ ਪਦਾਰਥਾਂ ਵਿਚ ਜਕੜਿਆ ਹੋਇਆ ਹੈ। ਪ੍ਰਭੂ ਦਾ ਨਾਮ ਅੰਮ੍ਰਿਤ ਹੈ। ਨਾਮ ਨੂੰ ਜੀਵਨ ਦਾ ਆਧਾਰ ਬਣਾ ਕੇ ਇਨਾਂ ਪਦਾਰਥਾਂ ਨੂੰ ਭੋਗਣਾ ਸਫਲ ਹੈ। ਨਾਮ ਆਧਾਰਤ ਜੀਵ (ਗੁਰਮੁਖ) ਦਾ ਖਾਣਾ ਪੀਣਾ, ਰਹਿਣਾ, ਸਉਣਾਂ ਸਾਰਾ ਪਵਿੱਤਰ ਹੈ। ਉਸਦੇ ਘਰ ਮੰਦਰ ਸਰਾਈ ਸਭ ਪਵਿੱਤਰ ਹਨ।

❋❋❋


– ਡਾ. ਸ਼ਮਸ਼ੇਰ ਸਿੰਘ
ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
ਮੋਬਾਇਲ : 9888438157


## ਵਿਗੜਦਾ ਕਿਰਦਾਰ ਪੰਜਾਬੀ

ਪੱਗਾਂ ਲਾਹੀਆਂ ਰੱਖ ਲਏ ਬੋਦੇ
ਕੱਟ ਲਏ ਕੇਸ ਸੁਣ ਦਸਮ ਪਿਤਾ
ਜ਼ੈੱਲਾਂ ਲਾਈਆਂ, ਰੂਪ ਵਿਗਾੜਿਆ
ਸਾਂਭਿਆ ਨਾ, ਸਭ ਗਵਾ ਦਿੱਤਾ।

ਪਾ ਲਈਆਂ ਕੰਨਾਂ ’ਚ ਮੁੰਦਰਾਂ
ਨੱਕ ਵਿੱਚ ਵਾਲੀ ਵੀ ਪਾ ਲੈਣਗੇ
ਮੱਥੇ ਇਨ੍ਹਾਂ ਦੇ ਚਮਕੂ ਟਿੱਕਾ
ਬਾਹਾਂ ’ਚ ਵੰਗਾਂ ਛਣਕਾ ਲੈਣਗੇ.....

ਦਿੱਖ ਲੂੰਬੜ ਦੀ, ਚਾਲ ਨਸ਼ੀਲੀ
ਟੀਕਿਆਂ ਦੇ ਸੰਗ ਜਿਊਂਦੇ ਨੇ
ਕਦੇ ਰੂਹਾਨੀ ਚਿਹਰੇ ਸੀ ਜੋ
ਅੱਜ ਵੀ ਚੇਤੇ ਆਉਂਦੇ ਨੇ.....

ਗੀਤਾਂ ਦੀਆਂ ਗਾਲਾਂ ’ਤੇ ਨੱਚਦਾ
ਬੇਸਮਝ ਨਹੀਂ, ਮੂਰਖ ਹੁੰਦਾ ਏ
ਮਾਂ ਬੋਲੀ ਵਿੱਚ ਸਮਝੇ ਬੇਇਜ਼ਤੀ
ਬੇਚਾਰਾ ਨਹੀਂ, ਬਦਸੂਰਤ ਹੁੰਦਾ ਏ।

ਕਪੜਿਆਂ-ਕਾਰਾਂ ਦੀ ਭੁੱਖ ਹੈ
ਹਵਸ ਵੀ ਮਨ ਤੋਂ ਬਾਹਰ ਨਹੀਂ
ਨਾ ਸਮਝੇ ਕਿਰਦਾਰ ਪੰਜਾਬੀ
ਦਿਲ ਦਾ ਕੋਈ ਸਰਦਾਰ ਨਹੀਂ।


– ਡਾ. ਅਮਨਪ੍ਰੀਤ ਸਿੰਘ
ਐਮ.ਏ. (ਪੰਜਾਬੀ ਤੇ ਰਿਲੀਜ਼ਨ), ਬੀ.ਐਡ., ਪੀ.ਐਚ.ਡੀ.



## ਮਾਤਾ ਸੁੰਦਰੀ ਕਾਲਜ ਵਿਖੇ ਮਨਾਇਆ ਕੌਮਾਂਤਰੀ ਮਹਿਲਾ ਦਿਵਸ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸ. ਜਗਦੀਪ ਸਿੰਘ ਕਾਹਲੋਂ ਨੇ ਕਿਹਾ ਹੈ ਕਿ ਸਿੱਖਾਂ ਦੇ ਪਹਿਲੇ ਗੁਰੂ, ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਸਿੱਖ ਕੌਮ ਨੇ ਔਰਤਾਂ ਨੂੰ ਸਭ ਤੋਂ ਵੱਧ ਸਤਿਕਾਰ ਦੇਣਾ ਸ਼ੁਰੂ ਕੀਤਾ ਅਤੇ ਕੌਮਾਂਤਰੀ ਮਹਿਲਾ ਦਿਵਸ ਮਨਾਉਣ ’ਤੇ ਪਹਿਲਾ ਹੱਕ ਸਿੱਖ ਕੌਮ ਦਾ ਬਣਦਾ ਹੈ। ਇਥੇ ਮਾਤਾ ਸੁੰਦਰੀ ਕਾਲਜ ਵਿਚ ਮਾਤਾ ਸਾਹਿਬ ਕੌਰ ਆਡੀਟੋਰੀਅਮ ਵਿਚ ਕੌਮਾਂਤਰੀ ਮਹਿਲਾ ਦਿਵਸ ’ਤੇ ਕਰਵਾਏ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਸ. ਕਾਲਕਾ ਤੇ ਸ. ਕਾਹਲੋਂ ਨੇ ਕਿਹਾ ਕਿ ਕੌਮਾਂਤਰੀ ਮਹਿਲਾ ਦਿਵਸ 1908 ਤੋਂ ਅਮਰੀਕਾ ਵਿਚ ਮਨਾਉਣਾ ਸ਼ੁਰੂ ਹੋਇਆ ਤੇ 1943 ਵਿਚ ਭਾਰਤ ਵਿਚ ਮਨਾਇਆ ਜਾਣਾ ਸ਼ੁਰੂ ਹੋਇਆ ਪਰ ਸਿੱਖ ਇਤਿਹਾਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ 500 ਸਾਲ ਪਹਿਲਾਂ ਹਰ ਦਿਨ ਵੂਮੈਨ ਡੇਅ ਮਨਾਉਣ ਦੀ ਗੱਲ ਕੀਤੀ ਸੀ। ਉਹਨਾ ਉਚਾਰਿਆ ਸੀ, “ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥”। ਉਹਨਾਂ ਕਿਹਾ ਕਿ ਗੁਰੂ ਸਾਹਿਬ ਦੇ ਸਮੇਂ ਤੋਂ ਹੀ ਮਹਿਲਾਵਾਂ ਨੂੰ ਸਭ ਤੋਂ ਵੱਡਾ ਮਾਣ ਸਿੱਖ ਕੌਮ ਨੇ ਦਿੱਤਾ। ਉਹਨਾਂ ਕਿਹਾ ਕਿ ਉਸ ਵੇਲੇ ਭਰੂਣ ਹੱਤਿਆ ਪ੍ਰਚਲਿਤ ਸੀ ਜਿਸਨੂੰ ਰੋਕਣ ਵਾਸਤੇ ਗੁਰੂ ਨਾਨਕ ਦੇਵ ਜੀ ਨੇ ਕੰਮ ਸ਼ੁਰੂ ਕੀਤਾ। ਉਹਨਾਂ ਕਿਹਾ ਕਿ ਸਿੱਖ ਕੌਮ ਦੇ ਚਰਿੱਤਰ ਨਿਰਮਾਣ ਵਿਚ ਬੀਬੀਆਂ ਨੇ ਗੁਰੂ ਘਰਾਂ ਨਾਲ ਜੁੜ ਕੇ ਅਹਿਮ ਯੋਗਦਾਨ ਪਾਇਆ ਜਿਸ ’ਤੇ ਸਿੱਖ ਕੌਮ ਨੂੰ ਮਾਣ ਹੈ। ਉਹਨਾਂ ਕਿਹਾ ਕਿ ਕੌਮ ਵਿਚ ਪਹਿਲੀ ਸਿੱਖ ਇਸਤਰੀ ਬੇਬੇ ਨਾਨਕੀ ਨੂੰ ਮੰਨਿਆ ਜਾਂਦਾ ਹੈ ਤੇ ਖਾਲਸਾ ਪੰਥ ਦੀ ਸਥਾਪਨਾ ਲਈ ਮਾਤਾ ਸਾਹਿਬ ਕੌਰ ਨੂੰ ਖਾਲਸਾ ਦੀ ਮਾਤਾ ਕਹਾਉਣ ਦੀ ਵਡਿਆਈ ਮਿਲੀ ਸੀ। ਉਹਨਾਂ ਕਿਹਾ ਕਿ ਜਦੋਂ ਲੰਗਰ ਪ੍ਰਥਾ ਸ਼ੁਰੂ ਹੋਈ ਤਾਂ ਮਾਤਾ ਖੀਵੀ ਜੀ ਪਹਿਲੇ ਸੰਚਾਲਕ ਬਣੇ ਅਤੇ ਧਰਮ ਦੇ ਪ੍ਰਚਾਰ ਵਾਸਤੇ ਬੀਬੀ ਅਮਰੋ ਨੂੰ ਮਾਤਾ ਖੀਵੀ ਜੀ ਨੇ ਗੁਰਮਤਿ ਦੀ ਦਾਤ ਦਿੱਤੀ। ਉਹਨਾਂ ਕਿਹਾ ਕਿ ਸਿੱਖ ਕੌਮ ਨੂੰ ਕਲੰਕਿਤ ਹੋਣ ਤੋਂ ਮਾਈ ਭਾਗੋ ਨੇ ਬਚਾਇਆ ਜਿਸਨੇ 40 ਮੁਕਤਿਆਂ ਨੂੰ ਵੰਗਾਰਿਆ ਕਿ ਉਹਨਾਂ ਗੁਰੂ ਸਾਹਿਬ ਦਾ ਸਾਥ ਕਿਉਂ ਛੱਡਿਆ ਤੇ ਇਸ ਮਗਰੋਂ 40 ਮੁਕਤੇ ਵਾਪਸ ਪਰਤੇ ਤੇ ਅੰਤ ਤੱਕ ਗੁਰੂ ਸਾਹਿਬ ਨਾਲ ਡਟੇ ਰਹੇ। ਉਹਨਾਂ ਕਿਹਾ ਕਿ ਇਸੇ ਤਰੀਕੇਜਦੋਂ ਸ਼ਹੀਦੀ ਦੇਣ ਦੀ ਵਾਰੀ ਆਈ ਤਾਂ ਮਾਤਾ ਗੁਜਰ ਕੌਰ ਦਾ ਨਾਂ ਸਭ ਤੋਂ ਪਹਿਲਾ ਆਉਂਦਾ ਹੈ। ਉਹਨਾਂ ਕਿਹਾ ਕਿ ਜਿਸ ਥਾਂ ’ਤੇ ਅਸੀਂ ਬੈਠ ਕੇ ਪ੍ਰੋਗਰਾਮ ਕਰ ਰਹੇ ਹਾਂ, ਮਾਤਾ ਸੁੰਦਰੀ ਆਡੀਟੋਰੀਅਮ ਵਿਚ ਅਸੀਂ ਬੈਠੇ ਹਾਂ, ਅਸੀਂ ਭੁੱਲ ਨਹੀਂ ਸਕਦੇ ਕਿ ਮਾਤਾ ਸੁੰਦਰੀ ਨੇ ਸਿੱਖ ਕੌਮ ਦੀ ਅਗਵਾਈ ਕੀਤੀ। ਉਹਨਾਂ ਨੇ ਕਈ ਹੁਕਮਨਾਮੇ ਕੌਮ ਦੇ ਨਾਂ ’ਤੇ ਜਾਰੀ ਕੀਤੇ ਜਿਸ ਕਾਰਨ ਸਿੱਖ ਅੱਜ ਚੜ੍ਹਦੀਕਲਾ ਵਿਚ ਹਨ। ਉਹਨਾਂ ਕਿਹਾ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਤੋਂ ਬਾਅਦ ਸਿੱਖ ਕੌਮ ਨੂੰ ਮਾਤਾ ਸੁੰਦਰ ਕੌਰ ਜੀ ਨੇ ਸੰਭਾਲਿਆ। ਇਸ ਮੌਕੇ ਉਹਨਾਂ ਸ. ਸਤਪਾਲ ਸਿੰਘ ਖਾਲਸਾ, ਸੰਤ ਹਨੂਮਾਨ ਸਿੰਘ ਖਾਲਸਾ ਜੀ, ਪ੍ਰਿੰਸੀਪਲ ਡਾ. ਹਰਪ੍ਰੀਤ ਕੌਰ ਤੇ ਹੋਰ ਪਤਵੰਤਿਆਂ ਦਾ ਵੀ ਧੰਨਵਾਦ ਕੀਤਾ।



## ਦਿੱਲੀ ਕਮੇਟੀ ਨੇ ਸਾਢੇ 4 ਕਿਲੋ ਸੋਨਾ ਤੇ 9 ਕਿਲੋ ਚਾਂਦੀ ਬਾਬਾ ਬਚਨ ਸਿੰਘ ਜੀ ਕਾਰ ਸੇਵਾ ਵਾਲਿਆਂ ਨੂੰ ਸੌਂਪੇ

ਦਿੱਲੀ ਕਮੇਟੀ ਦੇ ਪ੍ਰਧਾਨ ਸ. ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸ. ਜਗਦੀਪ ਸਿੰਘ ਕਾਹਲੋਂ ਦੀ ਅਗਵਾਈ ਹੇਠ ਕਮੇਟੀ ਦੀ ਟੀਮ ਨੇ ਅੱਜ ਸੰਗਤਾਂ ਵੱਲੋਂ ਦਾਨ ਕੀਤਾ ਸਾਢੇ 4 ਕਿਲੋ ਸੋਨਾ ਅਤੇ 9 ਕਿਲੋ ਤੋਂ ਵੱਧ ਚਾਂਦੀ ਬਾਬਾ ਬਚਨ ਸਿੰਘ ਜੀ ਕਾਰ ਸੇਵਾ ਵਾਲਿਆਂ ਤੇ ਉਹਨਾਂ ਦੀ ਟੀਮ ਨੂੰ ਸੌਂਪੀ ਤਾਂ ਜੋ ਗੁਰੂ ਘਰਾਂ ਵਿਚ ਚਲ ਰਹੀ ਸੇਵਾ ਦੇ ਕਾਰਜ ਸੁਚੱਜੇ ਢੰਗ ਨਾਲ ਨੇਪਰੇ ਚੜ੍ਹ ਸਕਣ। ਇਸ ਬਾਰੇ ਵਿਸਥਾਰ ਵਿਚ ਜਾਣਕਾਰੀ ਦਿੰਦਿਆਂ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਜੂਨ 2021 ਵਿਚ ਇਕੱਤਰ ਹੋਇਆ ਸੋਨਾ ਤੇ ਚਾਂਦੀ ਬਾਬਾ ਬਚਨ ਸਿੰਘ ਜੀ ਕਾਰ ਸੇਵਾ ਵਾਲਿਆਂ ਨੂੰ ਸੌਂਪੇ ਗਏ ਸਨ ਤੇ ਹੁਣ ਮਾਰਚ 2023 ਤੱਕ ਇਕੱਠਾ ਹੋਇਆ ਸਾਢੇ 4 ਕਿਲੋ ਸੋਨਾ ਤੇ 9 ਕਿਲੋ ਚਾਂਦੀ ਅੱਜ ਬਾਬਾ ਜੀ ਦੀ ਟੀਮ ਨੂੰ ਸੌਂਪੀ ਗਈ ਹੈ। ਇਸ ਮੌਕੇ ਬਾਬਾ ਬਚਨ ਸਿੰਘ ਜੀ ਦੇ ਨਾਲ ਬਾਬਾ ਸੁਰਿੰਦਰ ਸਿੰਘ ਜੀ, ਬਾਬਾ ਰਵੀ ਜੀ, ਬਾਬਾ ਲੱਖਾ ਜੀ, ਬਾਬਾ ਸਤਨਾਮ ਸਿੰਘ, ਲੱਕੀ ਜੀ ਸਮੇਤ ਸਮੁੱਚੀ ਟੀਮ ਪਹੁੰਚੀ ਹੋਈ ਸੀ। ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਦੱਸਿਆ ਕਿ ਜਿਹੜੀਆਂ ਗੁਰੂ ਘਰ ਦੀਆਂ ਵੱਖ-ਵੱਖ ਸੇਵਾਵਾਂ ਚਲ ਰਹੀਆਂ ਹਨ, ਉਸ ਵਿਚ ਬਹੁਤ ਵੱਡਾ ਯੋਗਦਾਨ ਪੰਥ ਰਤਨ ਬਾਬਾ ਹਰਬੰਸ ਸਿੰਘ ਜੀ ਕਾਰ ਸੇਵਾ ਵਾਲਿਆਂ ਦਾ ਹੈ। ਉਹਨਾਂ ਦੱਸਿਆ ਕਿ ਇਸ ਵੇਲੇ ਗੁਰਦੁਆਰਾ ਰਕਾਬਗੰਜ ਸਾਹਿਬ, ਗੁਰਦੁਆਰਾ ਮਜਨੂੰ ਕਾ ਟਿੱਲਾ, ਬਾਲਾ ਸਾਹਿਬ ਹਸਪਤਾਲ ਤੇ ਭਾਈ ਮਤੀ ਦਾਸ ਚੌਂਕ ਸਮੇਤ ਬਹੁਤ ਸਾਰੀਆਂ ਥਾਵਾਂ 'ਤੇ ਕਾਰ ਸੇਵਾ ਬਾਬਾ ਬਚਨ ਸਿੰਘ ਜੀ ਤੇ ਇਹਨਾਂ ਦੀ ਟੀਮ ਵੱਲੋਂ ਕੀਤੀ ਜਾ ਰਹੀ ਹੈ। ਉਹਨਾਂ ਦੱਸਿਆ ਕਿ ਸੰਗਤ ਜਿਹੜੀ ਸੇਵਾ ਸੋਨਾ ਦਾਨ ਕਰਦੀ ਹੈ, ਭਾਵੇਂ ਗਹਿਣੇ ਹੋਣ, ਸੋਨੇ ਦੀਆਂ ਇੱਟਾਂ ਹੋਣ, ਬਿਸਕੁੱਟ ਹੋਣ ਜਾਂ ਫਿਰ ਕਿਸੇਵੀ ਰੂਪ ਵਿਚ ਹੋਵੇ, ਪ੍ਰਬੰਧਕ ਇਹ ਯਕੀਨੀ ਬਣਾਉਂਦੇ ਹਨ ਕਿ ਜਿਹੜੀ ਮਨਸ਼ਾ ਦੇ ਨਾਲ ਸੰਗਤ ਨੇ ਸੇਵਾ ਕੀਤੀ ਅਤੇ ਚੰਗੇ ਕਾਰਜ ਲਈ ਦਾਨ ਕੀਤਾ ਹੈ, ਉਹ ਮਨਸ਼ਾ ਹਮੇਸ਼ਾ ਪੂਰੀ ਹੋਵੇ ਅਤੇ ਇਹ ਮਾਇਆ ਚੰਗੇ ਕਾਰਜ ਲਈ, ਗਰੀਬ ਗੁਰਬੇ ਦੀ ਸੇਵਾ, ਬੱਚਿਆਂ ਦੀ ਪੜ੍ਹਾਈ ਤੇ ਮਰੀਜ਼ਾਂ ਦੇ ਇਲਾਜ ਲਈ ਲੱਗ ਸਕੇ। ਇਸ ਮੌਕੇ ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਗੁਰਦੁਆਰਾ ਮਾਤਾ ਸੁੰਦਰੀ ਜੀ ਵਿਖੇ ਤਕਰੀਬਨ ਸਵਾ ਲੱਖ ਫੁੱਟ ਵਰਗ ਜ਼ਮੀਨ 'ਤੇ ਸਟਾਫ ਕੁਆਰਟਰਾਂ ਦੀ ਉਸਾਰੀ ਦੀ ਸੇਵਾ ਵੀ ਬਾਬਾ ਬਚਨ ਸਿੰਘ ਜੀ ਨੂੰ ਸੌਂਪੀ ਤੇ ਆਸ ਪ੍ਰਗਟਾਈ ਕਿ ਜਿਵੇਂ ਬਾਕੀ ਗੁਰਧਾਮਾਂ ਦੀ ਸੇਵਾ ਉਹ ਦਿੱਲੀ ਗੁਰਦੁਆਰਾ ਕਮੇਟੀ ਨਾਲ ਮਿਲ ਕੇ ਨਿਭਾ ਰਹੇ ਹਨ, ਇਸੇ ਤਰੀਕੇ ਇਹ ਕਾਰਜ ਵੀ ਜਲਦੀ ਪ੍ਰਵਾਨ ਚੜ੍ਹਨਗੇ।







## ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਵੇਂ ਵਰ੍ਹੇ ਦੀ ਸ਼ੁਰੂਆਤ ਮੌਕੇ ਰਿਲੀਜ਼ ਕੀਤਾ ਨਾਨਕਸ਼ਾਹੀ ਕੈਲੰਡਰ

ਦਿੱਲੀ ਕਮੇਟੀ ਨੇ 1 ਚੇਤ ਨੂੰ ਨਵੇਂ ਨਾਨਕਸ਼ਾਹੀ ਵਰ੍ਹੇ ਸੰਮਤ 555 ਦੀ ਸ਼ੁਰੂਆਤ 'ਤੇ ਨਾਨਕਸ਼ਾਹੀ ਕੈਲੰਡਰ ਰਿਲੀਜ਼ ਕੀਤਾ। ਗੁਰਦੁਆਰਾ ਬੰਗਲਾ ਸਾਹਿਬ ਵਿਖੇ ਹੋਏ ਸਮਾਗਮ ਵਿਚ ਕਮੇਟੀ ਦੇ ਪ੍ਰਧਾਨ ਸ. ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸ. ਜਗਦੀਪ ਸਿੰਘ ਕਾਹਲੋਂ ਤੇ ਹੋਰ ਪਤਵੰਤਿਆਂ ਨੇ ਇਹ ਕੈਲੰਡਰ ਰਿਲੀਜ਼ ਕੀਤਾ। ਇਸ ਮੌਕੇ ਜੁੜੀ ਸੰਗਤ ਨੂੰ ਸੰਬੋਧਨ ਕਰਦਿਆਂ ਸ. ਕਾਲਕਾ ਤੇ ਸ. ਕਾਹਲੋਂ ਨੇ ਸਮੁੱਚੀ ਸੰਗਤ ਨੂੰ ਨਵੇਂ ਨਾਨਕਸ਼ਾਹੀ ਵਰ੍ਹੇ ਦੀਆਂ ਵਧਾਈਆਂ ਦਿੰਦਿਆਂ ਕਿਹਾ ਕਿ ਇਹ ਕੈਲੰਡਰ ਸਾਡੀ ਵੱਖਰੀ ਸਿੱਖ ਪਛਾਣ ਦਾ ਪ੍ਰਤੀਕ ਹੈ। ਉਹਨਾਂ ਕਿਹਾ ਕਿ ਹਰ ਸਾਲ ਦਿੱਲੀ ਕਮੇਟੀ ਵੱਲੋਂ ਇਹ ਕੈਲੰਡਰ ਰਿਲੀਜ਼ ਕੀਤਾ ਜਾਂਦਾ ਹੈ ਜਿਸ ਵਿਚ ਗੁਰਦੁਆਰਾ ਸਾਹਿਬਾਨ ਵਿਚ ਚਲ ਰਹੇ ਕਾਰਜਾਂ ਦੀਆਂ ਤਸਵੀਰਾਂ ਪ੍ਰਕਾਸ਼ਤ ਕੀਤੀਆਂ ਜਾਂਦੀਆਂ ਹਨ। ਉਹਨਾਂ ਕਿਹਾ ਕਿ ਇਸ ਸਾਲ ਕੈਲੰਡਰ ਵਿਚ ਅਸੀਂ ਉਹ ਸਾਰੇ ਕਾਰਜ ਜਿਹੜੇ ਸੰਗਤਾਂ ਦੇ ਦਸਵੰਧ ਨਾਲ ਚਲਾਏ ਜਾਂਦੇ ਹਨ, ਉਹਨਾਂ ਦੀਆਂ ਤਸਵੀਰਾਂ ਲਗਾਈਆਂ ਹਨ। ਉਹਨਾਂ ਕਿਹਾ ਕਿ ਇਹਨਾਂ ਮੈਡੀਕਲ ਸਹੂਲਤਾਂ ਕਾਰਨ ਦੁਨੀਆਂ ਭਰ ਵਿਚ ਸਿੱਖਾਂ ਦਾ ਨਾਂ ਰੋਸ਼ਨ ਹੋਇਆ ਹੈ। ਉਹਨਾਂ ਕਿਹਾ ਕਿ ਸਿੱਖਾਂ ਦਾ ਆਪਨਾ ਇਕ ਕੈਲੰਡਰ, ਸਿੱਖਾਂ ਦਾ ਆਪਨਾ ਇਤਿਹਾਸ ਤੇ ਸਿੱਖਾਂ ਦੀ ਆਪਨੀ ਵੱਖਰੀ ਪਛਾਣ ਹੈ ਜੋ ਸਾਡੇ ਕੈਲੰਡਰ ਤੋਂ ਸ਼ੁਰੂ ਹੁੰਦੀ ਹੈ। ਉਹਨਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ ਦੇ ਅਨੁਸਾਰ ਜਿਹੜੀਆਂ ਤਾਰੀਕਾਂ ਪੰਥ ਵੱਲੋਂ ਪ੍ਰਵਾਨਤ ਹੁੰਦੀਆਂ ਹਨ, ਉਹ ਇਥੇ ਮਨਾਈਆਂ ਜਾਂਦੀਆਂ ਹਨ। ਉਹਨਾਂ ਕਿਹਾ ਕਿ ਇਸ ਕੈਲੰਡਰ ਰਾਹੀਂ ਅਸੀਂ ਆਪਨੀ ਹੋਂਦ ਦਾ ਪ੍ਰਗਟਾਵਾ ਕਰਦੇ ਹਾਂ ਕਿ ਸਿੱਖਾਂ ਦੀ ਆਪਨੀ ਵੱਖਰੀ ਹੋਂਦ ਹੈ ਅਤੇ ਜਿਹੜੀਆਂ ਕੌਮਾਂ ਦੀਆਂ ਵੱਖਰੀਆਂ ਨਿਸ਼ਾਨੀਆਂ ਹੁੰਦੀਆਂ ਹਨ, ਉਹ ਵੱਖਰੀਆਂ ਤਾਰੀਕਾਂ ਤੇ ਮੁਢਲੀ ਪੜ੍ਹਾਈ ਤੋਂ ਸ਼ੁਰੂ ਹੁੰਦੀਆਂ ਹਨ। ਸ. ਕਾਲਕਾ ਤੇ ਸ. ਕਾਹਲੋਂ ਨੇ ਕਿਹਾ ਕਿ ਕੁਝ ਸਾਲ ਪਹਿਲਾਂ ਜਦੋਂ ਇਕ ਦੌਰ ਸ਼ੁਰੂ ਹੋਇਆ ਕਿ ਜਿਸ ਵਿਚ ਇਹ ਕਿਹਾ ਗਿਆ ਕਿ ਪੰਜਾਬੀਆਂ ਦੀ ਤਾਕਤ ਇਹਨਾਂ ਦੀ ਸਾਂਝੀ ਗੁਰਮੁਖੀ ਭਾਸ਼ਾ ਹੈ ਜਿਸਦੀ ਬਦੌਲਤ ਇਹ ਦਿੱਲੀ ਤੋਂ ਕੰਧਾਰ ਤੱਕ ਰਾਜ ਕਰਦੇ ਰਹੇ। ਉਸ ਸਮੇਂ ਤੋਂ ਸਮੇਂ ਦੀਆਂ ਸਰਕਾਰਾਂ ਨੇ ਫੈਸਲਾ ਲਿਆ ਕਿ ਘਰ ਘਰ ਵਿਚੋਂ, ਪਿੰਡਾਂ ਵਿਚੋਂ ਸਾਡੇ ਕੈਦੇ, ਸਾਡੀਆਂ ਮੁਢਲੀਆ ਸਾਖੀਆਂ ਦੀਆਂ ਕਿਤਾਬਾਂ ਆਦਿ ਸਭਚ ਚੁੱਕ ਕੇ ਸਾੜ ਦਿੱਤੀਆਂ ਗਈਆਂ ਅਤੇ ਸਾਡੀ ਕੌਮ ਨੂੰ ਕਮਜ਼ੋਰ ਕਰਨ ਦੀਆਂ ਸਾਜ਼ਿਸ਼ਾਂ ਚਲਦੀਆਂ ਰਹੀਆਂ। ਉਹਨਾਂ ਕਿਹਾ ਕਿ ਉਹਨਾਂ ਸਭ ਚੀਜ਼ਾਂ ਨੂੰ ਠੀਕ ਕਰਨ ਵਾਸਤੇ ਦਿੱਲੀ ਕਮੇਟੀ ਨੇ ਦਰੁੱਸਤੀ ਵਾਲੇ ਕਦਮ ਚੁੱਕੇ ਹਨ। ਉਹਨਾਂ ਹਿਕਾ ਕਿ ਹੁਣ ਕੈਲੰਡਰ ਰਿਲੀਜ਼ ਕੀਤਾ ਹੈ ਤੇ ਹੋਲੇ ਮਹੱਲੇ ਵਾਲੇ ਦਿਨ ਪੰਜਾਬੀ ਦਾ ਕੈਦਾ ਰਿਲੀਜ਼ ਕੀਤਾ ਹੈ ਜਿਸ ਵਿਚ ਗੁਰਮੁਖੀ ਬਾਰੇ ਵਿਸਥਾਰ ਵਿਚ ਜਾਣਕਾਰੀ ਦਿੱਤੀ ਗਈ ਹੈ।

## ਅਮਰੀਕੀ ਵਫਦ ਨੇ ਦਿੱਲੀ ਕਮੇਟੀ ਵੱਲੋਂ ਚਲਾਈਆਂ ਜਾ ਰਹੀਆਂ ਸਿਹਤ ਸਹੂਲਤਾਂ ਦੇ ਅਸਥਾਨਾਂ ਦਾ ਕੀਤਾ ਦੌਰਾ

ਅਮਰੀਕਾ ਦੀ ਟਿਮਕਨ ਫਾਊਂਡੇਸ਼ਨ ਦੇ ਸੀ ਈ ਓ ਹੈਨਰੀ ਕਰਟਜ਼ ਟਿਮਕਨ ਅਤੇ ਭਾਰਤ ਤੇ ਦੱਖਣ ਪੂਰਬੀ ਏਸ਼ੀਆ ਦੇ ਪ੍ਰਧਾਨ ਸੰਜੇ ਕੌਲ ਦੀ ਅਗਵਾਈ ਹੇਠ ਅਮਰੀਕਾ ਦੇ ਇਕ ਉਚ ਪੱਧਰੀ ਵਫਦ ਨੇ ਦਿੱਲੀ ਕਮੇਟੀ ਵੱਲੋਂ ਪ੍ਰਧਾਨ ਸ. ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸ. ਜਗਦੀਪ ਸਿੰਘ ਕਾਹਲੋਂ ਦੀ ਅਗਵਾਈ ਹੇਠ ਚਲਾਈਆਂ ਜਾ ਰਹੀਆਂ ਸਿਹਤ ਸਹੂਲਤਾਂ ਦੇ ਅਸਥਾਨਾ ਦਾ ਦੌਰਾ ਕੀਤਾ ਅਤੇ ਦੌਰੇ ਮਗਰੋਂ ਕਮੇਟੀ ਨੂੰ ਭਰੋਸਾ ਦੁਆਇਆ ਕਿ ਉਹਨਾਂ ਦੀ ਫਾਊਂਡੇਸ਼ਨ ਜਲਦੀ ਹੀ ਕਮੇਟੀ ਨਾਲ ਮਿਲ ਕੇ ਇਹਨਾਂ ਸੇਵਾਵਾਂ ਦੇ ਵਿਸਥਾਰ ਵਿਚ ਯੋਗਦਾਨ ਪਾਵੇਗੀ। ਇਸ ਵਫਦ ਨੇ ਸਵੇਰੇ ਪਹਿਲਾਂ ਬਾਲਾ ਸਾਹਿਬ ਹਸਪਤਾਲ ਦਾ ਦੌਰਾ ਕੀਤਾ। ਇਸ ਉਪਰੰਤ ਗੁਰਦੁਆਰਾ ਬੰਗਲਾ ਸਾਹਿਬ ਕੰਪਲੈਕਸ ਵਿਚ ਚਲਾ ਰਹੇ ਸੀ ਟੀ ਸਕੈਨ ਅਤੇ ਐਮ ਆਰ ਆਈ ਸੈਂਟਰ ਦਾ ਦੌਰਾ ਕੀਤਾ ਤੇ ਨਾਲ ਹੀ ਬਾਲਾ ਪ੍ਰੀਤਮ ਦਵਾਖਾਨੇ ਵੀ ਵੇਖੇ। ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਹੈਨਰੀ ਕਰਟਜ਼ ਟਿਮਕਨ ਅਤੇ ਸੰਜੇ ਕੌਲ ਨੇ ਕਿਹਾ ਕਿ ਦਿੱਲੀ ਕਮੇਟੀ ਦੀ ਟੀਮ ਮਨੁੱਖਤਾ ਦੀ ਸੇਵਾਵਾਂ ਵਾਸਤੇ ਲਾਮਿਸਾਲ ਸੇਵਾਵਾਂ ਦੇ ਰਹੀ ਹੈ। ਉਹਨਾਂ ਕਿਹਾ ਕਿ ਉਹਨਾਂ ਆਪਣੇ ਜੀਵਨ ਵਿਚ ਆਮ ਤਾਂ ਵੇਖਿਆ ਸੀ ਕਿ ਧਾਰਮਿਕ ਸੰਸਥਾ ਧਾਰਮਿਕ ਕਾਰਜਾਂ ਵਿਚ ਵੱਧ ਚੜ੍ਹ ਕੇ ਸ਼ਮੂਲੀਅਤ ਕਰਦੀ ਹੈ ਪਰ ਇਹ ਵੇਖ ਕੇ ਮਨ ਨੂੰ ਬਹੁਤ ਖੁਸ਼ੀ ਹੋਈ ਹੈ ਕਿ ਦਿੱਲੀ ਕਮੇਟੀ ਵੱਲੋਂ ਧਰਮ ਦੇ ਨਾਲ ਨਾਲ ਸਿਹਤ ਖੇਤਰ ਤੇ ਸਿੱਖਿਆ ਖੇਤਰ ਵਿਚ ਵੀ ਵੱਡਮੁੱਲਾ ਯੋਗਦਾਨ ਪਾਇਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਮਨੁੱਖਤਾ ਦੀ ਸੇਵਾ ਜੀਵਨ ਵਿਚ ਸਭ ਤੋਂ ਉੱਤਮ ਸੇਵਾ ਹੈ ਤੇ ਇਹ ਸੇਵਾ ਕਰ ਕੇ ਹੀ ਅਸੀਂ ਆਪਣਾ ਜਨਮ ਸਫਲਾ ਕਰ ਸਕਦੇ ਹਾਂ। ਇਸ ਮੌਕੇ ਕਮੇਟੀ ਦੀ ਟੀਮ ਨੇ ਅਮਰੀਕੀ ਵਫਦ ਨੂੰ ਜੀ ਆਇਆਂ ਕਿਹਾ ਕਿ ਉਹਨਾਂ ਨੂੰ ਸਿਰੋਪਾਓ ਭੇਂਟ ਕਰ ਕੇ ਸਨਮਾਨਤ ਕੀਤਾ। ਇਸ ਮੌਕੇ ਕਮੇਟੀ ਦੀ ਟੀਮ ਨੇ ਕਮੇਟੀ ਵੱਲੋਂ ਪ੍ਰਦਾਨ ਕੀਤੀਆਂ ਜਾ ਰਹੀਆਂ ਸਿਹਤ ਸਹੂਲਤਾਂ, ਸਿੱਖਿਆ ਸਹੂਲਤਾਂ ਤੇ ਧਾਰਮਿਕ ਖੇਤਰ ਵਿਚ ਕੀਤੇ ਜਾ ਰਹੇ ਕਾਰਜਾਂ ਤੋਂ ਵਿਸਥਾਰ ਨਾਲ ਜਾਣੂ ਕਰਵਾਇਆ ਤੇ ਦੱਸਿਆ ਕਿ ਇਹ ਸਾਰੀਆਂ ਸੇਵਾਵਾਂ ਸੰਗਤਾਂ ਦੇ ਦਸਵੰਧ ਨਾਲ ਹੀ ਸੰਭਵ ਹੋਈਆਂ ਹਨ। ਇਹਨਾਂ ਸਿਹਤ ਸਹੂਲਤਾਂ ਦੇ ਸ਼ੁਰੂ ਹੋਣ ਨਾਲ ਹੁਣ ਤੱਕ ਹਜ਼ਾਰਾਂ ਮਰੀਜ਼ ਸਿਰਫ 50 ਰੁਪਏ ਵਿਚ ਐਮ ਆਰ ਟੀ ਤੇ ਸੀ ਟੀ ਸਕੈਨ, ਮੁਫਤ ਡਾਇਲਿਸਿਸ ਦੀ ਸਹੂਲਤ ਤੇ ਬਜ਼ਾਰ ਨਾਲੋਂ 10 ਤੋਂ 90 ਫੀਸਦੀ ਤੱਕ ਸਸਤੀਆਂ ਦਵਾਈਆਂ ਦੀ ਸਹੂਲਤ ਦਾ ਲਾਭ ਲੈ ਚੁੱਕੇ ਹਨ। ਇਸ ਮੌਕੇ ਕਮੇਟੀ ਦੇ ਸਕੱਤਰ ਸ. ਜਸਮੇਨ ਸਿੰਘ ਨੋਨੀ, ਮੈਂਬਰ ਅਤੇ ਬੰਗਲਾ ਸਾਹਿਬ ਹਸਪਤਾਲ ਦੇ ਚੇਅਰਮੈਨ ਸ. ਭੁਪਿੰਦਰ ਸਿੰਘ ਭੁੱਲਰ, ਕਮੇਟੀ ਮੈਂਬਰ ਤੇ ਬਾਲਾ ਸਾਹਿਬ ਹਸਪਤਾਲ ਦੇ ਚੇਅਰਮੈਨ ਸ. ਗੁਰਦੇਵ ਸਿੰਘ ਅਤੇ ਮੈਂਬਰ ਸ. ਸੁਰਜੀਤ ਸਿੰਘ ਜੀਤੀ ਵੀ ਹਾਜ਼ਰ ਸਨ।












# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚਿੱਠਾ ਆਮਦਨ-ਖਰਚ ਮਹੀਨਾ ਜਨਵਰੀ 2023 (ਆਮਦਨ ਭਾਗ)

| ਅਕਾਊਂਟਸ ਆਮਦਨ | ਗੁਰਦੁਆਰਾ ਬਦਰਪੁਰ ਸਾਹਿਬ | ਗੁਰਦੁਆਰਾ ਬਾਲਾ ਸਾਹਿਬ | ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ | ਗੁਰਦੁਆਰਾ ਬੰਗਲਾ ਸਾਹਿਬ | ਗੁਰਦੁਆਰਾ ਭਾਈ ਲਾਲੋ ਜੀ | ਗੁਰਦੁਆਰਾ ਦਮਦਮਾ ਸਾਹਿਬ | ਗੁਰਦੁਆਰਾ ਦਰਿਆ ਗੰਜ | ਗੁਰਦੁਆਰਾ ਢੱਕਾਧੀਰ ਪੁਰ | ਗੁਰਦੁਆਰਾ ਕਰੋਲ ਬਾਗ | ਗੁਰਦੁਆਰਾ ਮਜਨੂੰ ਟਿੱਲਾ ਸਾਹਿਬ | ਗੁਰਦੁਆਰਾ ਮਾਤਾ ਸੁੰਦਰੀ ਜੀ | ਗੁਰਦੁਆਰਾ ਮੋਤੀ ਬਾਗ ਸਾਹਿਬ | ਗੁਰਦੁਆਰਾ ਨਾਨਕ ਪਿਆਊ | ਗੁਰਦੁਆਰਾ ਪਿਪਲ ਮਹਾਂਦੇਵ | ਗੁਰਦੁਆਰਾ ਰਕਾਬ ਗੰਜ ਸਾਹਿਬ | ਗੁਰਦੁਆਰਾ ਰਣਜੀਤ ਨਗਰ | ਗੁਰਦੁਆਰਾ ਆਰ.ਕੇ. ਪੁਰਮ | ਗੁਰਦੁਆਰਾ ਸੀਸ ਗੰਜ ਸਾਹਿਬ | ਦਿੱਲੀ ਕਮੇਟੀ ਦੀ ਹੋਰ ਆਮਦਨ | ਹਸਪਤਾਲ ਅਤੇ ਡਿਸਪੈਂਸਰੀ | ਜਾਇਦਾਦ ਅਕਾਊਂਟਸ | ਸਕੂਲ/ਕਾਲਜ ਅਤੇ ਇੰਸਟੀਚਿਊਟ |
|---|---|---|---|---|---|---|---|---|---|---|---|---|---|---|---|---|---|---|---|---|---|---|
| ਚੜ੍ਹਤ / ਗੋਲਕ | --- | 1124135 | 5806 | 36518706 | 198135 | 235742 | --- | 6027 | 10937 | 235368 | 56551 | 2945021 | 3954533 | --- | 3873500 | 29500 | 1070 | 18490033 | --- | --- | --- | --- |
| ਲੰਗਰ | --- | 119496 | 18453 | 10216054 | 9000 | 354518 | --- | 5900 | 3611 | 309291 | 3950 | 1166726 | 613033 | --- | 1829669 | 30500 | --- | 2588780 | --- | --- | --- | --- |
| ਪ੍ਰਸ਼ਾਦਿ | --- | 447259 | 500 | 10866767 | 26252 | 472158 | --- | 5725 | 42101 | 735484 | 295032 | 1103746 | 1989838 | --- | 1491936 | 6600 | --- | 5152832 | --- | --- | --- | --- |
| ਸ੍ਰੀ ਆਖੰਡ ਪਾਠ | --- | 97600 | 12200 | 2110600 | 36600 | 91500 | --- | 6100 | 6100 | 12200 | 67100 | 247600 | 430000 | --- | 262300 | --- | --- | 878400 | --- | --- | --- | --- |
| ਕਿਉ.ਐਮ.ਸੀ. | 875 | 22052 | 645 | --- | 690 | 2825 | 550 | 706 | 1465 | 9540 | 13213 | 7028 | 15250 | 300 | 35658 | 720 | --- | 19489 | --- | --- | --- | --- |
| ਸਰਾਂ | --- | 6600 | --- | 1350200 | --- | 84300 | --- | --- | --- | --- | 37600 | 790150 | --- | --- | 381225 | --- | --- | 570350 | --- | --- | --- | --- |
| ਬਿਲਡਿੰਗ | --- | --- | --- | 787530 | 6320 | 10200 | --- | 8600 | --- | --- | 1500 | --- | --- | --- | 112429 | --- | --- | 11000 | --- | --- | --- | --- |
| ਫੁਟਕਲ | --- | 50 | --- | 171065 | --- | 180 | --- | --- | --- | --- | 180 | --- | 590 | --- | 16600 | 32901 | 360 | 344375 | --- | --- | 412743 | --- |
| ਅਨੰਦ ਕਾਰਜ ਭੇਟਾ | --- | --- | --- | --- | --- | 45200 | --- | --- | --- | --- | --- | --- | 98500 | --- | 1232100 | --- | --- | --- | --- | --- | --- | --- |
| ਗੁਰਪੁਰਬ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 1563721 | --- | --- | --- |
| ਸੈਂਟਰਲਾਈਜ਼ ਡੋਨੇਸ਼ਨ | --- | --- | --- | 9010684 | --- | --- | --- | --- | --- | --- | --- | --- | --- | --- | --- | --- | --- | --- | --- | --- | --- | --- |
| ਸੂਦ / ਜ਼ੁਰਮਾਨਾ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 2500 | --- | --- | --- |
| ਮੈਡੀਕਲ ਫੀਸ/ਬਾਲਾ ਪ੍ਰੀਤਮ ਦਵਾਖਾਨਾ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 4558158 | --- | --- |
| ਐਜੂਕੇਸ਼ਨ ਫੰਡ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 1171000 | --- | --- | --- |
| ਗੁ. ਬਾਬਾ ਬੁੱਢਾ ਜੀ TDI City | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 10920 | --- | --- | --- |
| ਗੁ. ਮਿਲਾਪ ਨਗਰ, ਉਤਮ ਨਗਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 3313 | --- | --- | --- |
| ਗੁਰੂ ਨਾਨਕ ਸੁਖਸ਼ਾਲਾ ਬਿਰਧ ਘਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 39202 | --- | --- | --- |
| ਐਫ.ਸੀ.ਆਰ.ਏ. ਡੋਨੇਸ਼ਨ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 85844 | --- | --- | --- |
| ਸੀ.ਐਸ.ਆਰ. ਡੋਨੇਸ਼ਨ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 224412 | --- | --- | --- |
| ਐਜੂਕੇਸ਼ਨ ਫੀਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 45101 |
| ਪ੍ਰਚਾਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 193211 | --- | --- | --- |
| ਸਟਾਫ ਭੇਟਾ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 168222 | --- | --- | --- |
| ਜੋੜ | 875 | 1817192 | 37604 | 71031606 | 276997 | 1296623 | 550 | 33058 | 64214 | 1301883 | 475126 | 6260271 | 7101744 | 300 | 9235417 | 100221 | 1430 | 28055259 | 3462345 | 4558158 | 412743 | 45101 |

Note : The information in this documents in unaudited, therefore these are subject to change without notice and should not be construed as a commitment by DSGMC.

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚਿੱਠਾ ਆਮਦਨ-ਖਰਚ ਮਹੀਨਾ ਜਨਵਰੀ 2023 (ਖਰਚ ਭਾਗ)

| ਅਕਾਊਂਟਸ ਆਮਦਨ | ਗੁਰਦੁਆਰਾ ਬਦਰਪੁਰ ਸਾਹਿਬ | ਗੁਰਦੁਆਰਾ ਬਾਲਾ ਸਾਹਿਬ | ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ | ਗੁਰਦੁਆਰਾ ਬੰਗਲਾ ਸਾਹਿਬ | ਗੁਰਦੁਆਰਾ ਭਾਈ ਲਾਲੋ ਜੀ | ਗੁਰਦੁਆਰਾ ਦਮਦਮਾ ਸਾਹਿਬ | ਗੁਰਦੁਆਰਾ ਦਰਿਆ ਗੰਜ | ਗੁਰਦੁਆਰਾ ਢੱਕਾਪੀਰ ਪੁਰ | ਗੁਰਦੁਆਰਾ ਕਰੋਲ ਬਾਗ | ਗੁਰਦੁਆਰਾ ਮਜਨੂੰ ਟਿੱਲਾ ਸਾਹਿਬ | ਗੁਰਦੁਆਰਾ ਮਾਤਾ ਸੁੰਦਰੀ ਜੀ | ਗੁਰਦੁਆਰਾ ਮੋਤੀ ਬਾਗ ਸਾਹਿਬ | ਗੁਰਦੁਆਰਾ ਨਾਨਕ ਪਿਆਊ | ਗੁਰਦੁਆਰਾ ਪੀਪਲ ਮਹਾਦੇਵ | ਗੁਰਦੁਆਰਾ ਰਕਾਬ ਗੰਜ ਸਾਹਿਬ | ਗੁਰਦੁਆਰਾ ਰਣਜੀਤ ਨਗਰ | ਗੁਰਦੁਆਰਾ ਆਰ.ਕੇ. ਪੁਰਮ | ਗੁਰਦੁਆਰਾ ਸੀਸ ਗੰਜ ਸਾਹਿਬ | ਦਿੱਲੀ ਕਮੇਟੀ ਐਡਮਿਨ-ਸਟ੍ਰੇਸ਼ਨ | ਹਸਪਤਾਲ ਅਤੇ ਡਿਸਪੈਂਸਰੀ | ਜਾਇਦਾਦ ਅਕਾਊਂਟਸ | ਸਕੂਲ/ਕਾਲਜ ਅਤੇ ਇੰਸਟੀਚਿਊਟ |
|---|---|---|---|---|---|---|---|---|---|---|---|---|---|---|---|---|---|---|---|---|---|---|
| ਲੰਗਰ | 62708 | 606576 | 52340 | 4893640 | 3966 | 314230 | 4579 | 61946 | 40360 | 610979 | 265548 | 1036475 | 1114132 | --- | 1543273 | 4348 | 18938 | 3200226 | --- | --- | --- | --- |
| ਪ੍ਰਸ਼ਾਦਿ / ਪ੍ਰਸ਼ਾਦਿ ਹਜ਼ੂਰੀ | 17750 | 514901 | 10530 | 4229819 | 37415 | 336429 | 8844 | 35180 | 64970 | 985000 | 141890 | 562770 | 1184187 | --- | 673276 | 17632 | --- | 2583010 | --- | --- | --- | --- |
| ਸ੍ਰੀ ਅਖੰਡ ਪਾਠ | --- | 190615 | --- | 2825169 | 33600 | 45600 | --- | 9600 | 9600 | 66092 | 1246 | 462185 | 871385 | --- | 304892 | --- | --- | 1614923 | --- | --- | --- | --- |
| ਬਿਜਲੀ / ਪਾਣੀ | 21990 | 622765 | 14520 | 1483257 | 33990 | 117410 | 5200 | 9080 | 48260 | 190160 | 57630 | 426691 | --- | 650 | 1137998 | 30260 | 2410 | 903616 | --- | --- | --- | --- |
| ਫੁਟਕਲ | 39665 | 94537 | 27980 | 864952 | 25545 | 139981 | 11635 | 9032 | 1000 | 156413 | 41042 | 193687 | 649351 | --- | 384138 | 30218 | 24601 | 530659 | --- | --- | --- | --- |
| ਟੈਲੀਫੋਨ | --- | --- | --- | 6850 | --- | 667 | --- | --- | --- | --- | --- | --- | --- | --- | --- | --- | --- | 2024 | --- | --- | --- | --- |
| ਸਫਾਈ ਤੇ ਰੱਖਰਖਾਵ | --- | 77717 | 963 | 407242 | --- | 141600 | 1475 | 352 | 317 | 70800 | 71833 | 179360 | 185260 | --- | 397896 | --- | --- | 381386 | --- | --- | --- | --- |
| ਕਨਵੈਂਸ ਚਾਰਜਿਸ | 400 | 200 | 1740 | 3250 | 2200 | 700 | 370 | 400 | 400 | 1200 | 1450 | 1530 | 1350 | --- | 2700 | --- | 550 | 750 | --- | --- | --- | --- |
| ਰਿਪੇਅਰ ਤੇ ਰੱਖਰਖਾਵ | 1760 | 321756 | 1856 | 94593 | --- | 1676 | --- | 1750 | --- | 17080 | 129390 | 1700 | 212590 | --- | 193586 | --- | --- | 138243 | --- | --- | --- | 56874 |
| 1984 ਸਿੱਖ ਕਤਲੇਆਮ ਪੀੜ੍ਹਤ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 5000 | --- | --- | --- |
| 1984 ਸਿੱਖ ਕਤਲੇਆਮ ਯਾਦਗਾਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 25760 | --- | --- | --- |
| ਬੈਂਕ ਚਾਰਜਿਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 28748 | --- | --- | --- |
| ਕੰਪਿਊਟਰ ਰਿਪੇਅਰ ਤੇ ਰੱਖ ਰਖਾਵ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 154261 | --- | --- | --- |
| ਐਜੂਕੇਸ਼ਨ ਖਰਚ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 1736876 |
| ਮੁਲਾਜ਼ਮ ਭਲਾਈ ਖਰਚ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 175000 | --- | --- | --- |
| ਫਾਈਰ ਇੰਸ਼ੋਰੈਂਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 27938 | --- | --- | --- |
| ਗੁ: ਬਾਬਾ ਬੁੱਢਾ ਜੀ ਟੀ.ਡੀ.ਆਈ ਸਿਟੀ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 61295 | --- | --- | --- |
| ਗੁਰਦੁਆਰਾ ਮੰਗੋਲਪੁਰੀ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 85159 | --- | --- | --- |
| ਗੁ. ਮਿਲਾਪ ਨਗਰ, ਉਤਮ ਨਗਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 11638 | --- | --- | --- |
| ਗੁਰੂ ਨਾਨਕ ਸੁਖਸ਼ਾਲਾ ਬਿਰਧ ਘਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 235092 | --- | --- | --- |
| ਗੁਰਪੁਰਬ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 3774939 | --- | --- | --- |
| ਸਹਾਇਤਾ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 3452187 | --- | --- | --- |
| ਮੋਟਰ ਇੰਸ਼ੋਰੈਂਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 62780 | --- | --- | --- |
| ਲੀਗਲ ਐਂਡ ਪ੍ਰੋਫੈਸਨਲ ਚਾਰਜਿਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 1548238 | --- | --- | --- |
| ਮੈਡੀਕਲ ਚਾਰਜਿਸ / ਬਾਲਾ ਪ੍ਰੀਤਮ ਦਵਾਖਾਨਾ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 5081989 | --- | --- |
| ਆਫਿਸ ਖਰਚੇ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 2444941 | --- | --- | --- |
| ਪ੍ਰਚਾਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 1725068 | --- | --- | --- |
| ਪੈਟਰੋਲ, ਡੀਜਲ ਤੇ ਸੀ.ਐਨ.ਜੀ. | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 942151 | --- | --- | --- |
| ਪਿੰਨੀ ਪ੍ਰਸ਼ਾਦਿ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 209556 | --- | --- | --- |
| ਪ੍ਰਿੰਟਿੰਗ ਪ੍ਰੈਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 43548 | --- | --- | --- |
| ਜਾਇਦਾਦ ਰੱਖ-ਰਖਾਵ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 697866 | --- |
| ਰਾਗੀ ਭੇਟਾ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 660013 | --- | --- | --- |
| ਰਿਪੇਅਰ ਅਤੇ ਰੱਖ ਰਖਾਵ ਗੱਡੀਆਂ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 148737 | --- | --- | --- |
| ਤਨਖਾਹ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 24069029 | --- | --- | --- |
| ਕਮੇਟੀ ਵੈਬਸਾਈਟ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 265500 | --- | --- | --- |
| ਸਿਲਾਈ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 112786 | --- | --- | --- |
| ਜੋੜ | 144273 | 2429067 | 109929 | 14808772 | 136716 | 1098293 | 32103 | 127340 | 164907 | 2097724 | 710029 | 2864398 | 4218255 | 650 | 4637759 | 82458 | 46499 | 9354837 | 40269365 | 5081989 | 697866 | 1793750 |

Note : The information in this documents in unaudited, therefore these are subject to change without notice and should not be construed as a commitment by DSGMC.

# 4 ਅਪ੍ਰੈਲ ਮਹੀਨੇ ਦੀਆਂ ਸਿੱਖ ਇਤਿਹਾਸਕ ਘਟਨਾਵਾਂ

**1 ਅਪ੍ਰੈਲ**

**1937 ਈ.** ਕੋਟ ਭਾਈ ਥਾਨ ਸਿੰਘ ਦੇ ਗੁਰਦੁਆਰੇ ਅੰਦਰ ਇੱਕ ਹਮਲੇ ਦੌਰਾਨ ਇੱਕ ਸਿੰਘ ਭਾਈ ਨਿਰਮਲ ਸਿੰਘ ਸ਼ਹੀਦ ਹੋ ਗਿਆ ਅਤੇ 13 ਸਿੱਖ ਫੱਟੜ ਹੋਏ।

**2 ਅਪ੍ਰੈਲ**

ਗੁਰੂ ਕਾ ਬਾਗ ਦੇ ਜ਼ੁਲਮਾਂ ਦਾ ਚਰਚਾ ਦੁਨੀਆਂ ਭਰ ਵਿੱਚ ਹੋਇਆ। ਬੇਗੁਨਾਹ ਸਿੱਖਾਂ ਦੀ ਕੁੱਟ ਮਾਰ ਬਾਰੇ ਖ਼ਬਰਾਂ ਸਾਰੇ ਪਾਸੇ ਛਪੀਆਂ। ਪੜਤਾਲੀਆ ਕਮੇਟੀ ਦੀ ਰਿਪੋਰਟ ਮੁਤਾਬਕ 1656 ਸਿੱਖਾਂ ਨੂੰ ਮਾਰ ਕੁੱਟ ਨਾਲ ਸੱਟਾਂ ਲੱਗੀਆਂ। ਇਸ ਮੋਰਚੇ ਵਿੱਚ ਬਹੁਤ ਸਾਰੇ ਸਿੱਖ ਸ਼ਹੀਦ ਵੀ ਹੋਏ। ਇਨ੍ਹਾਂ ਸ਼ਹੀਦਾਂ ਵਿੱਚ ਇੱਕ ਸ. ਪ੍ਰਿਥੀਪਾਲ ਸਿੰਘ (ਜਥੇਦਾਰ ਅਕਾਲੀ ਜੱਥਾ, ਲਾਇਲਪੁਰ) ਵੀ ਸੀ ਜੋ 5 ਸਤੰਬਰ ਦੀ ਮਾਰ ਕੁੱਟ ਨਾਲ ਸਖ਼ਤ ਜ਼ਖ਼ ਮੀ ਹੋ ਗਿਆ ਸੀ, ਦਾ ਇਲਾਜ ਕਾਫ਼ੀ ਦੇਰ ਤੱਕ ਚਲਦਾ ਰਿਹਾ। ਅਖ਼ੀਰ ਉਹ 2 ਅਪ੍ਰੈਲ, 1924 ਦੇ ਦਿਨ ਚੜ੍ਹਾਈ ਕਰ ਗਿਆ। ਉਸ ਦੇ ਜਿਸਮ ’ਤੇ 100 ਤੋਂ ਵੱਧ ਜ਼ਖ਼ਮਾਂ ਦੇ ਨਿਸ਼ਾਨ ਸਨ।

**3 ਅਪ੍ਰੈਲ**

**1944 ਈ.** ਬੱਬਰ ਹਰਬੰਸ ਸਿੰਘ ਸਰਹਾਲਾ ਕਲਾਂ ਨੂੰ ਫਾਂਸੀ ਦਿੱਤੀ ਗਈ। ਭਾਵੇਂ ਬੱਬਰ ਅਕਾਲੀ ਲਹਿਰ 1924 ਵਿੱਚ ਖਤਮ ਹੋ ਗਈ ਸੀ ਪਰ ਫਿਰ ਵੀ ਇੱਕਾ ਦੁੱਕਾ ਬੱਬਰ ਅਜੇ ਵੀ ਐਕਸ਼ਨ ਕਰਦੇ ਰਹਿੰਦੇ ਸਨ। ਇਨ੍ਹਾਂ ਵਿੱਚ ਇੱਕ ਗਿਆਨੀ ਹਰਬੰਸ ਸਿੰਘ ਸਰਹਾਲਾ ਕਲਾਂ ਵੀ ਸੀ, ਜਿਸਨੂੰ ਫਾਂਸੀ ਦਿੱਤੀ ਗਈ ਸੀ।

**1947 ਈ.** ਵੱਲਭ ਭਾਈ ਪਟੇਲ ਨੇ ਕਿਹਾ,“ਅੰਗਰੇਜ਼ਾਂ ਦੇ ਜਾਣ ਮਗਰੋਂ ਸਿੱਖਾਂ ਨੂੰ ਉਨ੍ਹਾਂ ਦਾ ਇਲਾਕਾ ਦਿਆਂਗੇ”।

3 ਅਪ੍ਰੈਲ, 1947 ਦੇ ਦਿਨ ਮਾਸਟਰ ਤਾਰਾ ਸਿੰਘ ਅਤੇ ਪਟੇਲ ਵਿਚਕਾਰ ਗੱਲਬਾਤ ਹੋਈ ਸੀ। ਇਸ ਮੌਕੇ ਪਟੇਲ ਨੇ ਕਿਹਾ ਸੀ,“ਸਿੱਖਾਂ ਨੂੰ ਸਾਡਾ ਸਾਥ ਦੇਣਾ ਚਾਹੀਦਾ ਹੈ। ਤਾਕਤ ਭਾਰਤੀਆਂ ਹੱਥ ਆਉਣ ਮਗਰੋਂ ਆਈਨੀ ਕਮੇਟੀ ਦੀ ਮੀਟਿੰਗ ਵਿੱਚ ਸਿੱਖਸਤਾਨ ਬਾਰੇ ਗੱਲਬਾਤ ਕੀਤੀ ਜਾਵੇਗੀ।

**1984 ਈ.** ਸੀ.ਆਰ.ਪੀ.ਐਫ. ਨੇ 8 ਮਾਸੂਮ ਸਿੱਖ ਗੋਲੀਆਂ ਨਾਲ ਭੁੰਨ ਦਿੱਤੇ।

**4 ਅਪ੍ਰੈਲ**

**1914 ਈ.** ਕਾਮਾਗਾਟਾ ਮਾਰੂ ਜਹਾਜ਼ ਹਾਂਗਕਾਂਗ ਤੋਂ ਕੈਨੇਡਾ ਵਾਸਤੇ ਰਵਾਨਾ ਹੋਇਆ।

**1921 ਈ.** ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿੱਚ ਸਿੱਖਾਂ ਨੇ ਕਾਲੀਆਂ ਦਸਤਾਰਾਂ ਅਤੇ ਬੀਬੀਆਂ ਨੇ ਕਾਲੇ ਦੁਪੱਟੇ ਸਜਾਏ। ਨਨਕਾਣਾ ਸਾਹਿਬ ਦੇ ਸਾਕੇ ਮਗਰੋਂ ਇੱਕ ਵੱਡਾ ਸ਼ਹੀਦੀ ਸਮਾਗਮ 4 ਅਪ੍ਰੈਲ, 1921 ਦੇ ਦਿਨ ਨਨਕਾਣਾ ਸਾਹਿਬ ਵਿੱਚ ਕੀਤਾ ਗਿਆ ਜਿਸ ਵਿੱਚ ਸਾਰੇ ਸਿੱਖ, ਕਾਲੀਆਂ ਦਸਤਾਰਾਂ ਤੇ ਬੀਬੀਆਂ ਕਾਲੇ ਦੁਪੱਟੇ ਸਜਾ ਕੇ ਪੁੱਜੀਆਂ। ਨਨਕਾਣਾ ਸਾਹਿਬ ਵਿੱਚ ਕਾਲੇ ਰੰਗ ਦੇ ਕੜਾਹੇ ਭਰੇ ਪਏ ਸਨ ਅਤੇ ਸਾਰੇ ਹੀ ਉੱਥੇ ਦਸਤਾਰਾਂ ਤੇ ਦੁਪੱਟੇ ਕਾਲੇ ਰੰਗ ਵਿਚ ਰੰਗਾ ਕੇ ਜਾਂਦੇ ਸਨ।

**1946 ਈ.** ਮਾਸਟਰ ਤਾਰਾ ਸਿੰਘ ਅਤੇ ਮੁਹੰਮਦ ਅਲੀ ਜਿਨਾਹ ਦਿੱਲੀ ਵਿੱਚ ਤੇਜਾ ਸਿੰਘ ਮਲਿਕ ਦੀ ਕੋਠੀ ’ਤੇ ਇਕੱਠੇ ਹੋਏ। ਉਨ੍ਹਾਂ ਨਾਲ ਮਹਾਰਾਜਾ ਪਟਿਆਲਾ ਅਤੇ ਗਿਆਨੀ ਕਰਤਾਰ ਸਿੰਘ ਵੀ ਹਾਜ਼ਰ ਸਨ, ਤਕਰੀਬਨ 90 ਮਿੰਟ ਗੱਲਬਾਤ ਹੋਈ ਪਰ ਕੋਈ ਨਤੀਜਾ ਨਾ ਨਿਕਲਿਆ ਕਿਉਂਕਿ ਜਿਨਾਹ, ਸਿੱਖਾਂ ਵਾਸਤੇ ਕੋਈ ਕਾਨੂੰਨੀ ਗਾਰੰਟੀ ਦੇਣ ਵਾਸਤੇ

ਤਿਆਰ ਨਹੀਂ ਸੀ।

**1949 ਈ.** ਸਿੱਖ ਆਲਮਾਂ ਦੀ ਕਾਨਫਰੰਸ ਵੱਲੋਂ ਮਾਸਟਰ ਤਾਰਾ ਸਿੰਘ ਦੀ ਗ੍ਰਿਫ਼ਤਾਰੀ ਦੀ ਨਿੰਦਾ।

**1983 ਈ.** ਅਕਾਲੀ ਪਾਰਟੀ ਨੇ ਆਪਣੀਆਂ ਮੰਗਾਂ ਦੇ ਹੱਕ ਵਿੱਚ ਰੋਸ ਜ਼ਾਹਰ ਕਰਨ ਵਾਸਤੇ 4 ਅਪ੍ਰੈਲ 1983 ਦੇ ਦਿਨ 'ਰਸਤਾ ਰੋਕੋ' ਹੜਤਾਲ ਦਾ ਐਲਾਨ ਕੀਤਾ ਹੋਇਆ ਸੀ। ਇਸ ਦਿਨ ਉਨ੍ਹਾਂ ਨੇ ਪੁਰ-ਅਮਨ ਤਰੀਕੇ ਨਾਲ ਸੜਕਾਂ ਦੀ ਆਵਾਜਾਈ ਰੋਕੀ ਸੀ। ਇਸ ਮੌਕੇ 'ਤੇ ਸਿੱਖਾਂ ਨੂੰ ਸਬਕ ਸਿਖਾਉਣ ਵਾਸਤੇ ਪੁਲਿਸ ਅਤੇ ਕੇਂਦਰੀ ਰਿਜ਼ਰਵ ਪੁਲਿਸ ਫ਼ੋਰਸ ਨੇ 24 ਸਿੱਖਾਂ ਨੂੰ ਪਾਠ ਅਤੇ ਕੀਰਤਨ ਕਰਦਿਆਂ ਹੀ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ।

## 5 ਅਪ੍ਰੈਲ

**1946 ਈ.** ਬਲਦੇਵ ਸਿੰਘ ਕੈਬਨਿਟ ਮਿਸ਼ਨ ਕੋਲ ਪੇਸ਼ ਹੋਇਆ ਤੇ ਸਿੱਖ ਸਟੇਟ ਦੀ ਮੰਗ ਕੀਤੀ।

## 6 ਅਪ੍ਰੈਲ

**1709 ਈ.** ਅੰਮ੍ਰਿਤਸਰ ਉੱਤੇ ਪੱਟੀ ਤੋਂ ਆਈਆਂ ਮੁਗ਼ਲ ਫ਼ੌਜਾਂ ਦਾ ਹਮਲਾ।

**1849 ਈ.** ਮਹਾਰਾਣੀ ਜ਼ਿੰਦਾਂ, ਚੁਨਾਰ ਦੇ ਕਿਲ੍ਹੇ ਵਿਚੋਂ ਨਿਕਲ ਗਏ।



## 7 ਅਪ੍ਰੈਲ

**1948 ਈ.** ਅਕਾਲੀ ਦਲ ਨੇ ਆਪਣੀ ਅੱਡਰੀ ਹੋਂਦ ਕਾਇਮ ਰੱਖਣ ਦਾ ਮਤਾ ਪਾਸ ਕੀਤਾ।

**1983 ਈ.** ਫ਼ਿਰੋਜ਼ਪੁਰ ਵਿੱਚ ਐਸ.ਪੀ. ਚੱਢਾ ਨੇ ਦੋ ਸਿੱਖ ਫ਼ੌਜੀ ਸੀਤਲ ਸਿੰਘ ਅਤੇ ਬੀਰ ਸਿੰਘ ਬੇਵਜ੍ਹਾ ਬੁਰੀ ਤਰ੍ਹਾਂ ਕੁੱਟੇ, ਸੀਤਲ ਸਿੰਘ ਦੀ ਮੌਤ ਹੋ ਗਈ।

**1986 ਈ.** ਮੁਕਤਸਰ 'ਚ ਸਿੱਖਾਂ ਉੱਤੇ ਹਮਲਾ।

## 8 ਅਪ੍ਰੈਲ

**1929 ਈ.** ਸ. ਭਗਤ ਸਿੰਘ ਅਤੇ ਬੀ.ਕੇ.ਦੱਤ ਨੇ ਦਿੱਲੀ ਅਸੈਂਬਲੀ (ਪਾਰਲੀਮੈਂਟ) 'ਚ ਕਾਰਵਾਈ ਦੌਰਾਨ ਇੱਕ ਬੰਬ ਚਲਾਇਆ। ਇਹ ਬੰਬ ਮਾਰੂ ਬੰਬ ਨਹੀਂ ਸੀ ਬਲਕਿ ਧਮਾਕਾ ਕਰਨ ਵਾਲਾ ਸੀ ਅਤੇ ਇਸ ਦਾ ਮਕਸਦ ਦੁਨੀਆਂ ਦਾ ਧਿਆਨ ਆਪਣੇ ਵੱਲ ਖਿੱਚਣਾ ਸੀ।

## 10 ਅਪ੍ਰੈਲ

**1754 ਈ.** ਸਿੱਖਾਂ ਵੱਲੋਂ ਪੰਜਾਬ ਦੇ ਜ਼ਿੰਮੀਂਦਾਰਾਂ ਤੇ ਵਪਾਰੀਆਂ ਵਾਸਤੇ 'ਰਾਖੀ' ਦਾ ਐਲਾਨ।

**1761 ਈ.** ਅਹਿਮਦ ਸ਼ਾਹ ਵੱਲੋਂ ਲਿਜਾਈਆਂ ਜਾ ਰਹੀਆਂ ਲੜਕੀਆਂ ਦੇ ਮਾਪਿਆਂ ਵੱਲੋਂ ਅਕਾਲ ਤਖ਼ਤ ਸਾਹਿਬ 'ਤੇ ਫ਼ਰਿਆਦ ਕਰਨ 'ਤੇ ਇਸ ਦਿਨ ਸਿੱਖਾਂ ਦਾ ਸਰਬੱਤ ਖਾਲਸਾ ਇਕੱਠ ਅੰਮ੍ਰਿਤਸਰ ਵਿੱਚ ਹੋਇਆ। ਇਸ ਮੌਕੇ ਬਹੁਤ ਸਾਰੇ ਹਿੰਦੂ, ਦਲ ਖਾਲਸਾ ਦੇ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਕੋਲ ਆ ਫ਼ਰਿਆਦੀ ਹੋਏ ਤੇ ਉਨ੍ਹਾਂ ਨੇ ਆਪਣੀਆਂ ਧੀਆਂ ਅਹਿਮਦ ਸ਼ਾਹ ਤੋਂ ਛੁਡਵਾਉਣ ਵਾਸਤੇ ਅਰਜੋਈਆਂ ਕੀਤੀਆਂ।



**1765 ਈ.** ਸਿੱਖਾਂ ਨੇ ਲਾਹੌਰ 'ਤੇ ਕਬਜ਼ਾ ਕਰਨ ਵਾਸਤੇ ਹਮਲਾ ਕਰਨ ਦਾ ਗੁਰਮਤਾ ਕੀਤਾ। 10 ਅਪ੍ਰੈਲ, 1765 ਦੇ ਦਿਨ ਸਰਬੱਤ ਖਾਲਸਾ ਦਾ ਇਹ ਇਕੱਠ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਹੋਇਆ। ਇਸ ਇਕੱਠ ਵਿੱਚ ਇਹ ਗੁਰਮਤਾ ਵੀ ਕੀਤਾ ਗਿਆ ਕਿ ਲਾਹੌਰ 'ਤੇ ਕਬਜ਼ਾ ਕਰ ਲਿਆ ਜਾਵੇ।

## 11 ਅਪ੍ਰੈਲ

**1624 ਈ.** ਬਿਲਾਸਪੁਰ ਦੇ ਰਾਜੇ ਨੇ ਗੁਰੂ ਹਰਿ ਗੋਬਿੰਦ ਸਾਹਿਬ ਨੂੰ ਅਰਜ਼ ਕੀਤੀ ਕਿ ਉਹ (ਗੁਰੂ ਸਾਹਿਬ) ਉਸ ਦੀ ਰਿਆਸਤ ਵਿੱਚ ਆਪਣਾ ਹੈਡ ਕੁਆਰਟਰ ਬਣਾਉਣ।

**1758 ਈ.** ਇਕ ਤਿਕੜੀ (ਸਿੱਖ, ਮਰਹੱਟੇ, ਅਦੀਨਾ ਬੇਗ) ਨੇ ਲਾਹੌਰ ਉੱਤੇ ਕਬਜ਼ਾ ਕਰ ਲਿਆ। ਇਸ ਲੜਾਈ ਵਿੱਚ ਹਜ਼ਾਰਾਂ ਅਫ਼ਗਾਨ ਫ਼ੌਜੀ ਮਾਰੇ ਗਏ ਤੇ ਤਕਰੀਬਨ 200 ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇੱਕ ਰਵਾਇਤ ਮੁਤਾਬਕ ਇਨ੍ਹਾਂ ਅਫ਼ ਗਾਨ ਸਿਪਾਹੀਆਂ ਨੂੰ ਅੰਮ੍ਰਿਤਸਰ ਲਿਜਾਇਆ ਗਿਆ ਅਤੇ ਉਨ੍ਹਾਂ ਹੱਥੋਂ ਅੰਮ੍ਰਿਤਸਰ ਸਰੋਵਰ ਸਾਫ਼ ਕਰਵਾਇਆ ਗਿਆ।

**1801 ਈ.** ਮਹਾਰਾਜਾ ਰਣਜੀਤ ਸਿੰਘ ਨੇ 11 ਅਪ੍ਰੈਲ, 1801 ਨੂੰ ਵਿਸਾਖੀ ਦੇ ਦਿਨ, ਲਾਹੌਰ ਵਿੱਚ ਸ਼ਾਹੀ ਦਰਬਾਰ ਲਾਇਆ।

## 12 ਅਪ੍ਰੈਲ

ਹਰਸਹਾਇ, ਭਾਈ ਤਾਰਾ ਸਿੰਘ ਡੱਲ ਵਾਂ ਹੱਥੋਂ ਮਾਰਿਆ ਗਿਆ। ਇਸ ਮਗਰੋਂ ਚੂਹੜ ਮੱਲ 12 ਅਪ੍ਰੈਲ ਨੂੰ ਦੇਵਾ ਨਾਂ ਦੇ ਚੌਧਰੀ ਦੀ ਕਮਾਨ ਹੇਠ ਫ਼ੌਜ ਲੈ ਆਇਆ। ਸਿੰਘਾਂ ਨੇ ਇਸ ਫ਼ੌਜ ਨੂੰ ਵੀ ਬੁਰੀ ਤਰ੍ਹਾਂ ਪਛਾੜਿਆ।

**1924 ਈ.** ਜੈਤੋ ਮੋਰਚੇ ਵਾਸਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਜਵਾਂ ਜੱਥਾ ਚੱਲਿਆ। ਜੈਤੋ ਮੋਰਚੇ ਵਾਸਤੇ ਪੰਜਵਾਂ ਸ਼ਹੀਦੀ ਜੱਥਾ ਲਾਇਲਪੁਰ ਤੋਂ 12 ਅਪ੍ਰੈਲ, 1924 ਨੂੰ ਪੈਦਲ ਰਵਾਨਾ ਹੋਇਆ ਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਰ ਹੋਣ ਮਗਰੋਂ ਜੈਤੋ ਵੱਲ ਮਾਰਚ ਸ਼ੁਰੂ ਕੀਤਾ।

**1983 ਈ.** ਮਰਜੀਵੜਿਆਂ ਦੀ ਭਰਤੀ: ਇੰਦਰਾ ਗਾਂਧੀ ਦੀਆਂ ਜਾਅਲ-ਸਾਜ਼ੀਆਂ ਵੇਖ ਕੇ ਅਕਾਲੀ ਪਾਰਟੀ ਨੇ ਐਲਾਨ ਕੀਤਾ ਸੀ ਕਿ ਹੁਣ ਸਰਕਾਰ ਨਾਲ ਗੱਲਬਾਤ ਨਹੀਂ ਕੀਤੀ ਜਾਵੇਗੀ ਅਤੇ ' ਮਰਜੀਵੜਿਆਂ' ਦੇ ਦਲ ਬਣਾ ਕੇ 'ਸ਼ਹੀਦੀਆਂ' ਦਿੱਤੀਆਂ ਜਾਣਗੀਆਂ।

## 13 ਅਪ੍ਰੈਲ

**1919 ਈ.** ਜਨਰਲ ਡਾਇਰ ਨੇ ਜਲ੍ਹਿਆਂ ਵਾਲਾ ਬਾਗ ਵਿੱਚ ਗੋਲੀ ਚਲਵਾਈ। 13 ਅਪ੍ਰੈਲ, 1919 ਦੇ ਦਿਨ ਅੰਮ੍ਰਿਤਸਰ ਦੇ ਜਲ੍ਹਿਆਂ ਵਾਲਾ ਬਾਗ ਵਿੱਚ ਮਾਰਸ਼ਲ ਲਾਅ ਦੇ ਵਿਰੋਧ ਵਿੱਚ ਹੋ ਰਹੇ ਇੱਕ ਜਲਸੇ ਨੂੰ ਸੁਣਦੇ ਹੋਏ ਲੋਕਾਂ 'ਤੇ ਜਨਰਲ ਡਾਇਰ ਨੇ ਬਿਨਾਂ ਕਿਸੇ ਅਗਾਊਂ ਸੂਚਨਾ ਦੇ ਅੰਨ੍ਹੇਵਾਹ ਗੋਲੀਆਂ ਚਲਾ ਕੇ 379 ਬੇਗੁਨਾਹ ਨਿਹੱਥੇ ਲੋਕਾਂ ਨੂੰ ਕਤਲ ਕਰ ਕੇ ਅਤੇ ਬਾਰਾਂ ਸੌ ਤੋਂ ਵੱਧ ਲੋਕਾਂ ਨੂੰ ਜ਼ਖ਼ਮੀ ਕਰ ਕੇ ਪੰਜਾਬ ਵਿੱਚ ਦਹਿਸ਼ਤ ਤੇ ਨਾਲ ਹੀ ਰੋਹ ਦਾ ਮਾਹੌਲ ਪੈਦਾ ਕਰ ਦਿੱਤਾ।



**1967 ਈ.** ਭਾਈ ਨੰਦ ਸਿੰਘ ਦੀ ਸ਼ਹੀਦੀ, ਜੋ ਤਾਮਿਲ ਤੋਂ ਸਿੱਖ ਬਣਿਆ ਸੀ ਤੇ ਬਹਾਦਰਪੁਰ (ਅੰਮ੍ਰਿਤਸਰ) ਵਿੱਚ ਗ੍ਰੰਥੀ ਸੀ।

**1968 ਈ.** ਪੰਜਾਬੀ, ਸਕੱਤਰੇਤ ਪੱਧਰ ਤੱਕ ਲਾਗੂ ਕੀਤੀ ਗਈ।

## 14 ਅਪ੍ਰੈਲ

**1955 ਈ.** ਅੰਮ੍ਰਿਤਸਰ ਵਿੱਚ 'ਸੀਸ ਭੇਟ ਮਹੱਲਾ' ਦੇ ਸਬੰਧ ਵਿੱਚ ਇੱਕ ਜਲਸਾ ਕੀਤਾ ਗਿਆ। ਇਹ ਜਲਸਾ ਘੰਟਾ ਘਰ ਤੋਂ ਚੱਲਿਆ।

## 16 ਅਪ੍ਰੈਲ

**1634 ਈ.** ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੀ ਬੇਟੀ ਵੀਰੋ ਦਾ ਵਿਆਹ 16 ਅਪ੍ਰੈਲ, 1634 ਦੇ ਦਿਨ ਦਾ ਰੱਖਿਆ ਹੋਇਆ ਸੀ। ਇਸ ਮੌਕੇ ਵੱਖ ਵੱਖ ਇਲਾਕਿਆਂ ਤੋਂ ਬਹੁਤ ਸੰਗਤਾਂ ਪੁੱਜੀਆਂ ਹੋਈਆਂ ਸਨ ਪਰ ਅਚਾਨਕ 15 ਅਪ੍ਰੈਲ ਦੇ ਦਿਨ ਮੁਗਲ ਫ਼ੌਜਾਂ ਨੇ ਮੁਖਲਿਸ ਖਾਨ ਗੋਰਖਪੁਰੀ ਦੀ ਕਮਾਨ ਹੇਠ ਹਮਲਾ ਕਰ ਦਿੱਤਾ। ਗੁਰੂ ਸਾਹਿਬ ਨੇ ਆਪਣੇ ਪਰਿਵਾਰ, ਹੋਰ ਬੀਬੀਆਂ ਅਤੇ ਬੱਚਿਆਂ ਨੂੰ ਭਾਈ ਲੰਗਾਹ ਦੀ ਰਿਆਸਤ ਝਬਾਲ ਵੱਲ ਭੇਜ ਦਿੱਤਾ।

**1920 ਈ.** ਸਿੱਖ ਲੀਗ ਦੇ ਦੂਜੇ ਸੈਸ਼ਨ ਵਿੱਚ ਭਾਈ ਰਣਧੀਰ ਸਿੰਘ ਨੂੰ ਖਾਸ ਮਾਣ ਦਿੱਤਾ ਗਿਆ।

**1961 ਈ.** ਅਖੰਡ ਕੀਰਤਨੀ ਜੱਥੇ ਦੇ ਮੋਢੀ ਅਤੇ ਗਦਰ ਪਾਰਟੀ ਦੇ ਇੱਕ ਅਹਿਮ ਆਗੂ ਭਾਈ ਰਣਧੀਰ ਸਿੰਘ, 16 ਅਪ੍ਰੈਲ 1961 ਦੇ ਦਿਨ ਚੜ੍ਹਾਈ ਕਰ ਗਏ। ਭਾਈ ਰਣਧੀਰ ਸਿੰਘ, ਜ਼ਿਲ੍ਹਾ ਲੁਧਿਆਣਾ ਦੇ ਨਾਰੰਗਵਾਲ ਨਾਲ ਸਬੰਧ ਰੱਖਦੇ ਸਨ। ਵੀਹਵੀਂ ਸਦੀ ਦੇ ਦੂਜੇ ਦਹਾਕੇ ਵਿੱਚ ਆਪ ਨੇ ਸਿੱਖ ਧਰਮ ਦੇ ਪ੍ਰਚਾਰ ਵਿੱਚ ਵੀ ਹਿੱਸਾ ਪਾਇਆ ਅਤੇ ਗਦਰ ਪਾਰਟੀ ਨੇ ਅੰਗਰੇਜ਼ਾਂ ਤੋਂ ਪੰਜਾਬ ਆਜ਼ਾਦ ਕਰਵਾਉਣ ਦੀ ਯੋਜਨਾ ਬਣਾਈ।



## 17 ਅਪ੍ਰੈਲ

**1765 ਈ.** ਸਿੱਖਾਂ ਦਾ ਲਾਹੌਰ ਉੱਤੇ ਕਬਜ਼ਾ: ਅਹਿਮਦ ਸ਼ਾਹ ਨੂੰ ਬੁਰੀ ਤਰ੍ਹਾਂ ਹਰਾ ਕੇ ਪੰਜਾਬ ਵਿੱਚੋਂ ਕੱਢਣ ਮਗਰੋਂ, ਸਿੱਖ ਫ਼ੌਜਾਂ ਆਪਣੇ ਕੌਮੀ ਇਜਲਾਸ (ਸਰਬੱਤ ਖਾਲਸਾ) ਵਾਸਤੇ ਗੁਰੂ ਕਾ ਚੱਕ (ਅੰਮ੍ਰਿਤਸਰ) ਵਿੱਚ ਇਕੱਠੀਆਂ ਹੋਈਆਂ।

**1923 ਈ.** ਬੱਬਰ ਅਕਾਲੀਆਂ (ਸ. ਸੰਤਾ ਸਿੰਘ, ਸ. ਕਰਮ ਸਿੰਘ, ਸ. ਨੰਦ ਸਿੰਘ, ਸ. ਅਨੂਪ ਸਿੰਘ) ਨੇ ਸਰਕਾਰੀ ਮੁਖ਼ਬਰ ਸੂਬੇਦਾਰ ਗੇਂਦਾ ਸਿੰਘ ਘੜਿਆਲ ਨੂੰ ਕਤਲ ਕੀਤਾ। ਉਸ ਨੇ ਬੱਬਰਾਂ ਦੇ ਖ਼ਿਲਾਫ਼ ਪੁਲਿਸ ਨੂੰ ਬਹੁਤ ਡਾਇਰੀਆਂ ਦਿੱਤੀਆਂ ਸਨ ਤੇ ਬੱਬਰਾਂ 'ਤੇ ਛਾਪੇ ਪੁਆਏ ਸਨ।

## 18 ਅਪ੍ਰੈਲ

**1934 ਈ.** ਸ. ਸੇਵਾ ਸਿੰਘ ਠੀਕਰੀਵਾਲਾ ਨੇ ਪਟਿਆਲਾ ਜੇਲ੍ਹ ਵਿੱਚ ਭੁੱਖ ਹੜਤਾਲ ਸ਼ੁਰੂ ਕੀਤੀ। 18 ਅਪ੍ਰੈਲ 1934 ਦੇ ਦਿਨ ਉਸਨੇ ਜੇਲ੍ਹ ਵਿੱਚ ਜ਼ਿਆਦਤੀਆਂ ਦੇ ਖ਼ਿਲਾਫ਼ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। ਉਸ ਨੂੰ ਜ਼ਬਰੀ ਖਾਣਾ ਖੁਆਇਆ ਜਾਣ ਲੱਗ ਪਿਆ। ਇਸ ਨਾਲ ਉਸ ਦੀ ਸਿਹਤ ਵਿਗੜ ਗਈ ਤੇ 26 ਜਨਵਰੀ, 1935 ਦੇ ਦਿਨ ਉਹ ਜੇਲ੍ਹ ਵਿੱਚ ਹੀ ਚੜ੍ਹਾਈ ਕਰ ਗਏ।

## 19 ਅਪ੍ਰੈਲ

**1852 ਈ.** ਮਹਾਰਾਜਾ ਦਲੀਪ ਸਿੰਘ ਨੂੰ ਈਸਾਈ ਬਣਾਉਣ ਤੋਂ ਛੇਤੀ ਮਗਰੋਂ ਹੀ ਇੰਗਲੈਂਡ ਲਿਜਾਇਆ ਗਿਆ। ਉਹ 19 ਅਪ੍ਰੈਲ, 1852 ਦੇ ਦਿਨ ਜਹਾਜ਼ 'ਤੇ ਚੜ੍ਹਿਆ ਅਤੇ ਮਈ ਵਿੱਚ ਲੰਡਨ ਪਹੁੰਚ ਗਿਆ।

## 20 ਅਪ੍ਰੈਲ

**1660 ਈ.** ਗੁਰੂ ਹਰਿ ਰਾਇ ਸਾਹਿਬ ਸ੍ਰੀਨਗਰ ਪੁੱਜੇ: ਅਪ੍ਰੈਲ ਦੇ ਸ਼ੁਰੂ ਵਿੱਚ ਗੁਰੂ ਹਰਿ ਰਾਇ ਸਾਹਿਬ ਸਿਆਲਕੋਟ ਵਿੱਚ ਸਨ। ਉਹਨੀਂ ਦਿਨੀਂ ਭਾਈ ਮੱਖਣ ਸ਼ਾਹ ਲੁਬਾਣਾ ਜੋ ਕਸ਼ਮੀਰ ਦਾ ਇੱਕ ਵੱਡਾ ਵਪਾਰੀ ਸੀ ਉੱਥੇ ਆਇਆ ਤੇ ਗੁਰੂ ਸਾਹਿਬ ਦੇ ਦਰਸ਼ਨ ਕੀਤੇ ਤੇ ਉਨ੍ਹਾਂ ਨੇ ਕਸ਼ਮੀਰ ਦੀ ਸੰਗਤ ਨੂੰ ਦਰਸ਼ਨ ਦੇਣ ਵਾਸਤੇ ਅਰਜ ਕੀਤੀ। ਗੁਰੂ ਸਾਹਿਬ

ਉਸ ਦੀ ਅਰਜ਼ ਮੰਨ ਕੇ ਉਸ ਦੇ ਕਾਫ਼ਲੇ ਨਾਲ ਸਿਆਲ ਕੋਟ ਤੋਂ ਸ੍ਰੀਨਗਰ ਵੱਲ ਚੱਲ ਪਏ। 20 ਅਪ੍ਰੈਲ, 1660 ਦੇ ਦਿਨ ਆਪ ਸ੍ਰੀਨਗਰ ਵਿੱਚ ਸਨ। ਸ੍ਰੀਨਗਰ ਤੋਂ ਆਪ ਮਟਨ ਹੁੰਦੇ ਹੋਏ ਪਿੰਡ ਟਾਂਡਾ ਲੁਬਾਣਾ (ਜਿਸ ਨੂੰ ਇੱਕ ਵੱਡਾ ਪਿੰਡ ਹੋਣ ਕਰਕੇ ਮਟਾ ਟਾਂਡਾ ਵੀ ਕਹਿੰਦੇ ਸਨ) ਵੀ ਗਏ ਅਤੇ ਭਾਈ ਮੱਖਣ ਸ਼ਾਹ ਲੁਬਾਣਾ ਦੇ ਘਰ ਰਹੇ। ਗੁਰੂ ਸਾਹਿਬ ਦੇ ਉੱਥੇ ਹੁੰਦਿਆਂ ਹੀ ਭਾਈ ਮੱਖਣ ਸ਼ਾਹ ਦੇ ਪਿਤਾ ਭਾਈ ਦਾਸ ਜੀ ਚੜ੍ਹਾਈ ਕਰ ਗਏ। ਭਾਈ ਦਾਸਾ ਦਾ ਸਸਕਾਰ ਗੁਰੂ ਹਰਿ ਰਾਇ ਸਾਹਿਬ ਨੇ ਆਪਣੇ ਹੱਥੀਂ ਕੀਤਾ।

**1692 ਈ.** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜੰਮੂ ਪੁੱਜੇ: 29 ਮਾਰਚ, 1692 ਦੇ ਦਿਨ ਰਵਾਲਸਰ 'ਚ ਸਾਰੇ ਪਹਾੜੀ ਰਾਜੇ ਇਕੱਠੇ ਹੋਏ। ਇਸ ਸਮੇਂ ਰਾਜਿਆਂ ਨੇ ਗੁਰੂ ਸਾਹਿਬ ਨੂੰ ਅਰਜ਼ ਕੀਤੀ ਕਿ ਉਹ ਇੱਕ ਵਾਰ ਸਾਰੀਆਂ ਰਿਆਸਤਾਂ ਵਿੱਚ ਆਉਣ ਅਤੇ ਲੋਕਾਂ ਨੂੰ ਦਰਸ਼ਨ ਦੇਣ। ਗੁਰੂ ਸਾਹਿਬ ਨੇ ਇਹ ਬੇਨਤੀ ਮਨਜ਼ੂਰ ਕਰ ਲਈ ਅਤੇ ਰਵਾਲਸਰ ਤੇ ਜੰਮੂ ਤੱਕ ਦਾ ਦੌਰਾ ਕੀਤਾ। ਰਵਾਲਸਰ ਤੋਂ ਆਪ ਵੱਖ ਵੱਖ ਥਾਵਾਂ 'ਤੇ ਹੁੰਦੇ ਹੋਏ 20 ਅਪ੍ਰੈਲ, 1692 ਦੇ ਦਿਨ ਜੰਮੂ ਪੁੱਜੇ।



**1803 ਈ.** ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਅਕਾਲ ਚਲਾਣਾ ਕਰ ਗਏ।

## 21 ਅਪ੍ਰੈਲ

**1852 ਈ.** ਪੰਥ ਰਤਨ ਗਿਆਨੀ ਦਿੱਤ ਸਿੰਘ ਜੀ ਦਾ ਜਨਮ 21 ਅਪ੍ਰੈਲ, 1852 ਦੇ ਦਿਨ ਕੌਲਗੜ੍ਹ (ਰਿਆਸਤ ਪਟਿਆਲਾ) ਵਿੱਚ ਹੋਇਆ ਸੀ। ਆਪ ਸਿੱਖ ਕੌਮ ਦੇ ਉਂਗਲੀਆਂ 'ਤੇ ਗਿਣੇ ਜਾ ਸਕਣ ਵਾਲੇ ਮਹਾਨ ਵਿਦਵਾਨਾਂ ਵਿਚੋਂ ਇੱਕ ਸਨ। 1880 ਵਿੱਚ ਗਿਆਨੀ ਦਿੱਤ ਸਿੰਘ ਨੇ 'ਗੁਰਮੁਖੀ' ਅਖਬਾਰ ਸ਼ੁਰੂ ਕੀਤਾ।

## 22 ਅਪ੍ਰੈਲ

**1775 ਈ.** ਸਰਦਾਰ ਰਾਏ ਸਿੰਘ ਭੰਗੀ, ਸਰਦਾਰ ਤਾਰਾ ਸਿੰਘ ਘੇਬਾ, ਬਾਬਾ ਬਘੇਲ ਸਿੰਘ ਦੀ ਅਗਵਾਈ ਹੇਠ ਸਿੱਖ ਫ਼ੌਜਾਂ ਨੇ ਬੇਗੀ ਘਾਟ ਤੋਂ ਜਮਨਾ ਪਾਰ ਇਲਾਕੇ ਉੱਤੇ ਹਮਲਾ ਕੀਤਾ।

**2012 ਈ.** ਬਾਬਾ ਫ਼ੌਜਾ ਸਿੰਘ ਨੇ 101 ਸਾਲ ਦੀ ਉਮਰ ਵਿੱਚ ਲੰਡਨ ਦੀ ਮੈਰਾਥਨ ਦੌੜ ਪੂਰੀ ਕੀਤੀ।

## 23 ਅਪ੍ਰੈਲ

ਕੈਨੇਡਾ ਵਿੱਚ ਰਾਮ ਸਿੰਘ ਨੇ ਅੰਗਰੇਜ਼ਾਂ ਦੇ ਟਾਊਟ ਰਾਮ ਚੰਦ ਨੂੰ ਅਦਾਲਤ ਵਿੱਚ ਗੋਲੀ ਮਾਰੀ।

**1921 ਈ.** ਗੁਰਦੁਆਰਾ ਰਕਾਬ ਗੰਜ ਸਾਹਿਬ ਦੀ ਦੀਵਾਰ ਦੁਬਾਰਾ ਬਣ ਕੇ ਤਿਆਰ ਹੋ ਗਈ।

**1930 ਈ.** ਪੇਸ਼ਾਵਰ ਵਿੱਚ ਅੰਗਰੇਜ਼ ਫ਼ੌਜੀ ਨੇ ਗੰਗਾ ਸਿੰਘ ਕੰਬੋਜ ਦਾ ਪਰਿਵਾਰ ਮਾਰਿਆ।

**1984 ਈ.** ਫ਼ਿਰੋਜ਼ਪੁਰ ਵਿੱਚ ਸੀ.ਆਰ.ਪੀ.ਐਫ਼. ਨੇ ਬੇਵਜ੍ਹਾ 8 ਸਿੱਖਾਂ ਨੂੰ ਗੋਲੀ ਮਾਰ ਦਿੱਤੀ।

## 24 ਅਪ੍ਰੈਲ

**1937 ਈ.** ਸ਼੍ਰੋਮਣੀ ਅਕਾਲੀ ਦਲ ਦਾ ਖ਼ੁਫੀਆ ਜਨਰਲ ਇਜਲਾਸ ਅੰਮ੍ਰਿਤਸਰ ਵਿੱਚ 24 ਅਤੇ 25 ਅਪ੍ਰੈਲ, 1937 ਦੇ ਦਿਨ ਬੁਲਾਇਆ ਗਿਆ। ਇਜਲਾਸ ਵਿੱਚ 103 ਮੈਂਬਰ ਤੇਜਾ ਸਿੰਘ ਅਕਰਪੁਰੀ ਦੀ ਪ੍ਰਧਾਨਗੀ ਹੇਠ ਇਕੱਠੇ ਹੋਏ।

**1955 ਈ.** ਅਕਾਲੀ ਦਲ ਵੱਲੋਂ 'ਪੰਜਾਬੀ ਸੂਬਾ ਜ਼ਿੰਦਾਬਾਦ' ਪਾਬੰਦੀ ਵਿਰੁੱਧ ਮੋਰਚਾ ਲਾਉਣ ਦਾ ਫ਼ੈਸਲਾ ਕੀਤਾ।

## 25 ਅਪ੍ਰੈਲ

**1809 ਈ.** ਮਹਾਰਾਜਾ ਰਣਜੀਤ ਸਿੰਘ ਦਾ ਅੰਗਰੇਜ਼ਾਂ ਨਾਲ ' ਅਹਿਦਨਾਮਾ' ਹੋਇਆ।

**1986 ਈ.** ਸੁਸ਼ੀਲ ਮੁਨੀ ਨੇ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ

ਕਰਾਰ ਦੇਣ ਦੀ ਮੰਗ ਕੀਤੀ।

**26 ਅਪ੍ਰੈਲ**

**1635 ਈ.** ਪੈਂਦੇ ਖਾਨ, ਮੁਗਲ ਫ਼ੌਜਾਂ ਨੂੰ ਕਰਤਾਰ ਪੁਰ 'ਤੇ ਚੜ੍ਹਾ ਲਿਆਇਆ।

**1665 ਈ.** ਬਿਲਾਸਪੁਰ ਦਾ ਰਾਜਾ ਦੀਪ ਚੰਦ ਚੜ੍ਹਾਈ ਕਰ ਗਿਆ।

**1915 ਈ.** ਗਦਰ ਪਾਰਟੀ ਦੇ ਵਰਕਰਾਂ 'ਤੇ ਸਾਜ਼ਿਸ਼ ਕੇਸ ਦੀ ਸੁਣਵਾਈ ਸ਼ੁਰੂ ਹੋਈ। ਪਹਿਲਾ ਮੁਕੱਦਮਾ 26 ਅਪ੍ਰੈਲ, 1915 ਨੂੰ ਸ਼ੁਰੂ ਹੋਇਆ।

**1984 ਈ.** ਮੋਗੇ ਵਿੱਚ ਸੀ.ਆਰ.ਪੀ.ਐਫ. ਨੇ ਡੇਢ ਦਰਜਨ ਸਿੱਖ ਸ਼ਹੀਦ ਕੀਤੇ।

**27 ਅਪ੍ਰੈਲ**

**1635 ਈ.** ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਪੈਂਦੇ ਖਾਨ ਨਾਲ ਯੁੱਧ



**1719 ਈ.** ਫ਼ਰੁਖਸੀਅਰ ਨੂੰ ਕਤਲ ਕਰ ਦਿੱਤਾ ਗਿਆ

**1925 ਈ.** ਜੈਤੋ ਵਾਸਤੇ ਆਖ਼ਰੀ ਜੱਥਾ ਅਕਾਲ ਤਖ਼ਤ ਸਾਹਿਬ ਤੋਂ ਰਵਾਨਾ ਹੋਇਆ।

**28 ਅਪ੍ਰੈਲ**

**1635 ਈ.** ਕਰਤਾਰਪੁਰ ਦੀ ਜੰਗ ਦੇ ਆਖ਼ਰੀ ਦਿਨ ਪੈਂਦੇ ਖ਼ਾਂ ਮਾਰਿਆ ਗਿਆ।

**1711 ਈ.** ਪੰਜ ਹਜ਼ਾਰ ਮੁਸਲਮਾਨ, ਬਾਬਾ ਬੰਦਾ ਸਿੰਘ ਬਹਾਦਰ ਦੀ ਫ਼ੌਜ ਵਿੱਚ ਭਰਤੀ ਹੋ ਗਏ। 28 ਅਪ੍ਰੈਲ, 1711 ਦੇ ਦਿਨ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਨੂੰ ਬਾਕੀ ਖ਼ਬਰਾਂ ਦੇ ਨਾਲ-ਨਾਲ ਇਹ ਵੀ ਦੱਸਿਆ ਗਿਆ ਕਿ ਪੰਜ ਹਜ਼ਾਰ ਪਠਾਣ ਸਿੱਖਾਂ ਨਾਲ ਰਲਣ ਵਾਸਤੇ ਤਿਆਰ ਹਨ।

**29 ਅਪ੍ਰੈਲ**

**1635 ਈ.** ਫਗਵਾੜਾ ਵਿੱਚੋਂ ਲੰਘਦਿਆਂ ਛੇਵੇਂ ਗੁਰੂ ਸਾਹਿਬ 'ਤੇ ਹਮਲਾ ਕੀਤਾ ਗਿਆ ਤਾਂ ਸਿੱਖਾਂ ਨੇ ਮੁਗਲ ਫ਼ੌਜਾਂ ਨੂੰ ਜ਼ਬਰਦਸਤ ਹਾਰ ਦਿੱਤੀ।

**1685 ਈ.** ਪਾਉਂਟਾ ਸਾਹਿਬ ਨਗਰ ਦੀ ਨੀਂਹ ਗੁਰੂ ਸਾਹਿਬ ਨੇ ਦੀਵਾਨ ਨੰਦ ਚੰਦ ਸੰਘਾ ਕੋਲੋਂ ਅਰਦਾਸ ਕਰਵਾ ਕੇ ਭਾਈ ਰਾਮ ਕੰਵਰ (ਅੰਮ੍ਰਿਤ ਛੱਕਣ ਤੋਂ ਬਾਅਦ ਭਾਈ ਗੁਰਬਖਸ਼ ਸਿੰਘ) ਜੀ ਪਾਸੋਂ ਰੱਖਵਾਈ।

**1849 ਈ.** ਰਾਣੀ ਜਿੰਦਾਂ ਚਿਨਾਰ ਦੀ ਕੰਧ ਵਿਚੋਂ ਨਿਕਲ ਕੇ ਪਹਿਲਾਂ ਪਟਨਾ ਤੇ ਫਿਰ ਨੇਪਾਲ ਪੁੱਜ ਗਈ ਤੇ ਉੱਥੋਂ ਦੇ ਰਾਜੇ ਤੋਂ ਅੰਗਰੇਜ਼ਾਂ ਵਿਰੁੱਧ ਮਦਦ ਮੰਗੀ।

**1968 ਈ.** ਚੰਡੀਗੜ੍ਹ ਨੂੰ ਪੰਜਾਬ ਵਿੱਚ ਸ਼ਾਮਲ ਕਰਵਾਉਣ ਵਾਸਤੇ ਮੋਰਚੇ ਦਾ ਐਲਾਨ ਕੀਤਾ।

**30 ਅਪ੍ਰੈਲ**

**1837 ਈ.** ਸਰਦਾਰ ਹਰੀ ਸਿੰਘ ਜੀ ਨਲਵਾ, ਪਠਾਣਾਂ ਨਾਲ ਲੜਦਾ-ਲੜਦਾ ਜਮਰੌਦ ਦੇ ਕਿਲ੍ਹੇ ਵਿਖੇ ਸ਼ਹੀਦ ਹੋ ਗਿਆ।

**1986 ਈ.** ਸ੍ਰੀ ਦਰਬਾਰ ਸਾਹਿਬ ਉੱਤੇ ਸਰਕਾਰ ਵੱਲੋਂ ਦੁਬਾਰਾ ਹਮਲਾ ਕੀਤਾ ਗਿਆ।

**1987 ਈ.** ਜਲੰਧਰ ਨੇੜੇ ਸਿੱਖ, ਨਕਲੀ ਪੁਲਿਸ ਮੁਕਾਬਲੇ ਵਿੱਚ ਸ਼ਹੀਦ ਕੀਤੇ ਗਏ। (1989 ਤੋਂ 1993 ਤੱਕ ਬਹੁਤ ਹੀ ਸਿੱਖ ਨਕਲੀ ਪੁਲਿਸ ਮੁਕਾਬਲਿਆਂ ਵਿੱਚ ਸ਼ਹੀਦ ਕੀਤੇ ਗਏ।)

❋❋❋

# ਧੰਨਾ ਭਗਤ ਤੇ ਬ੍ਰਾਹਮਣ

੧. ਬਾਮ੍ਹਣੁ ਪੂਜੈ ਦੇਵਤੇ ਧੰਨਾ ਗਊ ਚਰਾਵਣਿ ਆਵੈ।
੨. ਧੰਨੈ ਡਿਠਾ ਚਲਿਤੁ ਏਹੁ ਪੂਛੈ ਬਾਮ੍ਹਣੁ ਆਖਿ ਸੁਣਾਵੈ।
੩. ਠਾਕੁਰ ਕੀ ਸੇਵਾ ਕਰੈ ਜੋ ਇਛੈ ਸੋਈ ਫਲੁ ਪਾਵੈ।
੪. ਧੰਨਾ ਕਰਦਾ ਜੋਦੜੀ ਮੈ ਭਿ ਦੇਹ ਇਕ ਜੇ ਤੁਧੁ ਭਾਵੈ।
੫. ਪਥਰੁ ਇਕੁ ਲਪੇਟਿ ਕਰਿ ਦੇ ਧੰਨੈ ਨੋ ਗੈਲ ਛੁਡਾਵੈ।
੬. ਠਾਕੁਰ ਨੋ ਨ੍ਹਾਵਾਲਿ ਕੈ ਛਾਹਿ ਰੋਟੀ ਲੈ ਭੋਗੁ ਚੜ੍ਹਾਵੈ।
੭. ਹਥਿ ਜੋੜਿ ਮਿਨਤਿ ਕਰੈ ਪੈਰੀ ਪੈ ਪੈ ਬਹੁਤੁ ਮਨਾਵੈ।
੮. ਹਉ ਭੀ ਮੁਹੁ ਨ ਜੁਠਾਲਸਾਂ ਤੂ ਰੁਠਾ ਮੈ ਕਿਹੁ ਨ ਸੁਖਾਵੈ।
੯. ਗੋਸਾਈ ਪਰਤਖਿ ਹੋਇ ਰੋਟੀ ਖਾਹਿ ਛਾਹਿ ਮੁਹਿ ਲਾਵੈ।
੧੦. ਭੋਲਾ ਭਾਉ ਗੋਬਿੰਦੁ ਮਿਲਾਵੈ॥੧੩॥

{ ਵਾਰਾਂ ਭਾਈ ਗੁਰਦਾਸ ਜੀ : ਵਾਰ ੧੦, ਪਉੜੀ ੧੩ }

: ਪਦ ਅਰਥ :

**ਜੋਦੜੀ** – ਹੱਥ ਜੋੜ ਕੇ ਮਿੰਨਤਾਂ । **ਗੈਲ** – ਪਿੱਛਾ । **ਛਾਹਿ** – ਲੱਸੀ । **ਰੁੱਠਾ** – ਰੁੱਸਿਆ

: ਅਰਥ :

ਪ੍ਰ. : ਭਾਈ ਸਾਹਿਬ ਜੀਉ! ਧੰਨੇ ਭਗਤ ਦੀ ਵਾਰਤਾ ਜੋ ਬ੍ਰਾਹਮਣ ਨਾਲ ਹੋਈ ਹੈ, ਇਹ ਭਾਵੇਂ ਆਮ ਹੀ ਸੁਣਨ ਵਿੱਚ ਆਉਂਦੀ ਹੈ, ਪਰ ਅਸੀਂ ਚਾਹੁੰਦੇ ਹਾਂ ਕਿ ਆਪ ਜੀ ਸਾਨੂੰ ਖੁਲਾਸੇ ਰੂਪ ਵਿੱਚ ਸੁਣਾਉ ਕਿਉਂਕਿ ਆਪ ਜੀ ਨੂੰ ਗੁਰਬਾਣੀ ਦੁਆਰੇ ਸਾਰੀ ਜਾਣਕਾਰੀ ਹੈ?

ਉ. : ਹੇ ਭਾਈਓ! ਜਿਤਨੀ ਕੁ ਮੇਰੀ ਚਿਤਵਨੀ ਵਿੱਚ ਹੈ ਉਹ ਮੈਂ ਆਪ ਜੀ ਨੂੰ ਹਾਜ਼ਰ ਕਰਦਾ ਹਾਂ, ਉਹ ਵਰਤਾ ਧੰਨੇ ਤੇ ਬ੍ਰਾਹਮਣ ਦੀ ਇਉਂ ਹੈ ਕਿ :

੧) (ਉਹ) ਬ੍ਰਾਹਮਣ (ਰਸਤੇ ਵਿੱਚ) ਬਹੁਤੇ ਠਾਕੁਰਾਂ (ਪੱਥਰਾਂ) ਦੀ ਪੂਜਾ ਕਰਦਾ ਹੁੰਦਾ ਸੀ ਤੇ ਧੰਨਾ ਜੀ ਵੀ ਗਊਆਂ ਲੈ ਕੇ ਕੋਲੋਂ ਦੀ (ਹਮੇਸ਼ਾਂ ਹੀ) ਲੰਘਿਆ ਕਰਦਾ ਸੀ।

੨) ਧੰਨਾ ਜੀ, ਰੋਜ਼ ਹੀ ਬ੍ਰਾਹਮਣ ਦੇ ਇਸ ਕਰਤੱਬ (ਚਲਿਤ) ਨੂੰ ਵੇਖਦਾ ਸੀ (ਤਾਂ ਇੱਕ ਦਿਨ ਉਸਨੇ) ਬ੍ਰਾਹਮਣ ਨੂੰ ਪੁੱਛਿਆ (ਕਿ ਇਹ ਕੀ ਕਰਦੇ ਹੋ) ਵਿਚਾਰਾ ਬਿਲਕੁਲ ਹੀ ਭੋਲਾ ਸੀ, (ਤਾਂ) ਬ੍ਰਾਹਮਣ ਨੇ ਅੱਗੋਂ ਕਹਿ ਸੁਣਾਇਆ –

੩) (ਕਿ) ਠਾਕਰਾਂ ਦੀ ਸੇਵਾ ਕਰਦਾ ਹਾਂ ਇਹ ਸੇਵਾ ਕਰਕੇ ਅਸੀਂ) ਜੋ ਵੀ ਇੱਛਾ ਕਰੀਏ, ਸਾਨੂੰ ਓਹੀ ਫਲ ਮਿਲ ਜਾਂਦਾ ਹੈ।

੪) (ਇਹ ਸੁਣ ਕੇ) ਧੰਨਾ ਜੀ ਨੇ (ਨਿੰਮ੍ਰਤਾ ਨਾਲ) ਬੇਨਤੀ ਕੀਤੀ ਕਿ ਜੇ ਤੁਹਾਨੂੰ ਚੰਗਾ ਲੱਗੇ ਤਾਂ ਇੱਕ ਠਾਕੁਰ ਮੈਨੂੰ ਭੀ ਦੇ ਦੇਵੋ (ਮੈਂ ਭੀ ਪੂਜਾ ਕਰਾਂਗਾ। ਜੇ ਤੁਸੀਂ ਮਨ-ਇਛੇ ਫਲ ਪਾਉਂਦੇ ਹੋ, ਤਾਂ ਮੈਨੂੰ ਭੀ ਜ਼ਰੂਰ ਮਿਲ ਜਾਣਗੇ।)

੫) ਧੰਨੇ ਨੂੰ ਭੋਲਾ ਭਾਲਾ ਦੇਖ ਕੇ ਬ੍ਰਾਹਮਣ ਨੇ ਇੱਕ ਪੱਥਰ ਜਿਹਾ (ਕੱਪੜੇ ਵਿੱਚ) ਵਲੇਟ ਕੇ ਉਸ ਨੂੰ ਦੇ ਦਿੱਤਾ ਤੇ ਆਪਣਾ ਪਿੱਛਾ ਛੁਡਾਇਆ।

੬) (ਧੰਨੇ ਨੇ ਖੂਹ 'ਤੇ ਪੁੱਜ ਕੇ) ਠਾਕੁਰ ਨੂੰ ਨੁਹਾ ਕੇ ਲੱਸੀ ਤੇ ਰੋਟੀ ਭੋਗ ਲੁਆਉਣ ਲਈ ਅੱਗੇ ਰੱਖੀ।

੭) ਉਸ ਨੇ ਹੱਥ ਜੋੜੇ, ਮਿੰਨਤਾਂ ਕੀਤੀਆਂ, ਡੰਡਉਤਾਂ ਭੀ ਕੀਤੀਆਂ (ਪਰ ਧੰਨਾ ਜੀ ਨੂੰ ਭਾਸਿਆ ਕਿ ਠਾਕੁਰ ਮੇਰੇ ਨਾਲ ਰੁੱਸ ਗਿਆ ਹੈ, ਤਾਂ ਇਹ ਜਾਣ ਕੇ ਉਸ ਨੇ ਭੀ ਪ੍ਰਣ ਕਰ ਲਿਆ ਕਿ ਜੇ ਤੁਸੀਂ ਭੋਗ ਨਹੀਂ ਲਾਓਗੇ) ਤਾਂ :

੮) ਮੈਂ ਭੀ ਮੂੰਹ ਨਹੀਂ ਜੂਠਾ ਕਰਾਂਗਾ, ਤੇਰਾ ਰੁਸੇਵਾਂ ਵੇਖ ਕੇ ਮੈਨੂੰ ਵੀ ਕੁੱਝ ਚੰਗਾ ਨਹੀਂ ਲੱਗਦਾ। (ਭਗਤ ਜੀ ਨੇ ਕਈ ਦਿਨ ਅੰਨ ਪਾਨ ਨ ਕੀਤਾ ਤੇ ਠਾਕੁਰ ਦੇ ਅੱਗੇ ਬੈਠੇ ਰਹੇ)।

੯) (ਧੰਨੇ ਦੀ ਸ਼ਰਧਾ ਤੇ ਭਰੋਸੇ ਨੂੰ ਵੇਖ ਕੇ) ਪ੍ਰਿਥਵੀ ਦੇ ਮਾਲਕ (ਗੁਸਾਂਈ) ਪ੍ਰਤੱਖ ਹੋ ਗਏ, ਰੋਟੀ ਖਾਧੀ ਤੇ ਲੱਸੀ ਨੂੰ ਵੀ ਪੀਤਾ।

੧੦) ਇਹ ਭੋਲੇ ਭਾਉ (ਦੀਆਂ ਬਰਕਤਾਂ ਖ਼ੂਬੀਆਂ ਹਨ ਕਿ ਉਸ ਨੇ ਭੋਲੇ ਤੇ ਨਿਸ਼ਕਪਟ) ਧੰਨੇ ਜੀ ਨੂੰ ਪ੍ਰਭੂ ਦੇ ਪਰਤੱਖ ਦਰਸ਼ਨ ਕਰਾ ਦਿੱਤੇ ।੧੩।

: ਭਾਵਾਰਥ :


ਇਸ ਪ੍ਰਸੰਗ ਵਿੱਚ ਇਹੋ ਉਪਦੇਸ਼ ਹੈ ਕਿ ਰੱਬੀ ਮਾਰਗ 'ਤੇ ਚਲਣ ਵਾਲੇ ਪਾਂਧੀ ਦੇ ਅੰਦਰ ਦ੍ਰਿੜ੍ਹ ਵਿਸ਼ਵਾਸ ਹੋਣਾ ਅਤਿ ਜ਼ਰੂਰੀ ਹੈ ਅਰ ਚੰਚਲਤਾਈ ਨਿਸਚੇ ਹੀ ਹਾਨੀ ਕਰਦੀ ਹੈ, ਭੋਲਾ ਭਾ ਭਰੋਸੇ ਨੂੰ ਪੱਕਾ ਕਰਦਾ ਹੈ। ਦ੍ਰਿਸ਼ਟਾਂਤ ਦਾ ਸਦਾ ਇੱਕ ਅੰਗ ਲਈਦਾ ਹੈ। ਇਸ ਕਰਕੇ ਏਥੇ ਬ੍ਰਾਹਮਣ ਦਾ ਛਲ ਤੇ ਧੰਨੇ ਦੀ ਨਾਵਾਕਫ਼ੀ ਨਾਲ ਪ੍ਰਯੋਜਨ ਨਹੀਂ, ਕੇਵਲ ਉਸ ਸੂਖਮ ਵਿਸ਼ਵਾਸ ਦੀ ਅੰਸ ਨਾਲ ਮਤਲਬ ਹੈ, ਜੋ ਧੰਨੇ ਦੇ ਜੀਅ ਵਿੱਚ ਸੱਚ ਮੁੱਚ ਸਮਾ ਗਈ।

ਟੀਕਾਕਾਰ : ਸਿੰਘ ਸਾਹਿਬ ਗਿਆਨੀ ਮਨੀ ਸਿੰਘ
ਸਾਬਕਾ ਹੈਡ ਗ੍ਰੰਥੀ, ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ

SIS GANJ
Published : April 1, 2023
Posting : 5-10 April 2023, LPC, Delhi RMS
Delhi-110006

APRIL 2023

DL (ND)-11/6040/2021-22-2023
U(C)-224/2021-23
RNI 10622/64



ਭਗਤ ਧੰਨਾ ਜੀ

Total Pages : 1 to 64 (With Cover)